# ਗਰਾਮ ਪੰਚਾਇਤ ਦੇ ਚੁਣੇ ਹੋਏ ਪ੍ਰਤੀਨਿਧੀਆਂ ਅਤੇ ਕਰਮਚਾਰੀਆਂ ਦੇ ਸਮਰੱਥਾ ਨਿਰਮਾਣ ਸੰਬੰਧੀ ਮਾਰਗ ਦਰਸ਼ਿਕਾ



ਪੰਚਾਇਤੀ ਰਾਜ

ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD), ਪੰਜਾਬ ਸਰਕਾਰ

ਅਤੇ

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ

# ਸੰਦੇਸ਼



ਭਾਰਤੀ ਦੇਸ਼ਨੂੰ ਵਿਸ਼ਵ ਦਾ ਸਭ ਤੋਂ ਵੱਡਾ ਗਣਰਾਜ ਆਖਿਆ ਜਾਂਦਾ ਹੈ। ਲੋਕਤੰਤਰ ਦੇ ਸੰਦਰਭ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਸਰਗਰਮ ਭੂਮਿਕਾ ਆਪਣੇ ਆਪ ਵਿੱਚ ਇਕ ਅਗਾਂਹਵਧੂ ਕਦਮ ਨਹੀਂ ਸਗੋਂ ਆਮ ਲੋਕਾ ਦੇ ਸ਼ਕਤੀਕਰਨ ਦੀ ਪ੍ਰੀਕਿਰਿਆ ਵੀ ਹੈ। ਇਸ ਪ੍ਰਕਿਰਿਆ ਦੇ ਅੰਤਰਗਤ ਪੰਚਾਇਤੀ ਰਾਜ ਸੰਸਥਾਵਾਂ ਲੋਕਾਂ ਨੂੰ ਨਾਲ ਲੈ ਕੇ ਯੋਜਨਾਬੱਧ ਤਰੀਕੇ ਨਾਲ ਉਲੀਕੀਆਂ ਵਿਕਾਸ ਸੰਭਾਵਨਾਵਾ ਨੂੰ ਹਕੀਕੀ ਰੂਪ ਮਿਲਿਆ ਹੈ। ਇਸ ਹਕੀਕੀ ਰੂਪ ਨੂੰ ਹੀ ਲੋਕ ਭਾਸ਼ਾ ਵਿੱਚ ਲੋਕਾਂ ਲਈ ਲੋਕਾਂ ਵੱਲੋਂ ਅਤੇ ਲੋਕ ਹਿਤ ਵਿਚ ਉਸਾਰੇ ਲੋਕ ਕਾਰਜ ਕਿਹਾ ਜਾਂਦਾ ਹੈ। ਇਹਨਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨ ਦੀ ਸਮੁੱਚੀ ਜ਼ਿੰਮੇਵਾਰੀ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੀ ਗਈ ਹੈ। ਸਵਾਲ ਉਠਦਾ ਹੈ ਕੀ ਇਹ ਸੰਸਥਾਵਾਂ ਸੌਂਪੀਂ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਸਮਰੱਥ ਵੀ ਹਨ? ਪਿਛਲੇ ਤਜਰਬਿਆਂ ਤੋਂ ਪਤਾ ਲੱਗਦਾ ਹੈ ਕਿ ਜਦ ਤੱਕ ਇਹਨਾਂ ਸੰਸਥਾਵਾਂ ਦੇ ਨੁਮਾਇੰਦੇ, ਪ੍ਰਬੰਧਕੀ ਕਾਰਜਕਾਰੀ ਪ੍ਰਸ਼ਾਸਨਿਕ ਤਕਨੀਕੀ ਪਹਿਲੂਆਂ ਦੀ ਜਾਣਕਾਰੀ ਤੋਂ ਵਾਂਝੇ ਹਨ, ਉਦੋਂ ਤਕ ਵਿਕਾਸ ਕਾਰਜ ਸਹੀ ਰੂਪ ਵਿਚ ਸੰਪੂਰਨ ਨਹੀਂ ਹਨ। ਇਸ ਲਈ ਲੋੜ ਹੈ ਕਿ ਇਹਨਾਂ ਨੁਮਾਂਇੰਦਿਆਂ ਦੇ ਸਮਰੱਥਾਂ ਨਿਰਮਾਣ ਨੂੰ ਬਲ ਪ੍ਰਦਾਨ ਕੀਤਾ ਜਾਣਾ, ਜਿਹੜਾ ਕਿ ਸਿੱਖਿਆ ਅਤੇ ਟ੍ਰੇਨਿੰਗ ਰਾਹੀਂ ਹੀ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ, ਸਿਖਿਆ ਅਤੇ ਸਿਖਲਾਈ ਪ੍ਰੋਗਰਾਮ ਨੂੰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਸਾਂਝੇ ਉਪਰਾਲੇ ਨਾਲ ਨੇਪੜੇ ਚਾੜਨ ਵਿੱਚ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ ਕਰਿੱਡ ਚੰਡੀਗੜ੍ਹ ਅਤੇ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾਂ (SIRD) ਮੋਹਾਲੀ ਪੰਜਾਬ ਜੋ ਕਿ ਪਿਛਲੇ ਸਮੇ ਤੋਂ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇਦਿਆਂ ਦੀ ਸਮਰੱਥਾ ਨਿਰਮਾਣ ਲਈ ਸਮੇਂ ਸਮੇਂ ਤੇ ਸਿਖਲਾਈ ਪ੍ਰੋਗਰਾਮ ਉਲੀਕਦੇ ਆ ਰਹੇ ਹਨ ਜੋ ਅੱਜ ਵੀ ਨਿਰੱਤਰ ਜਾਰੀ ਹਨ। ਇਹਨਾਂ ਸਿਖਲਾਈ ਪ੍ਰੋਗਰਾਮਾਂ ਦੌਰਾਨ, ਸਿਖਲਾਈ ਦੇਣ ਖਾਤਰ ਵਿਭਿੰਨ ਮਧਿਅਮਾਂ ਅਤੇ ਵਿਭਿਨ ਕਿਸਮ ਦੀ ਲਿਖਤ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਮੱਗਰੀ ਕਿਤਾਬ ਦੇ ਰੂਪ ਵਿਚ (CRRID) ਅਤੇ SIRDਦੋਹਾਂ ਵਲੋਂ ਤਿਆਰ ਕੀਤੀ ਗਈ ਹੈ। ਮੈਂ ਉਮੀਦ ਕਰਦਾ ਹਾਂ ਕਿ ਇਹ ਕਿਤਾਬਚਾ ਚੁਣੇ ਹੋਏ ਨੁਮਾਇੰਦਿਆਂ, ਗਰਾਮ ਸੰਭਾਵਾਂ ਦੇ ਮੈਂਬਰਾਂ ਅਤੇ ਕਰਮਚਾਰੀਆਂ ਲਈ ਮੀਲ ਪੱਥਰ ਸਾਬਤ ਹੋਵੇਗਾ। ਇਸ ਕਿਤਾਬ ਨੂੰ ਪੜ ਕੇ ਉਹ ਆਪਣੇ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਨ ਲਈ ਯਤਨਸ਼ੀਲ ਹੋਣਗੇ। ਮੇਰਾ ਪੂਰਨ ਵਿਸ਼ਵਾਸ ਹੈ ਕਿ ਇਹ ਸਿਖਲਾਈ ਸਮੱਗਰੀ ਪਿੰਡਾਂ ਦੇ ਵਿਕਾਸ ਅਤੇ ਭਲਾਈ ਦੇ ਕੰਮ ਵਿੱਚ ਰੁਝੇ ਹੋਏ ਸਬੰਧਤ ਵਿਅਕਤੀਆਂ ਨੂੰ ਸਮੇਂ ਸਮੇਂ ਅਤੇ ਪਾਰਦਰਸ਼ਤਾ ਨਾਂਲ ਕੰਮਾਂ ਨੂੰ ਨੇਪੜੇ ਚੜਾਉਣ ਵਿੱਚ ਸਹਾਈ ਹੋਵੇਗੀ।

ਤ੍ਰਿਪਤ ਰਜਿੰਦਰ ਸਿੰਘ ਬਾਜਵਾ
ਕੈਬਨਿਟ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਪੰਜਾਬ ਸਰਕਾਰ।



# ਸੰਦੇਸ਼

ਦੇਸ਼ ਦੇ ਜਮਹੂਰੀ ਢਾਂਚੇ ਚ ਪੰਚਾਇਤਾਂ ਜਮਹੂਰੀਅਤ ਦੀ ਸਭ ਤੋਂ ਹੇਠਲੀ ਕੜੀ ਹਨ, ਇਸ ਬਾਰੇ ਕੋਈ ਦੋ ਰਾਇ ਨਹੀਂ ਕਿ ਪੰਚਾਇਤੀ ਰਾਜ ਸੰਸਥਾਵਾਂ ਦੀ ਜਮਹੂਰੀਅਤ ਵਿੱਚ ਬਹੁਤ ਅਹਿਮ ਭੂਮਿਕਾ ਹੈ। ਕੇਵਲ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਨਹੀਂ ਸਗੋਂ ਸਮਾਜ ਨੂੰ ਚੰਗੀ ਸੇਧ ਦੇਣ ਜਾਂ ਚੰਗੇ ਸਮਾਜ ਦੀ ਸਿਰਜਣਾ ਵਿੱਚ ਇਹਨਾਂ ਸੰਸਥਾਵਾਂ ਦਾ ਅਹਿਮ ਰੋਲ ਹੈ। ਇਸ ਗਤੀਸ਼ੀਲ ਸਮੇਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੇਂ-ਸਮੇਂ ਤੇ ਸਿਖਲਾਈ ਦਿੱਤੀ ਜਾਂਦੀ ਹੈ। ਸਿਖਲਾਈ ਪ੍ਰੋਗਰਾਮਾ ਰਾਹੀਂ ਪੰਚਾਇਤਾਂ ਦੇ ਚੁਣੇ ਹੋਏ ਨੁਮਾਂਇੰਦਿਆਂ ਨੂੰ ਪੰਚਾਇਤੀ ਰਾਜ ਪ੍ਰਬੰਧ, ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਪੇਂਡੂ ਵਿਕਾਸ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (ਐਸ.ਆਈ.ਆਰ.ਡੀ.) ਮੋਹਾਲੀ ਅਤੇ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ) ਚੰਡੀਗੜ੍ਹ ਦੇ ਮਾਹਿਰਾਂ ਵੱਲੋਂ ਲਿਖਤ ਸਮੱਗਰੀ ਤਿਆਰ ਕੀਤੀ ਗਈ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਹ ਸਮੱਗਰੀ ਸਿਖਲਾਈ ਕੈਂਪਾਂ ਰਾਹੀ ਚੁਣੇ ਹੋਏ ਨੁਮਾਇੰਦਿਆਂ ਅਤੇ ਕਰਮਚਾਰੀਆਂ ਤੱਕ ਪਹੁੰਚਾ ਕੇ ਅਤੇ ਉਹਨਾਂ ਨੂੰ ਜਾਗਰੂਕ ਕਰਕੇ ਪਿੰਡਾਂ ਦੇ ਸਰਬ-ਪੱਖੀ ਵਿਕਾਸ ਦੀ ਰਫਤਾਰ ਨੂੰ ਹੋਰ ਤੇਜ਼ ਕਰਨ ਵਿੱਚ ਸਹਾਇਕ ਹੋਵੇਗੀ।

ਅਨੁਰਾਗ ਵਰਮਾ<br>
ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,<br>
ਪੰਜਾਬ ਸਰਕਾਰ।

# ਸੰਦੇਸ਼

ਭਾਰਤ ਦੀ ਕੁੱਲ ਅਬਾਦੀ ਦਾ ਲਗਭਗ ਤਿੰਨ ਚੌਥਾਈ ਹਿੱਸਾ ਅੱਜ ਵੀ ਦਿਹਾਤੀ ਖੇਤਰਾਂ ਵਿੱਚ ਵੱਸਦਾ ਹੈ। ਸਾਡੇ ਸੂਬੇ ਪੰਜਾਬ ਦੀ ਵੀ ਲਗਭਗ ਦੋ ਤਿਹਾਈ ਅਬਾਦੀ ਪਿੰਡਾਂ ਵਿੱਚ ਵੱਸਦੀ ਹੈ। ਇਹਨਾਂ ਦਿਹਾਤੀ ਖੇਤਰਾਂ ਵਿਚਲੇ ਬਹੁਤ ਬਾਰੇ ਖਿੱਤੇ ਅਜੇ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਸਾਡੇ ਪਿੰਡਾਂ ਦਾ ਵਿਕਾਸ ਸਾਡੀਆਂ ਪੰਚਾਇਤਾਂ ਦੁਆਰਾ ਹੀ ਕੀਤਾ ਜਾਂਦਾ ਹੈ। ਭਾਰਤੀ ਸੰਵਿਧਾਨ ਵਿੱਚ 1992 ਦੌਰਾਨ ਕੀਤੀ ਗਈ 73ਵੀਂ ਸੋਧ ਤੋਂ ਬਾਅਦ ਸਾਡੀ ਲੋਕਤੰਤਰੀ ਪ੍ਰਣਾਲੀ ਨੂੰ ਹੋਰ ਵੀ ਭਰਵਾਂ ਹੁੰਗਾਂਰਾ ਮਿਲਿਆ ਹੈ। ਇਹ ਸੋਧਾਂ ਹੇਠਲੇ ਪੱਧਰ ਤੇ ਲੋਕਤੰਤਰ ਨੂੰ ਮਜਬੂਤ ਕਰਨ ਲਈ ਸਮਾਜਿਕ ਨਿਆਂ ਦੇ ਅਨੁਸਾਰ ਆਰਥਿਕ ਵਿਕਾਸ ਦੇ ਸੰਕਲਪ ਨੂੰ ਵਿਹਾਰਕ ਰੂਪ ਦੇ ਕੇ ਦਿਹਾਤੀ ਪੱਧਰ ਤੇ ਚੱਲ ਰਹੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤੀ ਪ੍ਰਦਾਨ ਕਰਦੀਆਂ ਹਨ। ਇਹਨਾਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਸਮੇਂ-ਸਮੇਂ ਸਿਖਲਾਈ ਕੈਂਪਾਂ ਰਾਹੀਂ ਉਹਨਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕਰਕੇ ਉਹਨਾਂ ਨੂੰ ਸਰਬਪੱਖੀ ਵਿਕਾਸ ਦੇ ਯੋਗ ਬਣਾਉਣ ਲਈ ਲਿਖਤ ਸਮੱਗਰੀ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾਂ (ਐਸ.ਆਈ.ਆਰ.ਡੀ.) ਮੋਹਾਲੀ ਅਤੇ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾਂ (ਕਰਿੱਡ) ਚੰਡੀਗੜ੍ਹ ਦੇ ਮਾਹਿਰਾਂ ਵੱਲੋਂ ਤਿਆਰ ਕੀਤੀ ਗਈ ਹੈ। ਇਸ ਵਿੱਚ ਤਿੰਨ ਪੱਧਰ ਦੇ ਚੁਣੇ ਹੋਏ ਨੁਮਾਂਇੰਦਿਆਂ ਲਈ ਅਲੱਗ-ਅਲੱਗ ਦਸਤਾਵੇਜ ਤਿਆਰ ਕੀਤੇ ਗਏ ਹਨ। ਉਸ ਦੇ ਨਾਲ ਹੀ ਕੇਂਦਰ ਅਤੇ ਰਾਜ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਕਿਤਾਬਚਾ ਤਿਆਰ ਕੀਤਾ ਗਿਆ ਹੈ। ਮੈਨੂੰ ਪੂਰਣ ਆਸ ਹੈ ਕਿ ਪੰਚਾਇਤਾਂ ਦੇ ਚੁਣੇ ਹੋਏ ਪ੍ਰਤੀਨਿਧਿਆਂ ਲਈ ਪਿੰਡਾਂ ਦੇ ਬਹੁਪੱਖੀ ਵਿਕਾਸ ਲਈ ਮਹੱਤਵਪੂਰਨ ਸਾਬਤ ਹੋਵੇਗੀ।

ਜਸਕਰਨ ਸਿੰਘ
ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਪੰਜਾਬ ਸਰਕਾਰ।

# ਮੁੱਖ ਬੰਧ

ਆਜ਼ਾਦ ਭਾਰਤ ਦੇ ਇਤਿਹਾਸ ਵਿਚ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਨੇ ਸਾਡੇ ਲੋਕਤੰਤਰ ਨੂੰ ਨਿਖਾਰ ਕੇ ਇਕ ਇਨਕਲਾਬੀ ਦੌਰ ਦੀ ਸ਼ੁਰੂਆਤ ਕੀਤੀ ਹੈ। ਇਹ ਸੋਧਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਵਸਦੇ ਕਰੋੜਾਂ ਬਾਸ਼ਿੰਦਿਆਂ ਲਈ ਇਕ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨਿਕ ਵਿਵਸਥਾ ਪ੍ਰਦਾਨ ਕਰਦੀਆਂ ਹਨ, ਜਿਸ ਦੇ ਅੰਤਰਗਤ ਜਨ-ਸਾਧਾਰਨ ਵਲੋਂ ਕਾਨੂੰਨੀ ਤੌਰ ਤੇ ਸਥਾਪਤ ਕੀਤੀਆਂ ਸੰਸਥਾਵਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਸਮਾਜਿਕ ਨਿਆਂ ਦੇ ਅਦਾਰਸ਼ ਨੂੰ ਮੁੱਖ ਮੰਤਵ ਮੰਨ ਕੇ ਆਪੋ ਆਪਣੇ ਖੇਤਰਾਂ ਦਾ ਆਰਥਿਕ ਵਿਕਾਸ ਕਰਨ ਲਈ ਮੋਢੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਦੇ ਅਣਗੌਲੇ ਵਰਗਾਂ ਨੂੰ ਪ੍ਰਤੀਨਿਧਤਾ ਪ੍ਰਦਾਨ ਕਰਕੇ ਇਹ ਸੰਸਥਾਵਾਂ ਸਾਡੇ ਲੋਕਤੰਤਰੀ ਢਾਂਚੇ ਵਿਚ ਚੁਸਤ ਅਤੇ ਗਤੀਸ਼ੀਲਲੀਡਰਸ਼ਿੱਪ ਦੇ ਵਿਗਸਣ ਦੀਆਂ ਸੰਭਾਵਨਾਵਾਂ ਵੀ ਉਜਾਗਰ ਕਰ ਰਹੀਆਂ ਹਨ।

ਜੇਕਰ ਦਿਹਾਤੀ ਪੱਧਰ ਦੀਆਂ ਸੰਸਥਾਵਾਂ ਦੀ ਹੀ ਗੱਲ ਕਰੀਏ ਤਾਂ ਸਾਡੇ ਪ੍ਰਾਂਤ ਪੰਜਾਬ ਵਿਚ 13,040 ਦੇ ਕਰੀਬ ਗਰਾਮ ਪੰਚਾਇਤਾਂ, 148 ਪੰਚਾਇਤ ਸੰਮਤੀਆਂ ਅਤੇ 22 ਜ਼ਿਲ੍ਹਾ ਪ੍ਰੀਸ਼ਦਾਂ ਦੇ ਲਗਭਗ ਇੱਕ ਲੱਖ ਦੇ ਕਰੀਬਨੁਮਾਂਇੰਦਿਆਂ ਦੀ ਚੋਣ ਸਾਡੀਆਂ ਗਰਾਮ ਸਭਾਵਾਂ ਨੇ ਕੀਤੀ ਹੈ।

ਪੰਜਾਬ ਸਰਕਾਰਹਮੇਸ਼ਾ ਹੀ ਪੰਚਾਇਤੀ ਰਾਜ ਸੰਸਥਾਵਾਂ ਦੀ ਗਤੀਸ਼ੀਲ ਕਾਰਗੁਜ਼ਾਰੀ ਲਈ ਯਤਨਸ਼ੀਲ ਰਹੀ ਹੈ। ਇਹਨਾ ਯਤਨਾਂ ਵਜੋਂ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD) ਸਮੇਂ ਸਮੇਂ ਤੇ ਆਪਣੇ ਵਲੋਂ ਅਤੇ ਇਸ ਖੇਤਰ ਵਿਚ ਕਾਰਜਸ਼ੀਲ ਸੰਸਥਾਵਾਂ ਨਾਲ ਮਿਲ ਕੇ ਇਹਨਾਂ ਚੁਣੇ ਹੋਏਨੁਮਾਇੰਦਿਆਂ ਨੂੰ ਦਿਹਾਤੀ ਵਿਕਾਸ ਲਈ ਲੋੜੀਂਦੇ ਪ੍ਰਬੰਧਕੀ ਤਕਨੀਕੀ ਅਤੇ ਸੰਵਿਧਾਨਿਕ ਨੁਕਤਿਆਂ ਬਾਬਤ ਜਾਗਰੂਕ ਕਰਦੀ ਰਹਿੰਦੀ ਹੈ। ਇਸ-ਜਾਗਰੂਕਤਾ ਮੁਹਿੰਮ ਦੇ ਅੰਤਰਗਤ ਪਿੰਡ, ਬਲਾਕ ਪੱਧਰੀ, ਜ਼ਿਲ੍ਹਾ ਅਤੇ ਰਾਜ ਪੱਧਰੀ ਸਿੱਖਿਆ ਅਤੇ ਟ੍ਰੇਨਿੰਗ ਪ੍ਰੋਗਰਾਮ ਉਲੀਕੇ ਜਾਂਦੇ ਹਨ। ਇਹਨਾਂ ਪ੍ਰੋਗਰਾਮਾਂ ਦੌਰਾਨ ਸਿਖਲਾਈ ਦੇਣ ਖਾਤਰਵੱਖ-ਵੱਖ ਮਾਧਿਅਮਾਂ ਅਤੇ ਵੱਖ-ਵੱਖ ਕਿਸਮ ਦੀ ਲਿਖਤ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਲਿਖਤ ਸਮੱਗਰੀ ਕਿਤਾਬਚੇ ਅਤੇ ਪੈਂਫਲਟਾਂ ਦੇ ਰੂਪ ਵਿਚ ਸਿਖਲਾਈ ਵਿਚ ਹਿੱਸਾ ਲੈ ਰਹੇ ਨੁਮਾਇੰਦਿਆਂ ਨੂੰ ਵੰਡੀਜਾਂਦੀ ਹੈ। ਇਸ ਲਿਖਤ ਸਮੱਗਰੀ ਨੂੰ ਤਿਆਰ ਕਰਨ ਦਾ ਕਾਰਜ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕੱਰਿਡ) ਚੰਡੀਗੜ੍ਹ ਨੂੰ ਸੌਂਪਿਆ ਗਿਆ ਸੀ ਜੋ ਕਿ ਇਸ ਸੰਸਥਾਂ ਦੇ ਮਾਹਰਾਂ ਨੇ SIRD ਦੇ ਮਾਹਰਾਂ ਅਤੇ ਹੋਰ ਰਾਜ ਪੱਧਰ ਦੇ ਅਧਿਕਾਰੀਆਂ ਨਾਂਲ ਸਲਾਹ ਮਸ਼ਵਰੇ ਤੋਂ ਬਾਅਦ ਤਿਆਰ ਕੀਤੀ ਹੈ। ਮੈਂ ਉਮੀਦ ਕਰਦੀ ਹਾਂ ਕਿ ਇਹਸਿਖਲਾਈ ਸਮੱਗਰੀ ਅਤੇ ਜਾਣਕਾਰੀ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਂਇੰਦਿਆਂ, ਕਰਮਚਾਰੀਆਂ ਅਤੇ ਗਰਾਮ ਸਭਾਵਾਂ ਦੇ ਮੈਬਰਾਂ ਲਈ ਸਾਰਥਕ ਸਿੱਧ ਹੋਵੇਗੀ ਅਤੇ ਸਰਬਪੱਖੀ ਵਿਕਾਸ ਵਿੱਚ ਲਗਾਤਾਰਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਬਾਰੇ ਚੇਤੰਨਤਾ ਲਿਆਉਣ ਵਿੱਚ ਸਹਾਈ ਹੋਵੇਗੀ।

ਡਾ. ਰੋਜ਼ੀ ਵੈਦ<br>
ਮੁਖੀ ਅਤੇ ਚੀਫ ਕੋਆਰਡੀਨੇਟਰ<br>
ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ, ਮੋਹਾਲੀ

## ਸਾਡਾ ਉਦੇਸ਼

### ਪੰਚਾਇਤੀ ਰਾਜ ਸੰਸਥਾਵਾਂ ਦੀ ਮਜ਼ਬੂਤੀ

ਸਾਡਾ ਜਮਹੂਰੀ ਅਤੇ ਧਰਮ ਨਿਰਪੱਖ ਗਣਤੰਤਰ ਵਿਭਿੰਨ ਰੰਗਾਂ ਨਾਲ ਲਬਰੇਜ਼ ਇੱਕ ਖੁਸ਼ਬੂਦਾਰ ਫੁੱਲ ਦੀ ਤਰ੍ਹਾਂ ਹੈ। ਭਾਰਤ ਰੂਪੀ ਇਹ ਫੁੱਲ ਵਿਭਿੰਨ ਧਰਮਾਂ, ਜਾਤਾਂ, ਨਸਲਾਂ ਅਤੇ ਬੋਲੀਆਂ ਨੂੰ ਆਪਣੇ ਵਿਚ ਸਮੋ ਕੇ ਹਰ ਪਾਸੇ ਖੁਸ਼ਬੂ ਵੰਡਦਾ ਹੈ। ਇਸ ਟਹਿਕਦੇ ਫੁੱਲ ਦੀ ਭੱਲ ਉਦੋਂ ਸਿਖਰਾਂ ਤੇ ਪੁੱਜ ਗਈ ਜਦੋਂ ਭਾਰਤੀ ਸੰਵਿਧਾਨ ਵਿਚ 73ਵੀਂ ਅਤੇ 74ਵੀਂ ਸੋਧ ਰਾਹੀਂ ਮੁਲਕ ਵਿਚ ਵਸਦੇ ਕਰੋੜਾਂ ਬਾਸ਼ਿੰਦਿਆ ਨੂੰ ਗੁਰਬਾਣੀ ਦੇ ਕਥਨ ਅਪਣੇ ਹੱਥੀਂ ਆਪਨੜਾ ਆਪੇ ਹੀ ਕਾਜੁ ਸਵਾਰੀਐ ਅਨੁਸਾਰ ਆਪਣੀਆਂ ਸਰਕਾਰਾਂ ਦੀ ਸਥਾਪਨਾ ਕਰਨ ਲਈ ਕਾਨੂੰਨੀ ਤੌਰ ਤੇ ਅਧਿਕਾਰਤ ਕਰ ਦਿੱਤਾ ਗਿਆ। ਇਹਨਾਂ ਸੋਧਾਂ ਰਾਹੀ ਔਰਤਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਸਥਾਨਕ ਸਰਕਾਰਾਂ ਵਿਚ ਚੇਅਰਪਰਸਨਜ਼ ਵਜੋਂ ਰਾਖਵਾਂਕਰਨ ਪ੍ਰਦਾਨ ਕਰਕੇ ਇਹਨਾਂ ਸਮੂੰਹਾਂ ਦੇ ਸ਼ਕਤੀਕਰਨ ਨੂੰ ਉਭਾਰਿਆ ਗਿਆ ਹੈ। ਸਾਡੀਆਂ ਸਥਾਨਕ ਸਰਕਾਰਾਂ ਲੋਕਤੰਤਰ ਦੀ ਪੌੜੀ ਦਾ ਮੁੱਢਲਾ ਪੜਾਅ ਹਨ। ਜੇਕਰ ਅਸੀਂ ਇਸ ਪੌੜੀ ਦੇ ਸਿਖਰਲੇ ਪੜਾਅ ਤੇ ਪਹੁੰਚਣਾ ਹੈ ਤਾਂ ਇਹਨਾਂ ਸੰਸਥਾਵਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਬਲ ਬਖਸ਼ਣਾ ਸਮੇਂ ਦੀ ਮੁੱਢਲੀ ਲੋੜ ਹੈ। ਇਹਨਾ ਦੀ ਮਜ਼ਬੂਤੀ ਲਈ ਇਹਨਾਂ ਸੰਸਥਾਵਾਂ ਨਾਲ ਸਬੰਧਤ ਨੁੰਮਾਇੰਦਿਆਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਜਾਗਰੂਕ ਅਤੇ ਸਿਖਿਅਤ ਕਰਨਾ ਹੋਰ ਵੀ ਮਹੱਤਵਪੂਰਨ ਹੈ। ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ, ਕਰਮਚਾਰੀਆਂ ਲਈ ਪ੍ਰਾਦੇਸਿਕ ਦਿਹਾਤੀ ਵਿਕਾਸ ਸੰਸਥਾ (SIRD) ਪੰਜਾਬ ਦੇ ਸਹਿਯੋਗ ਨਾਲ ਲਿਖਤ ਸਮੱਗਰੀ ਤਿਆਰ ਕੀਤੀ ਹੈ। ਉਮੀਦ ਹੈ ਕਿ ਇਹ ਦਸਤਾਵੇਜ਼ ਸਾਡੇ ਸਰਬਪੱਖੀ ਵਿਕਾਸ ਲਈ ਸਾਰਥਿਕ ਸਿਧ ਹੋਵੇਗਾ।

ਡਾ. ਰਸ਼ਪਾਲ ਮਲਹੋਤਰਾ
ਕਾਰਜਕਾਰੀ ਵਾਈਸ ਚੇਅਰਮੈਨ

# ਮੁੱਖ ਬੰਧ

ਅਜੋਕੇ ਵਿਸ਼ਵ ਪੱਧਰੀ ਮੰਦੇ ਦੇ ਵਰਤਾਰੇ ਨੇ ਸਮੁੱਚੇ ਵਿਸ਼ਵ ਨੂੰ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਪਰਕ੍ਰਿਆ ਪ੍ਰਤੀ ਸ਼ੱਕੀ ਬਣਾ ਦਿਤਾ ਹੈ। ਪਿਛਲੀ ਸਦੀ ਦੇ ਅੰਤਲੇ ਦਹਾਕੇ ਵਿਚ ਇਸ ਪਹੁੰਚ ਵਿਧੀ ਨੂੰ ਅਤਿ ਮਹੱਤਵ ਦੇ ਕੇ ਇਹ ਉਮੀਦ ਜਾਹਰ ਕੀਤੀ ਜਾਂਦੀ ਰਹੀ ਕਿ ਵਿਸ਼ਵੀਕਰਨ ਦੇ ਇਸ ਵਰਤਾਰੇ ਨਾਲ ਸਮੁੱਚਾ ਵਿਸ਼ਵ ਇਕ ਪਿੰਡ ਦੀ ਤਰ੍ਹਾਂ ਵਿਚਰਦਾ ਹੋਇਆ ਦੁਨੀਆਂ ਦੇ ਵਿਭਿੰਨ ਮੁਲਕਾਂ ਦੇ ਆਰਥਿਕ ਵਿਕਾਸ ਦਰ ਵਿਚ ਤੇਜੀ ਲਿਆਉਣ ਦੇ ਨਾਲ ਨਾਲ ਉਹਨਾਂ ਮੁਲਕਾਂ ਦੇ ਸਮਾਜਿਕ, ਰਾਜਨੀਤਿਕ, ਭੂਗੋਲਿਕ ਅਤੇ ਨੈਤਿਕ ਸਰੋਕਾਰਾਂ ਨੂੰ ਵੀ ਮਾਨਵ ਪੱਖੀ ਬਣਾਉਣ ਵਿਚ ਬਣਦਾ ਯੋਗਦਾਨ ਪਾਵੇਗਾ। ਪ੍ਰੰਤੂ ਇਹ ਵਰਤਾਰਾ ਦੋ ਦਹਾਕਿਆਂ ਵਿਚ ਹੀ ਆਪਣਾ ਭਰੋਸਾ ਖੋ ਬੈਠਾ ਹੈ।

ਮੰਦੇ ਦੇ ਇਸ ਵਰਤਾਰੇ ਨੇ ਹਰੇਕ ਨੂੰ ਇਹ ਅਹਿਸਾਸ ਕਰਵਾ ਦਿਤਾ ਹੈ ਕਿ ਜਨਤਕ ਖੇਤਰ ਨੂੰ ਅਣਗੌਲਿਆ ਕਰਕੇ ਨਿੱਜੀ ਖੇਤਰ ਉਤੇ ਉਮੀਦ ਰੱਖਣੀ ਆਰਥਿਕ ਪੱਖੋਂ ਹੀ ਕਾਰਗਰ ਨਹੀਂ ਸਗੋਂ ਇਹ ਸਮਾਜਿਕ ਸੰਤੁਲਨ ਲਈ ਵੀ ਸਹੀ ਨਹੀਂ ਹੈ। ਨਿੱਜੀ ਖੇਤਰ ਬਹੁ ਕੌਮੀ ਕਾਰਪੋਰੇਸ਼ਨਾਂ ਜਾਂ ਕਾਰਪੋਰੇਟ ਸੈਕਟਰ ਦੇ ਰੂਪ ਵਿਚ ਆਮ ਆਰਥਿਕ ਸਮਾਨਤਾ ਨੂੰ ਅਣਗੌਲਿਆ ਤਾਂ ਕਰਦਾ ਹੀ ਹੈ ਸਗੋਂ ਮਨੁੱਖ ਦੇ ਰਾਜਨੀਤਕ, ਸਮਾਜਿਕ, ਸਭਿਆਚਾਰਕ, ਅਕਾਦਮਿਕ ਅਤੇ ਨੈਤਿਕ ਸਰੋਕਾਰਾਂ ਦਾ ਵੀ ਘਾਣ ਕਰਦਾ ਹੈ। ਨੋਬਲ ਇਨਾਮ ਜੇਤੂ ਪ੍ਰਸਿੱਧ ਅਰਥ ਸ਼ਾਸਤਰੀ ਜੋਸਫ ਸਟਿਗਲਿਟਸ ਦੀ ਪ੍ਰਧਾਨਗੀ ਹੇਠ ਸੰਯੁਕਤ ਰਾਸ਼ਟਰ ਵਲੋ ਸਥਾਪਿਤ **ਕਮਿਸ਼ਨ** ਦੀ 2009 ਦੀ ਰਿਪੋਰਟ (ਜਿਹੜੀ ਇਕ ਕਿਤਾਬਚੇ ਦੇ ਰੂਪ ਵਿਚ 2010 ਵਿਚ ਪ੍ਰਕਾਸ਼ਿਤ ਹੋਈ ਹੈ ਵੀ ਉਪਰੋਕਤ ਤੱਥਾਂ ਦੀ ਪ੍ਰੋੜਤਾ ਕਰਦੀ ਹੈ। ਅਸਲ ਵਿਚ ਵਿਸ਼ਵੀ ਕਰਨ ਦੀ ਪਰਕ੍ਰਿਆ ਨੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪੁੱਠਾ ਗੇੜਾ ਦੇ ਕੇ ਆਮ ਲੋਕਾਈ ਨੂੰ ਘੋਰ ਸੰਕਟ ਵਿਚ ਪਾ ਦਿਤਾ ਹੈ। ਇਸ ਸੰਕਟ ਵਿਚੋ ਨਿਕਲਣ ਖਾਤਰ ਅੱਜ ਵਿਸ਼ਵ ਪੱਧਰ ਤੇ ਤਰਤੀਬਾਂ ਲੱਭੀਆਂ ਜਾ ਰਹੀਆਂ ਹਨ। ਪ੍ਰੰਤੂ ਇਸ ਸੰਕਟ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜਨਤਕ ਖੇਤਰ ਅਤੇ ਆਮ ਲੋਕਾਂ ਦੀ ਭਰਵੀਂ ਸ਼ਮੂਲੀਅਤ ਤੋਂ ਬਗੈਰ ਵਿਸ਼ਵ ਦਾ ਕੋਈ ਵੀ ਮੁਲਕ ਮਾਨਵੀਂ ਪੱਖਾਂ ਤੋਂ ਪੂਰਨ ਤਰੱਕੀ ਨਹੀਂ ਕਰ ਸਕਦਾ। ਇਸ ਲਈਜਰੂਰੀ ਹੈ ਕਿ ਲੋਕਤੰਤਰੀ ਸੰਸਥਾਵਾਂ ਨੂੰ ਆਪੋ ਆਪਣੇ ਮੁਲਕਾਂ ਦੇ ਸੰਗਠਿਤ ਵਿਕਾਸ ਲਈ ਇਕ ਗਾਡੀ ਰਾਹ ਵਜੋਂ ਵਰਤਿਆ ਜਾਵੇ।

ਭਾਰਤੀ ਗਣਰਾਜ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਆਖਿਆ ਜਾਂਦਾ ਹੈ। ਵਜ੍ਹਾ ਸਪੱਸ਼ਟ ਹੈ ਕਿ ਬਹੁਤ ਸਾਰੀਆਂ ਔਕੜਾਂ ਅਤੇ ਦਿਕਤਾਂ ਦੇ ਬਾਵਜੂਦ ਸਾਡੀ ਲੋਕਤੰਤਰੀ ਪ੍ਰਣਾਲੀ ਅਜੇ ਵੀ ਕਾਫੀ ਕਾਰਜਸ਼ੀਲ ਹੈ। ਭਾਰਤੀ ਸੰਵਿਧਾਨ ਵਿਚ 1992 ਦੌਰਾਨ ਕੀਤੀ ਗਈ 73ਵੀਂ ਅਤੇ 74ਵੀਂ ਸੋਧ ਤੋਂ ਬਾਅਦ ਤਾਂ ਸਾਡੀ ਲੋਕਤੰਤਰੀ ਪ੍ਰਣਾਲੀ ਨੂੰ ਹੋਰ ਵੀ ਭਰਵਾਂ ਹੁਲਾਰਾ ਮਿਲਿਆ ਹੈ। ਇਹ ਸੋਧਾਂ ਹੇਠਲੇ ਪੱਧਰ ਤੇ ਲੋਕਤੰਤਰ ਨੂੰ ਮਜਬੂਤ ਕਰਨ ਲਈ ਸਮਾਜਿਕ ਨਿਆਂ ਦੇ ਅਨੁਸਾਰ ਆਰਥਿਕ ਵਿਕਾਸ ਦੇ ਸੰਕਲਪ ਨੂੰ ਵਿਹਾਰਕ ਰੂਪ ਦੇ ਕੇ ਦਿਹਾਤੀ ਪੱਧਰ ਤੇ ਵਿਚਰ ਰਹੀਆਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਪੱਧਰ ਤੇ ਕਾਰਜਸ਼ੀਲ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੰਵਿਧਾਨਿਕ ਮਜਬੂਤੀ ਪ੍ਰਦਾਨ ਕਰਦੀਆਂ ਹਨ। ਇਹਨਾਂ ਸੋਧਾਂ ਨੇ ਬਹੁਪੱਧਰੀ ਵਿਕੇਂਦਰੀਕ੍ਰਿਤ ਯੋਜਨਾਬੰਦੀ ਪਰਕ੍ਰਿਆ ਵਿਚ ਆਮ ਮਨੁੱਖ ਦੀ ਸਮੂਲੀਅਤ ਨੂੰ ਯਕੀਨੀ ਬਣਾਉਣ ਦੀ ਗੱਲ ਕੀਤੀ ਹੈ। ਇਸ ਦੇ ਨਾਲ-ਨਾਲਭਾਰਤੀ ਸਮਾਜ ਦੇ ਸਦੀਆਂ ਤੋਂ ਅਣਗੌਲੇ ਵਰਗਾਂ ਭਾਵ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਅਤੇ ਔਰਤਾਂ ਨੂੰ ਇਹਨਾਂ ਸੰਸਥਾਵਾਂ ਦੇ ਮੋਹਤਬਰਾਂ ਵਜੋਂ ਵਿਚਰਨ ਦਾ ਮੌਕਾ ਵੀ ਦਿਤਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਜੇ ਵੀ ਸਾਡੇ ਸਮਾਜ ਵਿੱਚ ਆਰਥਿਕ ਨਾਬਰਾਬਰੀ ਵੱਡੇ ਪੱਧਰ ਤੇ ਮੌਜੂਦ ਹੈ, ਸਮਾਜਿਕ ਖੇਤਰਾਂ ਜਿਵੇਂ ਕਿ ਸਿੱਖਿਆ, ਸਿਹਤ, ਪੀਣ ਵਾਲੇ ਪਾਣੀ ਜਿਹੀਆਂ ਸਹੂਲਤਾਂ ਖੁਣੋ ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿਚ ਵਸਦੀ ਲੋਕਾਈ ਅਜੇ ਵੀ ਫਾਡੀ ਹੈ, ਭਰਵੀ ਤਦਾਦ ਵਿਚ ਔਰਤ ਵਰਗ ਆਪਣੇ ਹੱਕਾਂ ਹਕੂਕਾਂ ਤੋਂ ਮਰਹੂਮ ਹੈ, ਅਤੇ ਸਾਡੀ ਸੌੜੀ ਵਿਕਾਸ ਨੀਤੀ ਨੇ ਸਾਡੇ ਵਾਤਾਵਰਣ ਦੇ ਸੰਤੁਲਨ ਨੂੰ ਵਿਗਾੜਿਆ ਹੈ, ਇਸ ਤੋਂ ਇਲਾਵਾਂ ਵੀ ਅਸੀ ਹੋਰ ਬਹੁਤ ਸਾਰੇ ਘੋਰ ਸੰਕਟਾਂ ਨਾਂਲ ਜੂਝ ਰਹੇ ਹਾਂ। ਪ੍ਰੰਤੂ ਇਹਨਾਂ ਸੰਕਟਾਂ ਦੀ ਨਿਵਰਤੀ ਲਈ ਸਥਾਨਕ ਸਰਕਾਰਾਂ ਨੂੰ ਮਜਬੂਤੀ ਪ੍ਰਦਾਨ ਕਰਨ ਦੀ ਪਰਕਿਰਿਆ ਨੇ ਸਾਡੇ ਸਾਰਿਆਂ ਲਈ ਆਸ ਦੀ ਕਿਰਨ ਜਗਾਈ ਹੈ।

ਸਵਾਲ ਉਠਦਾ ਹੈ ਕਿ ਸਥਾਨਕ ਸਰਕਾਰਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਨੂੰ ਆਪਣੀ ਵਧੀਆਂ ਕਾਰਗੁਜਾਰੀ ਦਿਖਾਉਣ ਲਈ ਕਿਵੇਂ ਮਜਬੂਤ ਕੀਤਾ ਜਾਵੇ? ਇਸ ਲਈ ਸਭ ਤੋ ਵੱਡੀ ਜ਼ਰੂਰਤ ਹੈ ਕਿ ਇਹਨਾਂ ਸੰਸਥਾਵਾਂ ਦੇ ਚੁਣੇ ਹੋਏ ਨੁੰਮਾਇੰਦਿਆਂ ਅਤੇ ਗਰਾਮ ਸਭਾਵਾਂ ਦੇ ਮੈਂਬਰਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਦੇ ਨਾਂਲ ਹੇਠਲੇ ਪੱਧਰ ਤੇ ਕੀਤੇ ਜਾ ਰਹੇ ਸਰਕਾਰੀ ਅਤੇ ਗੈਰ ਸਰਕਾਰੀ ਯਤਨਾਂ, ਜਿਹਨਾਂ ਵਿਚ ਸਮੂਹ ਲੋਕਾਂ ਦੀ ਭਾਗੀਦਾਰੀ ਵੀ ਹੋਵੇ, ਬਾਬਤ ਸਿੱਖਿਆ ਅਤੇ ਸਿਖਲਾਈ ਰਾਹੀ ਜਾਗਰੂਕ ਕੀਤਾ ਜਾਵੇ। ਉਸ ਤੋਂ ਵੀ ਜ਼ਿਆਦਾ ਜ਼ਰੂਰੀ ਹੈ ਕਿ ਆਮ ਲੋਕਾਂ ਨੂੰ ਜੋ ਇਨ੍ਹਾਂ ਸੰਸਥਾਵਾਂ ਦੇ ਧਰਾਤਲ ਹਨ, ਇਹਨਾਂ ਸੰਸਥਾਵਾਂ ਵਿਚ ਉਹਨਾਂ ਦੀ ਸ਼ਮੂਲਿਅਤ ਅਤੇ ਇਹਨਾਂ ਦੀ ਨਿਗਰਾਨੀ ਕਰਨ ਬਾਰੇ ਜਾਗਰੂਕ ਕੀਤਾ ਜਾਵੇ।

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ) ਲੰਮੇ ਸਮੇਂ ਤੋਂ ਸਿੱਖਿਆ ਅਤੇ ਸਿਖਲਾਈ ਦੇ ਇਸ ਕਾਰਜ ਨੂੰ ਇਕ ਉਦੇਸ਼ ਵਜੋਂ ਨਿਭਾ ਰਹੀ ਹੈ। ਇਹ ਸੰਸਥਾ ਲੋਕਾਂ ਦੀ ਬੇਹਤਰੀ ਪ੍ਰਤੀ ਹਮੇਸ਼ਾ ਹੀ ਪ੍ਰਤੀਬੱਧ ਰਹੀ ਹੈ। ਇਸੇ ਸਿਲਸਿਲੇ ਨੂੰ ਹੋਰ ਅੱਗੇ ਤੋਰਦਿਆਂ ਸਾਡੀ ਸੰਸਥਾ ਵਲੋ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਨੁਮਾਇੰਦਿਆਂ ਦੇ ਗਿਆਨ ਵਿਚ ਹੋਰ ਵਾਧਾ ਕਰਨ ਲਈ ਇਹ ਕਿਤਾਬਚਾ ਤਿਆਰ ਕੀਤਾ ਗਿਆ ਹੈ। ਇਸ ਕਿਤਾਬਚੇ ਵਿਚ ਦਿਹਾਤੀ ਪੱਧਰ ਦੇ ਸਮੁੱਚੇ ਸਰੋਕਾਰਾਂ ਨੂੰ ਨਿਯਮਬੱਧ ਤਰੀਕੇ ਨਾਲ ਪ੍ਰੇਰਿਆ ਗਿਆ ਹੈ। ਮੈਨੂੰ ਪੂਰਨ ਉਮੀਦ ਹੈ ਕਿ ਇਹ ਕਿਤਾਬਚਾ ਸਾਡੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਗਏ ਨੁਮਾਂਇੰਦਿਆਂ ਅਤੇ ਗਰਾਮ ਸਭਾਵਾਂ ਦੇ ਮੈਬਰਾਂ ਨੂੰ ਜਾਣਕਾਰੀ ਪ੍ਰਦਾਨ ਕਰਕੇ ਉਹਨਾਂ ਦੇ ਗਿਆਨ ਵਿਚ ਹੋਰ ਵਾਧਾ ਕਰੇਗਾ।

**ਪ੍ਰੋ ਸੁਖਪਾਲ ਸਿੰਘ**
ਡਾਇਰੈਕਟਰ ਜਨਰਲ
ਸੈਂਟਰ ਫਾਰ ਰੀਸਰਚ ਇੰਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕਰਿੱਡ)

# ਧੰਨਵਾਦ

ਸੌਂਪੇ ਗਏ ਕਿਸੇ ਕਾਰਜ ਨੂੰ ਨੇਪਰੇ ਚਾੜਨ ਦੀ ਪਰਕਿਰਿਆ ਦੌਰਾਨ ਕਿਸੇ ਵਿਅਕਤੀ ਜਾਂ ਸੰਸਥਾ ਵਲੋਂ ਪਾਏ ਯੋਗਦਾਨ ਅਤੇ ਦਿੱਤੀ ਗਈ ਹੱਲਾਸ਼ੇਰੀ ਬਦਲੇ ਉਸ ਵਿਅਕਤੀ ਜਾਂ ਸੰਸਥਾ ਦਾ ਧੰਨਵਾਦ ਕਰਨ ਨੂੰ ਅਕਸਰ ਹੀ ਇੱਕ ਸਰਵ-ਵਿਆਪੀ ਰੀਤ ਅਤੇ ਰਿਵਾਜ ਮੰਨਿਆ ਜਾਂਦਾ ਹੈ। ਪ੍ਰੰਤੂ ਇਥੇ ਇਸ ਕਾਰਜ ਦੇ ਸਬੰਧ ਵਿਚ ਕੀਤਾ ਜਾ ਰਿਹਾ ਧੰਨਵਾਦ ਨਾ ਹੀ ਇਕ ਰੀਤ ਹੈ ਅਤੇ ਨਾ ਹੀ ਇਕ ਵਿਹਾਰ, ਹੈ, ਇਹ ਇਕ ਪ੍ਰਤੱਖ ਸਚਾਈ ਹੈ ਕਿ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਗਰਾਮ ਸਭਾਵਾਂ ਦੇ ਮੈਂਬਰਾਂ ਨੂੰ ਸਿਖਲਾਈ ਦੇਣ ਸਬੰਧੀ ਤਿਆਰ ਕੀਤਾ ਇਹ ਕਿਤਾਬਚਾ ਪੰਜਾਬ ਰਾਜ ਦੀ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD) ਅਤੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਸਰਕਾਰ ਵਲੋਂ ਪ੍ਰਦਾਨ ਵਿੱਤੀ, ਅਕਾਦਮਿਕ ਅਤੇ ਤਕਨੀਕੀ ਸਹਾਇਤਾ ਤੋਂ ਬਗੈਰ ਕਦੇ ਵੀ ਪੂਰਾ ਨਹੀ ਸੀ ਹੋ ਸਕਦਾ। ਇਸ ਲਈ ਅਸੀ ਮਦਦ ਅਤੇ ਸਹਿਯੋਗ ਬਦਲੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸਤਿਕਾਰਯੋਗ ਸ੍ਰੀ ਅਨੁਰਾਗ ਵਰਮਾ ਅਤੇ ਸ੍ਰੀ ਸੀ. ਸਿਬਨ, ਡਾਇਰੈਕਟਰ ਜੀ ਦੇ ਅਤਿ ਧੰਨਵਾਦੀ ਹਾਂ।

ਇਸ ਕਾਰਜ ਨੂੰ ਨੇਪਰੇ ਚਾੜ੍ਹਨ ਖਾਤਰ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD), ਪੰਜਾਬ ਸਰਕਾਰ ਦੇ ਮੁਖੀ ਡਾ. ਰੋਜ਼ੀ ਵੈਦ ਸ੍ਰੀ ਇਰਵਿੰਦਰ ਪਾਲ ਸਿੰਘ ਜੋਧਕਾ, ਐਸੋਸੀਏਟ ਪ੍ਰੋਫੈਸਰ, ਅਤੇ ਅਤੇ ਸ੍ਰੀ ਗੁਰਮੇਜ ਸਿੰਘ ਢਿਲੋਂ ਸਰੋਤਮਾਹਰ ਵਲੋ ਜੋ ਅਕਾਦਮਿਕ ਸੇਧ ਪ੍ਰਦਾਨ ਕੀਤੀ ਗਈ ਹੈ ਉਸ ਬਦਲੇ ਉਹਨਾਂ ਦੀ ਪ੍ਰਸੰਸਾ ਵਿਚ ਜਿੰਨੇ ਸ਼ਬਦ ਕਹੇ ਜਾਣ ਬਹੁਤ ਥੋੜੇ ਹਨ। ਅਸੀ ਉਹਨਾਂ ਦੇ ਬਹੁਤ ਹੀ ਆਭਾਰੀ ਹਾਂ।

ਦਿਹਾਤੀ ਅਤੇ ਸਨਅਤੀ ਖੋਜ ਵਿਕਾਸ ਸੰਸਥਾ (ਕਰਿੱਡ) ਸੰਸਥਾ ਦੇ ਮੋਢੀ ਅਤੇ ਕਾਰਜਕਾਰੀ ਵਾਈਸ ਚੈਅਰਮੈਨ ਡਾ.ਰਸ਼ਪਾਲ ਮਲਹੋਰਤਰਾ ਜੀ ਦੀ ਅਗਵਾਈ ਅਤੇ ਹੱਲਾਸ਼ੇਰੀ ਸਾਨੂੰ ਹਮੇਸ਼ਾ ਹੀ ਆਮ ਲੋਕਾਈ ਦੀ ਸੇਵਾ ਵੱਲ ਨੂੰ ਤੋਰਦੀ ਹੈ। ਇਸ ਕਿਤਾਬਚੇ ਨੂੰ ਤਿਆਰ ਕਰਨ ਵਕਤ ਉਹਨਾਂ ਵਲੋਂ ਦਿਤੀ ਸਰਪ੍ਰਸਤੀ ਸਾਡੇ ਲਈ ਜ਼ਿੰਦਗੀ ਭਰ ਦੀ ਅਭੁੱਲ ਯਾਦ ਬਣ ਗਈ ਹੈ। ਅਸੀਂ ਉਹਨਾਂ ਦੇ ਉਮਰ ਭਰ ਲਈ ਰਿਣੀ ਹਾਂ। ਕਰਿੱਡ ਸੰਸਥਾ ਦੇ ਡਾਇਰੈਕਟਰ ਜਰਨਲ ਪ੍ਰੋ ਸੁਖਪਾਲ ਸਿੰਘ ਜੀ ਜੋ ਵਰਤਮਾਨ ਸਮੇਂ ਦੀਆਂ ਆਰਥਿਕ ਗਤੀਵਿਧੀਆਂ ਅਤੇ ਦਿਹਾਤੀ ਵਿਕਾਸ ਪਰਕਿਰਿਆਵਾਂ ਨੂੰ ਹਮੇਸ਼ਾ ਲੋਕ ਪੱਖੀ ਨਜ਼ਰੀਏ ਤੋਂ ਘੋਖਦੇ ਅਤੇ ਵਾਚਦੇ ਹਨ, ਦਿੱਤਾ ਗਿਆ ਥਾਪੜਾ ਸਾਡੀ ਸੋਚ ਨੂੰ ਹੋਰ ਉਸਾਰੂ ਬਣਾਉਣ ਲਈ ਵਰਦਾਨ ਸਿੱਧ ਹੋਇਆ ਹੈ। ਉਹਨਾਂ ਪ੍ਰਤੀ ਸਾਡੇ ਮਨ ਵਿਚ ਬਹੁਤ ਹੀ ਸਤਿਕਾਰ ਹੈ। ਅਸੀ ਉਹਨਾਂ ਦੇ ਬਹੁਤ ਹੀ ਰਿਣੀ ਹਾਂ ਕਿਉਂਕਿ ਉਹਨਾਂ ਨੇ ਸਾਨੂੰ ਇਸ ਕਾਰਜ ਨੂੰ ਮੁਕੰਮਲ ਕਰਨ ਵਿਚ, ਜਦੋਂ ਵੀ ਲੋੜ ਪਈ, ਹਮੇਸ਼ਾ ਹੀ ਅਕਾਦਮਿਕ ਸਲਾਹ ਦੇ ਕੇ ਨਿਵਾਜ਼ਿਆ ਹੈ।

ਕਰਿੱਡ ਸੰਸਥਾ ਦੇ ਸਕੱਤਰ-ਕਮ-ਐਸਟੇਬਲਿਸ਼ਮੈਂਟ ਆਫੀਸਰ ਸੰਜੇ ਗੁਪਤਾ ਪ੍ਰਤੀ ਅਸੀ ਆਪਣੀ ਕ੍ਰਿਤਗਤਾ ਜਾਹਰ ਕਰਦੇ ਹਾਂ ਕਿਉਂਕਿ ਉਹਨਾਂ ਦੀ ਰਹਿਨੁਮਾਈ ਥੱਲੇ ਪ੍ਰਬੰਧਕੀ, ਲੇਖਾ, ਲਾਇਬ੍ਰੇਰੀ ਅਤੇ ਕੰਪਿਊਟਰ ਵਿਭਾਗਾਂ ਨਾਲ ਸਬੰਧਤ ਸਾਡੇ ਸਤਿਕਾਰਯੋਗ ਸਾਥੀਆਂ ਨੇ ਇਸ ਕਾਰਜ ਲਈ ਸਾਡੇ ਵਲੋਂ ਮੰਗੀ ਗਈ ਕਿਸੇ ਕਿਸਮ ਦੀ ਸਹਾਇਤਾ ਬਦਲੇ ਕਦੇ ਵੀ ਮੱਥੇ ਵੱਟ ਨਹੀਂ ਪਾਇਆ।

ਵੱਖ-ਵੱਖ ਸੰਸਥਾਵਾਂ ਅਤੇ ਅਕਾਦਮਿਕ ਮਾਹਰਾਂ ਦੀਆਂ ਅਕਾਦਮਿਕ ਲਿਖਤਾਂ ਜਿਹਨਾਂ ਦਾ ਨਿਚੋੜ ਅਸੀ ਇਸ ਕਿਤਾਬਚੇ ਨੂੰ ਨਿਖਾਰਨ ਲਈ ਵਰਤਿਆ ਹੈ, ਇਸ ਬਦਲੇ ਅਸੀ ਉਹਨਾਂ ਸੰਸਥਾਵਾਂ ਅਤੇ ਅਕਾਦਮਿਕ ਮਾਹਰਾਂ, ਜਿਹਨਾਂ ਨੇ ਇਹਨਾਂ ਲਿਖਤਾਂ ਦੀ ਸਿਰਜਣਾ ਕੀਤੀ ਹੈ, ਪ੍ਰਤੀ ਆਪਣੀ ਕ੍ਰਿਤਗਤਾ ਜਾਹਰ ਕਰਦੇ ਹਾਂ।

ਅਸੀ ਆਪਣਾ ਸਿਰ ਝੁਕਾਉਂਦੇ ਹਾਂ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਵਸਦੇ ਉਹਨਾਂ ਮਹਾਨ ਲੋਕਾਂ ਅੱਗੇ ਜਿਹਨਾਂ ਨੇ ਸਾਨੂੰ ਦਿਹਾਤੀ ਵਿਕਾਸ ਨਾਲ ਜੁੜੇ ਪਹਿਲੂਆਂ ਪ੍ਰਤੀ ਜਾਣਕਾਰੀ ਪ੍ਰਦਾਨ ਕਰਤਾ ਇਹ ਕਿਤਾਬਚਾ ਲਿਖਣ ਲਈ ਪ੍ਰੇਰਿਆ ਹੈ।

ਸ੍ਰੀ ਬਲਜਿੰਦਰ ਸਿੰਘ ਦੇ ਧੰਨਵਾਦ ਤੋਂ ਬਿਨਾਂ ਸਾਡੇ ਇਹ ਧੰਨਵਾਦੀ ਸ਼ਬਦ ਅਧੂਰੇ ਰਹਿ ਜਾਣਗੇ। ਵਜ੍ਹਾ ਸਪੱਸ਼ਟ ਹੈ ਕਿ ਜੇਕਰ ਉਹ ਇਸ ਹੱਥ ਲਿਖਤ ਖਰੜੇ ਨੂੰ ਟਾਈਪਿੰਗ ਰਾਹੀਂ ਕਿਤਾਬੀ ਰੂਪ ਨਾ ਦਿੰਦੇ ਤਾਂ ਇਹ ਕਿਤਾਬਚਾ ਲੋਕਾਂ ਤੀਕ ਕਿਵੇਂ ਪਹੁੰਚਦਾ। ਸੋ ਅਸੀ ਉਹਨਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਡਾ. ਸੁਖਵਿੰਦਰ ਸਿੰਘ<br>
ਪ੍ਰਾਜੈਕਟ ਕੋਆਰਡੀਨੇਟਰ<br>
ਜਸਬੀਰ ਸਿੰਘ<br>
ਅਸਿਸਟੈਂਟ ਪ੍ਰਾਜੈਕਟ ਕੋਆਰਡੀਨੇਟਰ

# ਵਿਸ਼ਾ-ਵਸਤੂ


| ਅਧਿਆਇ | | ਪੰਨਾ ਨੰਬਰ |
|---|---|---|
| 1) | ਗਰਾਮ ਪੰਚਾਇਤ : ਮੁੱਢਲੀ ਜਾਣਕਾਰੀ | 1 |
| 2) | ਗਰਾਮ ਸਭਾ ਦੀ ਮਹੱਤਤਾ | 4 |
| 3) | ਗਰਾਮਪੰਚਾਇਤ : ਕਾਰਜ ਪ੍ਰਣਾਲੀ | 7 |
| 4) | ਗਰਾਮ ਪੰਚਾਇਤਾਂ : ਕੰਮ ਅਤੇ ਸ਼ਕਤੀਆਂ | 10 |
| 5) | ਗਰਾਮ ਪੰਚਾਇਤ ਪ੍ਰਤਿਨਿਧੀਆਂ ਦੀਆਂ ਜ਼ਿੰਮੇਵਾਰੀਆਂ ਅਤੇ ਭੂਮਿਕਾਵਾਂ | 15 |
| 6) | ਗਰਾਮਪੰਚਾਇਤ : ਆਮਦਨ,ਲੇਖਾ-ਜੋਖਾ ਅਤੇ ਆਡਿਟ ਸਬੰਧੀ | 17 |
| 7) | ਗਰਾਮਪੰਚਾਇਤ : ਸ਼ਾਮਲਾਟ ਦੇਹ, ਸਾਂਭ-ਸੰਭਾਲ ਅਤੇ ਵਰਤੋਂ | 22 |
| 8) | ਪੰਚਾਇਤੀ ਕਾਰਜ : ਤਕਨੀਕੀ ਜਾਣਕਾਰੀ | 28 |
| 9) | ਪੰਚਾਇਤੀ ਰਾਜ ਵਿਵਸਥਾ ਦੀ ਮਜ਼ਬੂਤੀ : ਸਮਾਜਿਕ ਲੇਖਾ-ਜੋਖਾ | 32 |
| 10) | ਪੰਚਾਇਤੀ ਰਾਜ ਸੰਸਥਾਵਾਂ ਦਾ ਖੇਤੀ ਦੇ ਵਿਕਾਸ ਵਿੱਚ ਯੋਗਦਾਨ | 35 |
| 11) | ਪੰਚਾਇਤੀ ਰਾਜ ਸੰਸਥਾਵਾਂ ਦਾ ਵਾਤਾਵਰਣ ਦੀ ਸੰਭਾਲ ਵਿੱਚ ਯੋਗਦਾਨ | 40 |
| 12) | ਪੰਚਾਇਤੀ ਰਾਜ ਸੰਸਥਾਵਾਂ ਦਾ ਪਾਣੀ ਦੀ ਸੰਭਾਲ ਵਿੱਚ ਯੋਗਦਾਨ | 43 |
| 13) | ਪੰਚਾਇਤੀ ਰਾਜ ਸੰਸਥਾਵਾਂ ਦਾ ਨਸ਼ਾਖੋਰੀ ਦੇ ਖਾਤਮੇ ਸਬੰਧੀ ਯੋਗਦਾਨ | 49 |

# ਗਰਾਮ ਪੰਚਾਇਤ : ਮੁੱਢਲੀ ਜਾਣਕਾਰੀ

1। ਭਾਰਤ ਦੀ ਬਹੁਤੀ ਵਸੋਂ ਪਿੰਡਾਂ ਦੀ ਵਸਨੀਕ ਹੈ । ਇਹ ਲੱਗਪਗ ਦੋ ਤਿਹਾਈ ਤੋਂ ਵੀ ਵੱਧ ਹੈ । ਇਸ ਲਈ ਪਿੰਡਾਂ ਦਾ ਭਾਰਤ ਦੀ ਖੁਸ਼ਹਾਲੀ ਵਿੱਚ ਬੜਾ ਵੱਡਾ ਯੋਗਦਾਨ ਰਿਹਾ ਹੈ । ਜਿਸ ਤਰ੍ਹਾਂ ਕਿ ਸਾਡੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਨੇ ਲਿਖਿਆ ਹੈ ਕਿ ਜੇਕਰ **ਅਸੀਂ** ਪੂਰੇ ਭਾਰਤ ਨੂੰ ਖੁਸ਼ਹਾਲ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਦੇ ਪਿੰਡਾਂ ਦੇ ਰਹਿਣ ਵਾਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਪਵੇਗਾ । ਪਿੰਡ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਪੰਚ ਪਰਧਾਨੀ ਭਾਵ ਪੰਚਾਇਤ ਦੀ ਬੜੀ ਮਹੱਤਤਾ ਰਹੀ ਹੈ । ਪੰਚਾਇਤਾਂ ਦੀ ਭੂਮਿਕਾ ਪੁਰਾਤਨ ਕਾਲ ਤੋਂ ਲੈ ਕੇ ਅੱਜ ਤੱਕ ਪ੍ਰਚਲਿਤ ਹੈ ਭਾਵੇਂ ਕਿ ਰਾਜ ਬਦਲਦੇ ਰਹੇ, ਸਰਕਾਰਾਂ ਬਦਲਦੀਆਂ ਰਹੀਆਂ । ਵੱਖ ਵੱਖ ਕੌਮਾਂ ਨੇ ਆਪਣੀਆਂ ਲੋੜਾਂ ਅਤੇ ਸਥਿਤੀਆਂ ਅਨੁਸਾਰ ਰਾਜ ਕੀਤਾ ਪ੍ਰੰਤੂ ਗੈਰ ਰਸਮੀ ਸੁਭਾਅ ਦੀ ਪੰਚਾਇਤੀ ਪਰੰਪਰਾ ਜਿਉਂ ਦੀ ਤਿਉਂ ਬਣੀ ਰਹੀ । ਪਰ 1907 ਦੇ ਵਿਕੇਦਂਰੀਕਰਨ ਸੁਧਾਰਾਂ ਤੋਂ ਲੈਕੇ 1947 ਤੱਕ ਅੰਗਰੇਜੀ ਸ਼ਾਸ਼ਨ ਦੌਰਾਨ ਅੰਗਰੇਜ਼ੀ ਪ੍ਰਾਂਤਾਂ ਅਤੇ ਦੇਸੀ ਰਿਆਸਤਾਂ ਵੱਲੋਂ ਰਸਮੀ ਪੰਚਾਇਤਾਂ ਬਣਾਉਣ ਸਬੰਧੀ ਕਈ ਕਾਨੂੰਨ ਬਣਾਏ ।ਇਹਨਾਂ ਵਿੱਚ ਜੋ ਰਸਮੀ ਕਾਰਨ ਅੱਗੇ ਲਿਆਂਦੇ ਗਏ ਉਹਨਾਂ ਵਿੱਚ ਚਾਰ ਦਾ ਇੱਥੇ ਜ਼ਿਕਰ ਕਰਨਾ ਜ਼ਰੂਰੀ ਬਣ ਜਾਂਦਾ ਹੈ ।

1. ਭਾਰਤ ਦਾ ਸੰਵਿਧਾਨ
2. ਗਾਂਧੀ ਜੀ ਦੀ ਸੋਚ ਨੂੰ ਪ੍ਰਵਾਨਤਾ
3. ਪੰਜ ਸਾਲਾਂ ਯੋਜਨਾਵਾਂ
4. ਸਮੁਦਾਇਕ ਵਿਕਾਸ ਯੋਜਨਾਵਾਂ

2। ਪਰ ਇਹ ਸਾਰਾ ਕੁੱਝ ਕਰਨ ਦੇ ਬਾਵਜੂਦ ਪੰਚਾਇਤਾਂ ਨੂੰ ਸੰਵਿਧਾਨ ਦੇ ਅਨੁਛੇਦ 40 ਦੇ ਤਹਿਤ ਰਾਜ ਸਰਕਾਰਾਂ ਨੂੰ ਹਰ ਪਿੰਡ ਵਿੱਚ ਪੰਚਾਇਤ ਸਥਾਪਿਤ ਕਰਨ ਦੇ ਨਿਰਦੇਸ਼ਤ ਸਿਧਾਂਤ ਤੱਕ ਹੀ ਸੀਮਤ ਰੱਖਿਆ । ਇਸ ਕਰਕੇ ਪੰਚਾਇਤਾਂ ਆਪਣੇ ਆਪ ਵਿੱਚ ਸਮਰੱਥ ਨਾ ਹੋ ਕੇ ਸਰਕਾਰਾਂ ਦੇ ਰਹਿਮੋ ਕਰਮ ਤੇ ਨਿਰਭਰ ਰਹੀਆਂ । 1952 ਦਾ ਸਮੁਦਾਇਕ ਵਿਕਾਸ ਪ੍ਰੋਗਰਾਮ ਵੀ ਕੋਈ ਬਹੁਤੇ ਵਧੀਆ ਨਤੀਜੇ ਨਹੀਂ ਦੇ ਸਕਿਆ । ਇਸਦਾ ਖੁਲਾਸਾ ਬਲਵੰਤ ਰਾਏ ਮਹਿਤਾ ਕਮੇਟੀ ਨੇ ਇਸ ਪ੍ਰੋਗਰਾਮ ਨੂੰ ਲੋਕਾਂ ਦਾ ਨਾ ਹੋ ਕੇ ਸਿਰਫ ਸਰਕਾਰੀ ਪ੍ਰੋਗਰਾਮ ਅਤੇ ਸਰਕਾਰੀ ਅਫਸਰਾਂ ਤੱਕ ਸੀਮਿਤ ਹੋ ਕੇ ਰਹਿਣ ਲਾ ਦਿੱਤਾ । ਉਸ ਤੋਂ ਬਾਅਦ 1960 'ਚ ਜ਼ਿਲ੍ਹਾ ਪ੍ਰੀਸ਼ਦ ਐਕਟ ਤਿੰਨ ਪੱਧਰੀ ਪੰਚਾਇਤੀ ਢਾਂਚੇ ਦੀ ਵਿਵਸਥਾ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਤਿੰਨ ਵੱਖ ਵੱਖ ਪੱਧਰ ਬਣਾਏ ਗਏ ।ਪਰ ਇਸ ਦਾ ਵੀ ਨਤੀਜਾਕੋਈ ਜ਼ਿਆਦਾ ਸਾਰਥਿਕ ਨਹੀਂ ਨਿਕਲਿਆ **ਕਿਉਂਕਿ ਗਰਾਮ** ਪੰਚਾਇਤ ਨੂੰ ਛੱਡ ਕੇ ਉਪਰਲੇ ਪੱਧਰ ਲੱਗਪਗ ਕਾਰਜਹੀਣ ਹੀ ਰਹੇ ਅਤੇ ਇਹਨਾਂ ਦੀ ਚੋਣ ਵੀ ਲਗਾਤਾਰ ਨਹੀਂ ਹੁੰਦੀ ਰਹੀ । ਫਿਰ ਵੀ ਉਹ ਇਤਿਹਾਸਕ ਮੋੜ ਅਤੇ ਸੁਨਹਿਰੀ ਯੁੱਗ ਪੰਚਾਇਤੀ ਰਾਜ ਸੰਸਥਾਵਾਂ ਦੀ ਸਥਾਪਨਾ ਵਿਚ ਆਇਆ ਜਦੋਂ ਸਾਬਕਾ ਪ੍ਰਧਾਨ ਮੰਤਰੀ ਮਾਣਯੋਗ ਸ੍ਰੀ ਰਾਜੀਵ ਗਾਂਧੀ ਜੀ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ ਸੋਚ ਅਤੇ ਪਦ ਚਿੰਨਾਂ ਤੇ ਚਲਦੇ ਹੋਏ ਪੰਚਾਇਤਾਂ ਨੂੰ ਵੀ ਸੰਵਿਧਾਨਕ ਮਾਨਤਾ ਦੇਣ ਦੀ ਵਕਾਲਤ ਦੇਸ਼ ਦੀ ਸਰਬ ਉੱਚ ਸੰਸਥਾ ਪਾਰਲੀਮੈਂਟ ਵਿਚ ਬੜੇ ਜ਼ੋਰ ਸ਼ੋਰ ਨਾਲ ਪੇਸ਼ ਕੀਤੀ ਪਰ ਕਿਸੇ ਕਾਰਨ ਉਹ ਆਪਣੀ ਇਸ ਕੋਸ਼ਿਸ਼ ਵਿਚ ਸਫਲ ਨਹੀਂ ਹੋ ਸਕੇ । ਉਸ ਤੋਂ ਬਾਅਦ ਬਣੇ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿਮ੍ਹਾ ਰਾਓ ਨੇ ਆਪਣੀ ਸੂਝ ਬੂਝ ਅਤੇ ਸਿਆਣਪ ਨੂੰ ਵਰਤਦੇ ਹੋਏ ਪੰਚਾਇਤਾਂ ਨੂੰ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੁਆਰਾ ਸੰਵਿਧਾਨਕ ਮਾਨਤਾ ਦਿਵਾਉਣ ਵਿੱਚ ਕਾਮਯਾਬੀ ਹਾਸਿਲ ਕੀਤੀ । ਇਸ ਰਾਂਹੀ ਪੰਚਾਇਤਾਂ ਨੂੰ ਇੱਕ ਸੰਵਿਧਾਨਕ ਮਾਨਤਾ ਪ੍ਰਾਪਤ ਹੋਈ ਅਤੇ ਆਪਣੇ **ਬਲਬੂਤੇ** ਤੇ ਕੰਮ ਕਰਨ ਲਈ ਸਮਰੱਥ ਹੋਈਆਂ । ਇਹ ਸੰਵਿਧਾਨਕ ਸੋਧ ਸਾਲ 1992 ਵਿਚ ਹੋਈ ਅਤੇ ਇਸਦੇ ਆਧਾਰ ਤੇ ਰਾਜਾਂ ਨੂੰ ਪੰਚਾਇਤੀ ਰਾਜ ਐਕਟ ਬਣਾਉਣ ਲਈ ਹੁਕਮ ਜਾਰੀ ਕੀਤੇ ਗਏ । ਪੰਜਾਬ ਨੇ ਵੀ ਆਪਣਾ ਪੰਜਾਬ ਪੰਚਾਇਤੀ ਰਾਜ ਐਕਟ 21 ਅਪ੍ਰੈਲ 1994 **ਨੂੰ ਲਾਗੂ** ਕਰ ਦਿੱਤਾ ।

3। ਪੰਜਾਬ ਪੰਚਾਇਤੀ ਰਾਜ ਐਕਟ ਦੇ ਅਨੁਸਾਰ ਪੰਚਾਇਤਾਂ ਲਗਾਤਾਰ ਆਪਣਾ ਕੰਮ ਕਰ ਰਹੀਆਂ ਹਨ । ਪੰਜਾਬ ਵਿੱਚ ਤਿੰਨ ਪੱਧਰੀ ਢਾਂਚਾ **ਗਰਾਮ** ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਪੂਰੀ ਤਰਾਂ ਕਾਰਜਸ਼ੀਲ ਹੋ ਚੁੱਕਿਆ ਹੈ । ਇਸ ਤਰਾਂ ਸਭ ਤੋਂ ਹੇਠਲਾ ਪੱਧਰ ਜਾਂ ਇਕਾਈ **ਨੂੰ** ਅਸੀ **ਗਰਾਮ** ਪੰਚਾਇਤ ਨੂੰ ਮੰਨਦੇ ਹਾਂ ਜੋ ਕਿ ਪਿੰਡਾਂ ਦਾ ਵਿਕਾਸ ਦਾ ਧੁਰਾ ਸਾਬਤ ਹੋ ਰਹੀ ਹੈ। ਮੌਜੂਦਾ ਸਮੇਂ ਵਿੱਚ ਪੰਜਾਬ ਵਿੱਚ 13278 ਗਰਾਮ ਪੰਚਾਇਤਾਂ ਹਨ । ਗਰਾਮ ਪੰਚਾਇਤਾਂ ਦੇ ਮੈਬਂਰਾਂ ਦੀ ਗਿਣਤੀ 5 ਤੋਂ 13 ਤੱਕ ਵਸੋਂ ਦੇ ਅਨੁਸਾਰ ਹੋ ਸਕਦੀ ਹੈ । ਸਰਪੰਚ ਦੀ ਚੋਣ ਵੀ ਸਿੱਧੇ ਤੌਰ ਤੇ ਕੀਤੀ ਜਾਂਦੀ ਹੈ । ਪਿਛਲੇ ਸਮੇਂ ਵਿੱਚ ਮੈਬਰਾਂ ਦੁਆਰਾ ਸਰਪੰਚ **ਦੀ ਚੋਣ ਦਾ** ਨਿਯਮ ਬੁਰੀ ਤਰ੍ਹਾਂ ਅਫਸਲ ਅਤੇ ਫੇਲ ਸਾਬਿਤ ਹੋ ਚੁਕਿਆ ਹੈ । ਹੁਣ **ਗਰਾਮ** ਪੰਚਾਇਤਾਂ ਦੀ ਚੋਣ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਹਿੱਤ ਪਿੰਡਾਂ ਦੀ ਵਾਰਡਬੰਦੀ ਵੀ ਕੀਤੀ ਗਈ ਹੈ ਜਿਸ ਨਾਲ ਇੱਕ ਵਾਰਡ ਵਿੱਚੋ ਚੁਣਿਆ ਗਿਆ ਮੈਬਂਰ ਹੀ ਆਪਣੀ ਵਾਰਡ ਦੀ

ਪ੍ਰਤੀਨਿਧਤਾ ਕਰੇਗਾ ਅਤੇ ਸਰਪੰਚ ਦੀ ਚੋਣ ਲਈ ਪੂਰਾ ਪਿੰਡ ਆਪਣੀਆਂ ਵੋਟਾਂ ਦਾ ਇਸਤੇਮਾਲ ਕਰੇਗਾ । ਇਸ ਤਰ੍ਹਾਂ ਸਮੇਂ ਸਮੇਂ ਤੇ ਪੰਚਾਇਤੀ ਰਾਜ ਐਕਟ **ਅਧੀਨ** ਨਿਯਮਾਂ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਵਿੱਚ ਨਿਖਾਰ ਲਿਆਉਣ ਦਾ ਯਤਨ ਅਜੇ ਵੀ ਜਾਰੀ ਹੈ ।

## 73ਵੀਂ ਸੰਵਿਧਾਨਕ ਸੋਧ:-

ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਪੰਚਾਇਤੀ ਰਾਜ ਸੰਸਥਾਵਾਂ ਦੀ ਕਾਰਗੁਜ਼ਾਰੀ ਬਹੁਤੀ ਤਸੱਲੀਬਖਸ਼ ਨਹੀਂ ਰਹੀ। ਇਸ ਦੀ ਮਾੜੀ ਕਾਰਗੁਜ਼ਾਰੀ ਨੂੰ ਘੋਖਣ ਲਈ ਬਣਾਈਆਂ ਬਹੁਤ ਸਾਰੀਆਂ ਕਮੇਟੀਆਂ ਅਤੇ ਪੰਚਾਇਤੀ ਰਾਜ ਪ੍ਰਣਾਲੀ ਨਾਲ ਜੁੜੇ ਚਿੰਤਕਾਂ ਨੇ ਸਮੇਂ ਸਮੇਂ ਤੇ ਆਪਣੇ ਵਿਚਾਰ ਪ੍ਰਗਟਾਏ। ਪੰਚਾਇਤੀ ਰਾਜ ਵਿਵਸਥਾ ਦੀ ਅਸਫਲਤਾ ਦੇ ਕਾਰਨਾਂ ਦੀ ਸੂਚੀ ਪੇਸ਼ ਕਰਦਿਆਂ ਪੰਚਾਇਤੀ ਰਾਜ ਪ੍ਰਣਾਲੀ ਨਾਲ ਜੁੜੇ ਚਿੰਤਕਾਂ ਨੇ ਹੇਠ ਲਿਖੇ ਕਾਰਨਾਂ ਨੂੰ ਦੋਸ਼ੀ ਮੰਨਿਆ:

- ਪੰਚਾਇਤਾਂ ਕੋਲ ਸ਼ਕਤੀਆਂ ਅਤੇ ਸਾਧਨਾਂ ਦੀ ਘਾਟ
- ਪੰਚਾਇਤ ਦੀਆਂ ਬੈਠਕਾਂ ਦਾ ਨਾ ਹੋਣਾ
- ਰਾਜਨੀਤਕ ਅਤੇ ਪ੍ਰਸ਼ਾਸਨਿਕ ਸੱਤਾ ਦੀ ਉਦਾਸੀਨ ਪ੍ਰਵਿਰਤੀ
- ਸਕੱਤਰੇਤੀ ਸਹਾਇਤੀ ਦੀ ਘਾਟ
- ਲੋੜ ਨਾਲੋਂ ਵੱਧ ਸਰਕਾਰੀ ਦਖਲਅੰਦਾਜ਼ੀ
- ਸਿਖਲਾਈ ਸਹੂਲਤਾਂ ਦੀ ਘਾਟ
- ਨਿਯਮਾਂ ਅਤੇ ਪਰਕ੍ਰਿਆ ਦਾ ਗੁੰਝਲਦਾਰ ਹੋਣਾ
- ਵਿਭਾਗੀ ਪੱਧਰਾਂ ਤੇ ਸਹਿਯੋਗ ਦੀ ਘਾਟ, ਅਤੇ
- ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਕ ਮਾਨਤਾ ਦਾ ਨਾ ਹੋਣਾ।
- ਔਰਤਾਂ ਅਤੇ ਅਨੁਸੂਚਿਤ ਜਾਤੀਆਂ ਦੀ ਪੰਚਾਇਤੀ ਕਾਰਜਾਂ ਵਿਚ ਸ਼ਮੂਲੀਅਤ ਦਾ ਨਿਗੂਣਾ ਹੋਣਾ

ਪੰਚਾਇਤੀ ਰਾਜ ਸੰਸਥਾਵਾਂ ਦੀਆਂ ਵਿਭਿੰਨ ਕਮੇਟੀਆਂ ਅਤੇ ਚਿੰਤਕਾਂ ਨੇ ਆਪੋ ਆਪਣੇ ਸੁਝਾਵਾਂ ਰਾਹੀਂ ਇਸ ਗੱਲ ਤੇ ਬਹੁਤ ਜ਼ੋਰ ਦਿੱਤਾ ਕਿ ਇਹਨਾ ਸੰਸਥਾਵਾਂ ਨੂੰ ਸੰਵਿਧਾਨ ਵਿਚ ਸਹੀ ਸਥਾਨ ਮਿਲਣਾ ਚਾਹੀਦਾ ਹੈ ਅਤੇ ਨਾਲ ਨਾਲ ਰਾਜ ਸਰਕਾਰਾਂ ਵੱਲੋਂ ਵੀ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਕਮੇਟੀਆਂ ਅਤੇ ਵਿਚਾਰਵਾਨਾਂ ਦੀਆਂ ਸਿਫਾਰਿਸ਼ਾਂ ਅਤੇ ਸੁਝਾਵਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ 1992 ਵਿੱਚ ਭਾਰਤ ਦੀ ਪਾਰਲੀਮੈਂਟ ਵਿੱਚ 73ਵੇਂ ਸੰਵਿਧਾਨਕ ਸੋਧ ਐਕਟ ਨੂੰ ਪਾਸ ਕਰ ਦਿੱਤਾ ਗਿਆ। ਇਸ ਐਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ :

- ਕਿਸੇ ਇੱਕ ਖੇਤਰ ਦੇ ਸਾਰੇ ਰਜਿਸਟਰਡ ਵੋਟਰਾਂ ਦੁਆਰਾ ਬਣਾਈ ਗਈ ਗਰਾਮ ਸਭਾ ਨੂੰ ਰਾਜ ਸਰਕਾਰਾਂ ਦੀ ਕਾਨੂੰਨੀ ਮਾਨਤਾ ਹੋਵੇ।
- ਪਿੰਡ, ਸੰਮਤੀ ਪੱਧਰ ਤੇ ਪੰਚਾਇਤੀ ਰਾਜ ਵਿਵਸਥਾ ਸਥਾਪਤ ਕਰਨ ਦੇ ਉਦੇਸ਼ਾਂ ਦੀ ਪੂਰਤੀ ਲਈ ਹਰ ਪੱਧਰ ਤੇ ਸਿੱਧੀ ਚੋਣ ਕਰਵਾਈ ਜਾਵੇ।
- ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਲਈ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਰਾਖਵੀਆਂ ਕੀਤੀਆਂ ਜਾਣ ਜਿਹਨਾਂ ਵਿਚ 1/3 ਹਿੱਸਾ ਔਰਤਾਂ ਵੀ ਸ਼ਾਮਲ ਹੋਣ।
- ਕੁੱਲ ਸੀਟਾਂ ਦਾ 1/3 ਪ੍ਰਤੀਸ਼ਤ ਔਰਤਾਂ ਲਈ ਰਾਖਵਾਂ ਹੋਵੇ (ਜਿਸ ਵਿਚ ਐਸ.ਸੀ/ਐਸ.ਟੀ. ਔਰਤਾਂ ਵੀ ਸ਼ਾਮਲ ਹੋਣ)
- ਹਰ ਪੱਧਰ ਤੇ ਚੇਅਰਪਰਸਨ/ਚੇਅਰਮੈਨ ਦੇ ਪਦ ਲਈ ਵੀ ਰਾਖਵਾਂਕਰਨ ਹੋਵੇ।
- ਪੰਚਾਇਤਾਂ ਦਾ ਕਾਰਜਕਾਲ 5 ਸਾਲ ਹੋਵੇ ਅਤੇ ਭੰਗ ਹੋਣ ਦੀ ਹਾਲਤ ਵਿੱਚ 6 ਮਹੀਨੇ ਦੇ ਅੰਦਰ ਅੰਦਰ ਫਿਰ ਤੋਂ ਚੋਣਾਂ ਕਰਵਾਈਆਂ ਜਾਣ।
- ਪੰਚਾਇਤਾਂ ਦੇ ਮੈਂਬਰਾਂ ਦੀ ਘੱਟੋ ਘੱਟ ਉਮਰ 21 ਸਾਲ ਹੋਵੇ।
- ਪੰਚਾਇਤੀ ਰਾਜ ਸੰਸਥਾਵਾਂ ਦੇ ਕਾਰਜ ਅਤੇ ਸ਼ਕਤੀਆਂ ਰਾਜ ਵਿਧਾਨ ਸਭਾ ਨਿਸ਼ਚਿਤ ਕਰੇ।
- ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਜਟਾਏ ਜਾਣ ਵਾਲੇ ਸਾਧਨਾਂ ਵਜੋਂ ਟੈਕਸ, ਫੀਸਾਂ ਅਤੇ ਅਨਦਾਨ ਰਾਸ਼ੀ ਰਾਜ ਦੀ ਵਿਧਾਨ ਸਭਾ ਨਿਸ਼ਚਿਤ ਕਰੇ।

- ਹਰ ਪੰਜ ਸਾਲ ਤੋਂ ਬਾਅਦ ਪੰਚਾਇਤੀ ਰਾਜ ਸੰਸਥਾਵਾਂ ਦੀ ਵਿੱਤੀ ਸਥਿਤੀ ਦਾ ਜਾਇਜ਼ਾ ਲੈਣ ਲਈ ਰਾਜ ਵਿੱਤ ਕਮਿਸ਼ਨ ਸਥਾਪਤ ਕੀਤਾ ਜਾਵੇ।

ਸੰਵਿਧਾਨਕ ਸੋਧ ਵਿੱਚ ਇਹ ਵੀ ਕਿਹਾ ਗਿਆ ਕਿ ਭਾਰਤ ਦਾ ਹਰੇਕ ਰਾਜ ਦੋ ਸਾਲ ਦੇ ਵਿੱਚ ਵਿੱਚ ਆਪੋ ਆਪਣੇ ਪੰਚਾਇਤੀ ਐਕਟ ਉਪਰੋਕਤ ਸੋਧ ਦੀਆਂ ਧਾਰਾਵਾਂ ਨੂੰ ਅਧਾਰ ਬਣਾ ਕੇ ਪਾਸ ਕਰ ਲੈਣ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਆਦਾਤਰ ਰਾਜਾਂ ਨੇ ਆਪੋ ਆਪਣੇ ਐਕਟ ਪਾਸ ਕਰ ਲਏ ਅਤੇ ਲਾਗੂ ਵੀ ਕਰ ਦਿੱਤੇ। ਪੰਜਾਬ, ਹਰਿਆਣਾ ਅਤੇ ਹਿਮਾਚਲ ਸਰਕਾਰਾਂ ਨੇ ਵੀ ਆਪਣੇ ਐਕਟ 1994 ਵਿੱਚ ਪਾਸ ਕਰ ਲਏ ਸਨ।



# ਅਧਿਆਇ 2
# ਗਰਾਮ ਸਭਾ ਦੀ ਮਹੱਤਤਾ

ਗਰਾਮ ਸਭਾ ਰੂਪੀ ਸੰਸਥਾ, ਲੋਕਤੰਤਰ ਦੀ ਬੁਨਿਆਦ ਦੀ ਪ੍ਰਤੀਕ ਹੈ। ਇਹ ਪੰਚਾਇਤ ਰਾਜ ਦਾ ਮੁੱਢ ਹੈ ਤੇ ਇਸ ਤੋਂ ਆਸ ਅਤੇ ਉਮੀਦ ਰੱਖੀ ਜਾਂਦੀ ਹੈ ਕਿ ਇਹ ਗਰਾਮ ਪੰਚਾਇਤ ਨੂੰ ਸੇਧ ਦੇਣ ਵਾਲੀ ਅਹਿਮ ਸੰਸਥਾ ਵਜੋਂ ਆਪਣੀ ਭੂਮਿਕਾ ਨਿਭਾਵੇ। ਗਰਾਮ ਸਭਾ ਪ੍ਰਤੱਖ ਤੌਰ ਤੇ ਲੋਕਤੰਤਰ ਦੀ ਕਾਇਮੀ ਦਾ ਹੁੰਗਾਰਾ ਭਰਦੀ ਹੈ ਕਿਉਂਕਿ ਗਰਾਮ ਸਭਾ ਵਿੱਚ ਲੋਕ ਸਹੀ, ਜਾਗਰੂਕ ਤੇ ਕੰਮ ਕਾਜੀ ਭਾਵਨਾ ਨਾਲ ਜੁੜਕੇ ਬੈਠਦੇ ਹਨ। ਇਹ ਅਜਿਹੀ ਸੰਸਥਾ ਹੈ ਜਿਸ ਰਾਹੀਂ ਇਕੱਠੇ ਹੋ ਕੇ ਕੰਮ ਕਰਨ ਦੀ ਲੋਕ ਰਾਜੀ ਧਾਰਨਾ ਅਧੀਨ ਜੁੜੇ ਲੋਕਾਂ ਦਾ ਸਮੂਹ ਇੱਕ ਠੋਸ ਬੁਨਿਆਦ ਨੂੰ ਲੋਕਾਂ ਨਾਲ ਜੁੜੇ ਮਸਲਿਆਂ, ਵਿਕਾਸ ਪ੍ਰੋਗਰਾਮਾਂ ਅਤੇ ਵਿਕਾਸ ਤਰਜੀਹਾਂ ਬਾਬਤ ਗੱਲ ਹੀ ਨਹੀਂ ਕਰਦੀ ਸਗੋਂ ਸਹੀ ਸੇਧ ਵੀ ਦਿੰਦੀ ਹੈ। ਆਪਸ ਵਿਚ ਰਲ ਕੇ ਕੰਮ ਕਰਨ ਦੀ ਲੋਕਰਾਜੀ ਪ੍ਰਣਾਲੀ ਤੋਂ ਇਲਾਵਾ ਗਰਾਮ ਸਭਾ ਮਿੱਥੇ ਕੰਮ ਵਿੱਚ ਪ੍ਰਬੰਧਕੀ, ਸਿਆਸੀ ਅਤੇ ਦਿਹਾਤੀ ਵਿਕਾਸ ਕਾਰਜਾਂ ਵਿੱਚ ਆਮ ਲੋਕਾਂ ਦੀ ਦਿਲਚਸਪੀ ਨੂੰ ਹੌਂਸਲਾ ਅਤੇ ਹੁੰਗਾਰਾ ਦਿੰਦੀ ਹੈ ਜਿਸਦੇ ਨਤੀਜੇ ਵੱਜੋਂ ਲੋਕਾਂ ਨੂੰ ਪਿੰਡ ਦੇ ਹੋਰ ਮਾਮਲਿਆਂ ਵਿੱਚ ਹਿੱਸਾ ਲੈਣ ਲਈ ਵੀ ਥਾਂ ਮਿਲਦੀ ਹੈ। ਗਰਾਮ ਸਭਾ ਤੋਂ ਹੇਠ ਲਿਖੇ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਉਮੀਦ ਰੱਖੀ ਜਾ ਸਕਦੀ ਹੈ।

- ਮੁੱਢਲੇ ਪੱਧਰ ਉੱਤੇ ਲੋਕਰਾਜ ਨੂੰ ਮਜ਼ਬੂਤ ਕਰਨਾ
- ਬਿਹਤਰ ਭਾਈਚਾਰਕ ਸਾਂਝ ਨੂੰ ਵਧਾਉਣਾ
- ਪੰਚਾਇਤੀ ਰਾਜ ਢਾਂਚੇ ਦੇ ਮੂਲ ਅਧਾਰ ਨੂੰ ਉਭਾਰਨਾ
- ਪ੍ਰਭਾਵਸ਼ਾਲੀ ਸੰਚਾਰ ਤੇ ਤਾਲਮੇਲ ਨੂੰ ਵਧਾਉਣਾ
- ਲੋਕਰਾਜੀ ਢੰਗ ਨਾਲ ਕੰਮਾਂ ਦੀ ਨਿਗਰਾਨੀ ਕਰਨਾ
- ਨੀਤੀਆਂ ਤੇ ਪ੍ਰੋਗਰਾਮ ਉਲੀਕਣ ਅਤੇ ਇਹਨਾਂ ਨੂੰ ਅਮਲੀ ਰੂਪ ਦੇਣ ਦਾ ਨੇੜਲਾ ਸਬੰਧ ਕਾਇਮ ਕਰਨਾ ਅਤੇ
- ਸਮਾਜੀ ਤੇ ਰਾਜਸੀ ਸਿੱਖਿਆ ਏਜੰਸੀ ਵੱਜੋਂ ਕੰਮ ਕਰਨਾ।

ਇੱਥੇ ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਗਰਾਮਸਭਾ ਪਿੰਡ ਦੀ ਵਿਉਂਤਬੰਦੀ ਅਤੇ ਵਿਕਾਸ ਦੀ ਮੁੱਢਲੀ ਏਜੰਸੀ ਹੈ।

## ਗਰਾਮ ਸਭਾ ਦੀਆਂ ਬੈਠਕਾਂ

## ਧਾਰਾ 5(1) ਪੰਜਾਬ ਪੰਚਾਇਤੀ ਰਾਜ ਐਕਟ 1994 ਮੁਤਾਬਕ :

ਹਰ ਗਰਾਮ ਸਭਾ ਪੰਚਾਇਤ ਵੱਲੋਂ ਮਿਥੀਆਂ ਗਈਆਂ ਤਰੀਕਾਂ ਨੂੰ ਹਰ ਸਾਲ ਵਿੱਚ ਦੋ ਵਾਰ ਬੈਠਕਾਂ ਕਰੇਗੀ ਅਤੇ ਸਰਪੰਚ ਇਹਨਾਂ ਦੀ ਪ੍ਰਧਾਨਗੀ ਕਰੇਗਾ। ਇੱਕ ਮੀਟਿੰਗ ਸਾਉਣੀ ਦੀ ਫਸਲ ਸਮੇਟਣ ਤੋਂ ਬਾਅਦ ਦਸੰਬਰ ਦੇ ਮਹੀਨੇ ਵਿੱਚ ਜਿਸਨੂੰ ਸਾਉਣੀ ਦੀ ਬੈਠਕ ਕਿਹਾ ਜਾਵੇਗਾ ਤੇ ਦੂਜੀ ਹਾੜ੍ਹੀ ਦੀ ਫਸਲ ਸਮੇਟਣ ਤੋਂ ਬਾਅਦ ਜੂਨ ਮਹੀਨੇ ਵਿੱਚ ਜਿਸਨੂੰ ਹਾੜ੍ਹੀ ਦੀ ਬੈਠਕ ਕਿਹਾ ਜਾਵੇਗਾ ਅਤੇ ਤੀਸਰੀ 2 ਅਕਤੂਬਰ ਅਤੇ **ਚੌਥੀ** 26 ਜਨਵਰੀ ਨੂੰ।

### ਧਾਰਾ 5(3) ਅਧੀਨ

ਪੰਚਾਇਤ ਡਾਇਰੈਕਟਰ ਅਜਿਹੇ ਸਰਪੰਚ ਨੂੰ ਦੋ ਲਗਾਤਾਰ ਬੈਠਕਾਂ ਨਾ ਬੁਲਾਉਣ ਦੀ ਕੋਤਾਹੀ ਕਰਨ ਤੇ, ਅਹੁਦੇ ਤੇ ਰਹਿਣ ਬਾਰੇ ਅਧਿਸੂਚਨਾ ਦੇ 30 ਦਿਨਾਂ ਦੇ ਅੰਦਰ, **ਤਸੱਲੀਬਖਸ਼** ਕਾਰਨ ਦਰਸਾਉਂਦਾ ਤੇ ਉਪਧਾਰਾ (2) ਅਧੀਨ ਬਹਾਲ ਕਰ ਸਕਦਾ ਹੈ।

**ਧਾਰਾ 5 (4) ਅਧੀਨ :**

ਸਰਪੰਚ ਕਿਸੇ ਵੀ ਸਮੇਂ ਪੰਚਾਇਤ ਸੰਮਤੀ ਦੀ ਬੇਨਤੀ ਤੇ ਜਾਂ ਗਰਾਮ ਸਭਾ ਦੇ ਕੁੱਲ ਮੈਂਬਰਾਂ ਦੇ ਪੰਜਵੇਂ ਹਿੱਸੇ ਦੁਆਰਾ ਲਿਖਤੀ ਰੂਪ ਵਿੱਚ ਮੰਗ ਕਰਨ ਦੀ ਤਾਰੀਕ ਤੋਂ 30 ਦਿਨਾਂ ਦੇ ਅੰਦਰ ਗਰਾਮ ਸਭਾ ਦੀ ਅਸਧਾਰਨ ਆਮ ਬੈਠਕ ਬੁਲਾਏਗਾ।

**ਧਾਰਾ 5(5) ਅਧੀਨ**

ਜੇਕਰ ਉਪਧਾਰਾ (1) ਅਤੇ (4) ਅਧੀਨ ਲੋੜੀਂਦੀ ਆਮ ਬੈਠਕ ਨਹੀਂ ਬੁਲਾਈ ਜਾਂਦੀ ਤਾਂ ਪੰਚਾਇਤ ਸੰਮਤੀ ਦਾ ਕਾਰਜਕਾਰੀ ਅਫਸਰ ਅਜਿਹੀ ਬੈਠਕ ਬੁਲਾਏਗਾ।

**ਕੋਰਮ :**

**ਧਾਰਾ 5(6) ਅਧੀਨ**

ਗਰਾਮ ਸਭਾ ਦੀ ਕਿਸੇ ਬੈਠਕ ਵਿੱਚ ਕੁੱਲ ਮੈਂਬਰਾਂ ਦਾ ਪੰਜਵਾਂ ਹਿੱਸਾ, ਉਸਦਾ ਕੋਰਮ ਹੋਵੇਗਾ ਪਰੰਤੂ ਅੱਗੇ ਪਾਈ ਬੈਠਕ ਦੀ ਸੂਰਤ ਵਿੱਚ, ਕੋਰਮ ਦਸਵਾਂ ਹਿੱਸਾ ਹੋਵੇਗਾ ਅਤੇ ਇਸ ਉਪਧਾਰਾ ਦੀਆਂ ਸ਼ਰਤਾਂ, **ਕੋਰਮ** ਦੀ ਕਮੀ ਕਾਰਨ ਅੱਗੇ ਪਾਈ ਗਰਾਮ ਸਭਾ ਦੀ ਕਿਸੇ ਹੋਰ ਬੈਠਕ ਤੇ **ਇਹ ਉਪਵੰਦ** ਲਾਗੂ ਨਹੀਂ **ਹੋਣਗੇ**।

**ਧਾਰਾ 5(7) ਅਧੀਨ**

ਗਰਾਮ ਪੰਚਾਇਤ ਦਾ ਸਕੱਤਰ ਅਤੇ ਗਰਾਮ ਸਭਾ ਦੀ ਹਰ ਆਮ ਬੈਠਕ ਵਿੱਚ ਹਾਜ਼ਰ ਹੋਣਗੇ ਤੇ ਇਸ ਤੋਂ ਇਲਾਵਾ ਗਰਾਮ ਪੰਚਾਇਤ, ਗਰਾਮ ਸਭਾ ਦੇ ਇਲਾਕੇ ਵਿਚ ਸੇਵਾ ਕਰ ਰਹੇ ਕਿਸੇ ਪੇਂਡੂ ਕਰਮਚਾਰੀ/ਅਧਿਕਾਰੀ ਨੂੰ ਬੈਠਕ ਵਿੱਚ ਹਾਜ਼ਰ **ਹੋ ਕੇ** ਕਿਸੇ ਵਿਚਾਰ ਅਧੀਨ ਮਾਮਲੇ ਤੇ ਸਲਾਹ ਦੇਣ ਲਈ ਬੁਲਾ ਸਕਦੀ ਹੈ।

**ਧਾਰਾ 6 ਅਧੀਨ**

ਗਰਾਮ ਸਭਾ ਦੀ ਹਰ ਬੈਠਕ ਦੀ ਪ੍ਰਧਾਨਗੀ ਗਰਾਮ ਪੰਚਾਇਤ **ਦਾ** ਸਰਪੰਚ ਕਰੇਗਾ।ਉਸਦੀ ਗੈਰ ਹਾਜ਼ਰੀ ਵਿੱਚ, ਕੋਈ ਪੰਚ **ਜਿਸ** ਨੂੰ ਬੈਠਕ ਵੇਲੇ **ਚੁਣਿਆ ਜਾਵੇ**,ਪ੍ਰਧਾਨਗੀ ਕਰੇਗਾ।

**ਧਾਰਾ 7 ਅਧੀਨ**

ਬਜਟ ਅਤੇ ਗਰਾਮ ਸਭਾ ਦੀ ਸਲਾਨਾ ਰਿਪੋਰਟ ਗਰਾਮ ਪੰਚਾਇਤ ਤਿਆਰ ਕਰੇਗੀ ਅਤੇ ਸਾਉਣੀ ਦੀ ਬੈਠਕ ਵਿੱਚ ਆਮਦਨ ਅਤੇ ਖਰਚ ਸਬੰਧੀ ਬਜਟ ਅਨੁਮਾਨ ਅਤੇ ਅਗਲੇ ਆਉਣ ਵਾਲੇ ਅਪ੍ਰੈਲ ਦੇ ਪਹਿਲੇ ਦਿਨ ਤੋਂ ਸ਼ੁਰੂ ਹੋਣ ਵਾਲੇ ਸਾਲ ਲਈ ਵਿਕਾਸ ਪ੍ਰੋਗਰਾਮਾਂ ਦੀ ਯੋਜਨਾ ਦੀ ਮਨਜ਼ੂਰੀ ਲਈ ਗਰਾਮ ਸਭਾ ਸਾਹਮਣੇ ਰੱਖੇਗੀ।

ਹਾੜੀ ਦੀ ਬੈਠਕ ਵਿੱਚ ਪਿਛਲੇ ਵਿੱਤੀ ਸਾਲ ਦੇ ਲੇਖਿਆ ਦਾ ਸਲਾਨਾ ਚਿੱਠਾ ਅਤੇ ਚਾਲੂ ਸਾਲ ਦੌਰਾਨ ਕੀਤੇ ਜਾਣ ਵਾਲੇ ਤਜਵੀਜਤ ਪ੍ਰੋਗਰਾਮ ਦੀ ਰਿਪੋਰਟ ਪੇਸ਼ ਕਰੇਗੀ। ਪਰੰਤੂ ਜੇ ਕੋਈ ਗਰਾਮ ਪੰਚਾਇਤ ਦਸੰਬਰ ਵਿਚ ਹੋਣ ਵਾਲੀ ਬੈਠਕ ਵਿਚ ਆਪਣਾ ਬਜਟ ਜਾਂ ਵਿਕਾਸ ਪ੍ਰੋਗਰਾਮ ਦੀ ਯੋਜਨਾ ਪੇਸ਼ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਪੰਚਾਇਤ ਸੰਮਤੀ ਉਸ ਗਰਾਮ ਪੰਚਾਇਤ ਦਾ ਬੱਜਟ ਅਤੇ ਉਪਰੋਕਤ ਯੋਜਨਾ ਤਿਆਰ ਕਰੇਗੀ ਤੇ ਇਸੇ ਉਦੇਸ਼ ਲਈ ਖਾਸ ਬੁਲਾਈ ਗਰਾਮ ਸਭਾ ਦੀ ਅਸਧਾਰਨ ਬੈਠਕ ਸਾਹਮਣੇ ਪੇਸ਼ ਕਰੇਗੀ।

**ਧਾਰਾ 8 ਅਧੀਨ**

ਇਸ ਐਕਟ ਅਧੀਨ ਗਰਾਮ ਸਭਾ ਨੂੰ ਸੌਂਪੇ ਗਏ ਮਾਮਲਿਆਂ ਸਬੰਧੀ ਮਤਾ ਗਰਾਮ ਸਭਾ ਦੀ ਬੈਠਕ ਵਿਚ ਹਾਜ਼ਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਬਹੁਸੰਮਤੀ ਨਾਲ ਪਾਸ ਕੀਤਾ ਜਾਵੇਗਾ।

**ਗਰਾਮ ਸਭਾ ਦੇ ਕੰਮ (ਧਾਰਾ 9 ਅਧੀਨ)**

ਧਾਰਾ 9 ਅਧੀਨ ਪੰਜਾਬ ਪੰਚਾਇਤੀ ਰਾਜ ਕਾਨੂੰਨ 1994 ਤਹਿਤ ਗਰਾਮ ਸਭਾ ਲਈ ਹੇਠਾ ਲਿਖੇ ਮਿਥੇ ਗਏ ਹਨ :-

- ਗਰਾਮ ਸਭਾ ਪੰਚਾਇਤੀ ਰਾਜ ਐਕਟ ਦੀਆਂ ਧਾਰਾਵਾਂ ਮੁਤਾਬਿਕ ਹਰ ਗਰਾਮ ਸਭਾ ਖੇਤਰ ਲਈ ਗਰਾਮ ਪੰਚਾਇਤੀ ਦੀ ਚੋਣ ਕਰਦੀ ਹੈ। ਪੰਚਾਇਤ ਵਿਚ ਇੱਕ ਸਰਪੰਚ ਅਤੇ ਪੰਜ ਤੋਂ ਤੇਰ੍ਹਾਂ ਤੱਕ ਪੰਚ ਹੋ ਸਕਦੇ ਹਨ। ਇਹ ਗਿਣਤੀ ਗਰਾਮ ਸਭਾ ਦੇ ਖੇਤਰ ਦੀ ਆਬਾਦੀ ਉਪਰ ਨਿਰਭਰ ਕਰਦੀ ਹੈ
- ਸਲਾਨਾ ਬਜਟ ਅਤੇ ਵਿਕਾਸ ਪ੍ਰੋਗਰਾਮਾਂ ਦੀ ਮਨਜੂਰੀ ਦੇਣਾ,
- ਲੇਖੇ-ਜੋਖੇ, ਸਾਲਾਨਾ ਪ੍ਰਗਤੀ ਰਿਪੋਰਟਾਂ ਦਾ ਜਾਇਜ਼ਾ ਲੈਣਾ,
- ਪਿੰਡਾਂ ਦੀਆਂ ਵਿਕਾਸ ਯੋਜਨਾਵਾਂ ਤੋਂ ਲਾਭ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਸ਼ਨਾਖਤ ਕਰਨਾ (ਜੇਕਰ ਗਰਾਮ ਸਭਾ ਵਾਜਬ ਸਮੇਂ ਵਿੱਚ ਅਜਿਹੇ ਲਾਭਪਾਤਰੀਆਂ ਦਾ ਪਤਾ ਲਾਉਣ ਵਿੱਚ ਨਕਾਮ ਰਹੇ ਤਾਂ ਪਿੰਡ ਦੀ ਪੰਚਾਇਤ ਇਹ ਕੰਮ ਕਰੇਗੀ)
- ਵਲੰਟੀਅਰ ਮਜ਼ਦੂਰਾਂ ਦੀਆਂ ਸੇਵਾਵਾਂ ਲੈਣਾ ਤੇ ਸਾਂਝੇ ਭਲਾਈ ਕੰਮਾਂ ਵਿੱਚ ਹਿੱਸਾ ਪਾਉਣਾ ਲਈ ਨਕਦੀ ਜਾਂ ਵਸਤਾਂ ਜਾਂ ਦੋਵੇਂ ਲੈਣਾ,
- ਪਿੰਡਾਂ ਵਿੱਚ ਬਾਲਗ ਸਿੱਖਿਆ ਅਤੇ ਪਰਿਵਾਰ ਭਲਾਈ ਪ੍ਰੋਗਰਾਮਾਂ ਨੂੰ **ਉਤਸ਼ਾਹਿਤ** ਕਰਨਾ
- ਪਿੰਡ ਵਿਚ ਸਮਾਜ ਦੇ ਸਾਰੇ ਵਰਗਾਂ ਵਿਚਕਾਰ ਏਕਤਾ ਅਤੇ ਆਪਸੀ ਮੇਲ ਮਿਲਾਪ ਨੂੰ ਉਤਸ਼ਾਹਿਤ ਕਰਨਾ
- ਗਰਾਮ ਪੰਚਾਇਤ ਦੇ ਸਰਪੰਚਾਂ ਅਤੇ ਪੰਚਾਂ ਤੋਂ ਕਿਸੇ ਖਾਸ ਕਾਰਵਾਈ, ਯੋਜਨਾ ਅਤੇ ਆਮਦਨੀ ਖਰਚੇ ਸਬੰਧੀ ਸਪੱਸ਼ਟੀਕਰਨ ਲੈਣਾ; ਅਤੇ
- ਹੋਰ ਮਿਥੇ ਜਾਣ ਵਾਲੇ ਕੰਮਾਂ ਨੂੰ ਨੇਪਰੇ ਚਾੜ੍ਹਨਾ।

ਇਹ ਕੋਈ ਲੁਕਵੀਂ ਗੱਲ ਨਹੀਂ ਹੈ ਕਿ ਪੰਚਾਇਤ ਦੀਆਂ ਸਾਰੀਆਂ ਕਾਰਵਾਈਆਂ ਗਰਾਮ ਸਭਾ ਤੋਂ ਹੀ ਸ਼ੁਰੂ ਹੁੰਦੀਆਂ ਹਨ। ਗਰਾਮ ਸਭਾ ਦੀ ਇਕੱਤਰਤਾ ਹੀ ਇਸ ਦਾ ਸਭ ਤੋਂ ਪਹਿਲਾਂ ਪੜਾਅ ਹੈ ਜਿਸਨੂੰ ਅਸੀਂ ਮੁੱਢਲੇ ਪੱਧਰ ਦਾ ਲੋਕਤੰਤਰ ਵੀ ਆਖਦੇ ਹਾਂ। ਹੁਣ ਸਵਾਲ ਉਠਦਾ ਹੈ ਕਿ ਕੀ ਗਰਾਮ ਸਭਾ ਦੇ ਇਕੱਠ ਨੂੰ ਸਫਲਤਾ ਮਿਲ ਰਹੀ ਹੈ ਜਾਂ ਨਹੀਂ? ਕੀ ਤੁਹਾਡੇ ਖੇਤਰ ਦੀਆਂ ਪੰਚਾਇਤਾਂ ਉਪਰੋਕਤ ਮੱਦਾਂ ਦੇ ਅਧਾਰ ਤੇ ਇਕੱਠ ਕਰ ਰਹੀਆਂ ਹਨ? ਜੇ ਨਹੀਂ ਤਾਂ ਕਿਉਂ ਨਹੀਂ ਕਰ ਰਹੀਆਂ, ਕੀ ਕੁਝ ਵੱਖਰਾ ਕਰਨ ਦੀ ਲੋੜ ਹੈ?



# ਅਧਿਆਇ 3

## ਗਰਾਮ ਪੰਚਾਇਤ : ਕਾਰਜ ਪ੍ਰਣਾਲੀ

ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਪੱਧਰਾਂ ਭਾਵ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸੰਮਤੀ ਅਤੇ ਗਰਾਮ ਪੰਚਾਇਤਾਂ ਵਿਚੋਂ ਗਰਾਮ ਪੰਚਾਇਤ ਸਭ ਤੋਂ ਹੇਠਲੀ ਇਕਾਈ ਹੈ। ਗਰਾਮ ਪੰਚਾਇਤ ਦੀ ਚੋਣ ਗਰਾਮ ਸਭਾ ਖੇਤਰ ਵਿੱਚ ਰਹਿੰਦੇ ਵੋਟਰਾਂ ਵੱਲੋਂ ਕੀਤੀ ਜਾਂਦੀ ਹੈ। ਮੌਜੂਦਾ ਸਮੇਂ ਪੰਜਾਬ ਪੰਜਾਬ ਵਿਚ 13278 ਗਰਾਮ ਪੰਚਾਇਤਾਂ ਹਨ। ਗਰਾਮ ਪੰਚਾਇਤ ਦੇ ਮੈਂਬਰਾਂ ਦੀ ਗਿਣਤੀ 5 ਤੋਂ 13 ਤੱਕ ਹੋ ਸਕਦੀ ਹੈ। ਐਕਟ ਮੁਤਾਬਕ ਗਰਾਮ ਪੰਚਾਇਤ ਮੈਂਬਰਾਂ ਵਿੱਚ ਔਰਤਾਂ, ਅਨੁਸੂਚਿਤ ਜਾਤੀਆਂ ਅਤੇ ਪਿਛੜੇ ਵਰਗਾਂ ਲਈ ਰਾਖਵਾਂਕਰਨ ਕੀਤਾ ਗਿਆ।

ਪੰਜਾਬ ਪੰਚਾਇਤੀ ਰਾਜ ਐਕਟ 1994 (ਸੋਧ ਐਕਟ ਨੰਬਰ 4 ਸਾਲ 2012) ਦੀ ਧਾਰਾ 10 ਅਤੇ 10-ਏ ਦੇ ਉਪਬੰਧਾਂ ਨੂੰ ਮੁੱਖ ਰੱਖਦੇ ਹੋਏ ਗਰਾਮ ਪੰਚਾਇਤਾਂ ਦੀ ਵਾਰਡਬੰਦੀ ਕੀਤੀ ਗਈ ਹੈ। ਵਾਰਡਾਂ ਦੀ ਗਿਣਤੀ ਨੂੰ ਪੰਚਾਂ ਦੀ ਗਿਣਤੀ ਅਨੁਸਾਰ ਵੰਡਿਆ ਗਿਆ ਹੈ, ਜਿਸ ਤਰ੍ਹਾਂ ਆਬਾਦੀ ਦੇ ਹਰ ਇੱਕ ਪੱਧਰ ਦੇ ਸਾਹਮਣੇ ਦਰਸਾਇਆ ਗਿਆ ਹੈ :

| ਲੜੀ ਨੰ. | ਆਬਾਦੀ | ਪੰਚਾਂ ਦੀ ਗਿਣਤੀ | ਵਾਰਡਾਂ ਦੀ ਗਿਣਤੀ |
|---|---|---|---|
| 1 | 300 ਤੋਂ 1000 ਤੱਕ ਦੀ ਆਬਾਦੀ ਲਈ | 5 | 5 |
| 2 | 1001 ਤੋਂ 2000 ਤੱਕ ਦੀ ਆਬਾਦੀ ਲਈ | 7 | 7 |
| 3 | 2001 ਤੋਂ 5000 ਤੱਕ ਦੀ ਆਬਾਦੀ ਲਈ | 9 | 9 |
| 4 | 5001 ਤੋਂ 10000 ਤੱਕ ਆਬਾਦੀ ਲਈ | 11 | 11 |
| 5 | 10000 ਤੋਂ ਵੱਧ ਦੀ ਆਬਾਦੀ ਲਈ | 13 | 13 |

ਸੋਧ ਤੋਂ ਪਹਿਲਾਂ ਜਿਨ੍ਹਾਂ ਗਰਾਮ ਪੰਚਾਇਤਾਂ ਦੀ ਆਬਾਦੀ 300 ਤੋਂ ਘੱਟ ਹੈ, ਉਨ੍ਹਾਂ ਗਰਾਮ ਪੰਚਾਇਤਾਂ ਦੇ ਵਾਰਡਾਂ ਅਤੇ ਪੰਚਾਂ ਦੀ ਗਿਣਤੀ ਵੀ 5 ਰੱਖੀ ਗਈ ਹੈ।

ਪੰਜਾਬ ਵਿੱਚ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 23 (1) ਅਨੁਸਾਰ ਹਰੇਕ ਗਰਾਮ ਪੰਚਾਇਤ ਨੂੰ ਮਹੀਨੇ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰਨੀ ਜ਼ਰੂਰੀ ਹੈ। ਇਹ ਮੀਟਿੰਗ ਗਰਾਮ ਪੰਚਾਇਤ ਦੇ ਦਫਤਰ ਜਾਂ ਗਰਾਮ ਸਭਾ ਖੇਤਰ ਵਿੱਚ ਕਿਸੇ ਜਨਤਕ (ਭਾਵ ਸਾਂਝੀ) ਥਾਂ ਤੇ ਹੋ ਸਕਦੀ ਹੈ। ਇਹ ਮੀਟਿੰਗ ਸਰਪੰਚ ਦੁਆਰਾ ਨਿਰਧਾਰਿਤ ਸਮੇਂ ਅਤੇ ਮਿਤੀ ਅਨੁਸਾਰ ਕੀਤੀ ਜਾਵੇਗੀ।

### ਸਪੈਸ਼ਲ ਜਾਂ ਖਾਸ ਮੀਟਿੰਗ ਸਬੰਧੀ :

ਧਾਰਾ 23(2) ਅਨੁਸਾਰ ਸਰਪੰਚ ਨੂੰ ਜਦੋਂ ਵੀ ਪੰਚਾਂ ਦੀ ਬਹੁ ਗਿਣਤੀ ਦੁਅਰਾ ਖਾਸ ਮੀਟਿੰਗ ਬੁਲਾਉਣ ਲਈ ਲਿਖਤੀ ਤੌਰ ਤੇ ਸੱਦਾ ਦਿੱਤਾ ਜਾਵੇ ਤਾਂ ਉਹ ਤਿੰਨ ਦਿਨ ਦੇ ਵਿੱਚ ਮੀਟਿੰਗ ਸੱਦੇਗਾ। ਜੇਕਰ ਸਰਪੰਚ ਅਜਿਹੀ ਬੇਨਤੀ ਉਤੇ ਮੀਟਿੰਗ ਨਹੀਂ ਬੁਲਾਉਂਦਾ ਤਾਂ ਪੰਚ ਕਾਰਜਕਾਰੀ ਅਫਸਰ ਦੀ ਅਗੇਤੀ ਪ੍ਰਵਾਨਗੀ ਨਾਲ ਇੱਕ ਹਫਤੇ ਦਾ ਨੋਟਿਸ ਪੰਚਾਇਤ ਸਕੱਤਰ ਰਾਹੀਂ ਸਰਪੰਚ ਅਤੇ ਦੂਜੇ ਪੰਚ ਨੂੰ ਦੇ ਕੇ ਮੀਟਿੰਗ ਬੁਲਾਉਣ ਦੇ ਹੱਕਦਾਰ ਹੋਣਗੇ।

### ਮੀਟਿੰਗ ਲਈ ਏਜੰਡਾ ਨੋਟਿਸ :

ਧਾਰਾ 23(3) ਅਨੁਸਾਰ ਪੰਚਾਇਤ ਸਕੱਤਰ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਸਰਪੰਚ ਦੀ ਸਹਿਮਤੀ ਅਨੁਸਰ ਗਰਾਮ ਪੰਚਾਇਤੀ ਦੀ ਮੀਟਿੰਗ ਲਈ ਪੂਰੇ ਸੱਤ ਦਿਨਾਂ ਦਾ ਅਤੇ ਵਿਸ਼ੇਸ਼ ਮੀਟਿੰਗ ਲਈ ਤਿੰਨ ਦਿਨਾਂ ਦਾ ਏਜੰਡਾ ਨੋਟਿਸ ਦੂਸਰੇ

ਸਾਰੇ ਪੰਚਾਂ ਅਤੇ ਰਾਜ ਸਰਕਾਰ ਦੇ ਨਿਰਧਾਰਤ ਅਸਫਰ ਨੂੰ ਭੇਜੇਗਾ। ਏਜੰਡਾ ਨੋਟਿਸ ਵਿੱਚ ਮੀਟਿੰਗ ਦੇ ਸਥਾਨ, ਮਿਤੀ ਅਤੇ ਸਮੇਂ ਦੇ ਨਾਲ-ਨਾਲ (ਏਜੰਡੇ ਦੀਆਂ ਮੱਦਾਂ) ਭਾਵ ਜਿਨ੍ਹਾਂ ਮੱਦਾਂ ਤੇ ਵਿਚਾਰ ਕੀਤਾ ਜਾਣਾ ਹੈ ਉਹਨਾਂ ਦਾ ਵੇਰਵਾ ਵੀ ਦਿੱਤਾ ਜਾਣ ਚਾਹੀਦਾ ਹੈ। ਇਸ ਨੋਟਿਸ ਦੀ ਇੱਕ ਕਾਪੀ ਗਰਾਮ ਪੰਚਾਇਤ ਦੇ ਨੋਟਿਸ ਬੋਰਡ ਉੱਤੇ ਵੀ ਲਗਾਉਣੀ ਚਾਹੀਦੀ ਹੈ।

ਜੇਕਰ ਕੋਈ ਪੰਚ ਏਜੰਡਾ ਨੋਟਿਸ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਚੌਂਕੀਦਾਰ ਜਿਹੜਾ ਇਸ ਨੋਟਿਸ ਦੀ ਤਾਮੀਲ ਕਰਵਾ ਰਿਹਾ ਹੈ ਉਸ ਨੋਟਿਸ ਤੇ ਲਿਖੇਗਾ ਕਿ ਸਬੰਧਤ ਮੈਂਬਰ ਨੋਟਿਸ ਲੈਣ ਤੋਂ ਇਨਕਾਰੀ ਹੈ ਤੇ ਇਸ ਦੀ ਤਸਦੀਕ ਕਿਸੇ ਨੇੜੇ ਦੇ ਮੋਹਤਬਰ ਵਿਕਅਤੀ ਤੋਂ ਕਰਵਾਈ ਜਾਵੇ। ਅਜਿਹੇ ਪੰਚ ਨੂੰ, ਜੋ ਨੋਟਿਸ ਲੈਣ ਤੋਂ ਇਨਕਾਰ ਕਰਦਾ ਹੈ, ਰਜਿਟਰਡ ਡਾਕ ਰਾਹੀਂ ਇਹ ਨੋਟਿਸ ਭੇਜਿਆ ਜਾਵੇ ਅਤੇ ਇਸ ਦੀ ਰਸੀਦ ਏਜੰਡਾ ਫਾਈਲ ਵਿਚ ਰੱਖੀ ਜਾਵੇ।

### ਗਰਾਮ ਪੰਚਾਇਤ ਦੀ ਮੀਟਿੰਗ ਲਈ ਕੋਰਮ

ਧਾਰਾ 24(1) ਕਿਸੇ ਸੰਸਥਾਂ ਦਾ ਕੰਮ ਚਲਾਉਣ ਲਈ ਐਕਟ ਅਨੁਸਾਰ ਨਿਰਧਾਰਿਤ ਘੱਟੋ ਘੱਟ ਮੈਂਬਰਾਂ ਦੀ ਗਿਣਤੀ ਨੂੰ ਕੋਰਮ ਕਿਹਾ ਜਾਂਦਾਹੈ। ਗਰਾਮ ਪੰਚਾਇਤ ਦੀ ਆਮ ਮੀਟਿੰਗ ਲਈ ਧਾਰਾ 24 (1) ਅਨੁਸਾਰ ਅਹੁਦੇ ਤੇ ਕਾਇਮ ਪੰਚਾਂ ਦੀ ਬਹੁਗਿਣਤੀ (ਭਾਵ ਅੱਧ ਨਾਲੋਂ ਵੱਧ) ਕੋਰਮ ਪੂਰਾ ਕਰਦੀ ਹੈ। ਮੀਟਿੰਗ ਦੀ ਪ੍ਰਧਾਨਗੀ ਕਰਨ ਵਾਲਾ ਵਿਅਕਤੀ 30 ਮਿੰਟ ਲਈ ਇੰਤਜ਼ਾਰ ਕਰੇਗਾ। ਜੇਕਰ ਇਸ ਸਮੇਂ ਵਿੱਚ ਅੱਧ ਤੋਂ ਵੱਧ ਪੰਚ ਹਾਜ਼ਰੀ ਲਗਾਉਣ ਤਾਂ ਕਾਰਵਾਈ ਸ਼ੁਰੂ ਕਰੇਗਾ। ਜੇਕਰ ਇਸ ਸਮੇਂ ਤੱਕ ਕੋਰਮ ਪੂਰਾ ਨਹੀਂ ਹੁੰਦਾ ਤਾਂ ਮੀਟਿੰਗ ਕਿਸੇ ਅਜਿਹੇ ਦਿਨ ਲਈ ਜੋ ਉਹ ਨਿਸ਼ਚਿਤ ਕਰੇ ਮੁਲਤਵੀ ਕਰੇਗਾ।

### ਮੀਟਿੰਗਾਂ ਸਮੇਂ ਪੰਚਾਂ ਦੀ ਹਾਜ਼ਰੀ ਸਬੰਧੀ

ਪੰਚਾਂ ਅਤੇ ਸਰਪੰਚਾਂ ਦੀ ਹਰੇਕ ਪੰਚਾਇਤ ਮੀਟਿੰਗ ਲਈ ਹਾਜ਼ਰੀ ਰਜਿਸਟਰ, ਪੰਜਾਬ ਗਰਾਮ ਪੰਚਾਇਤ ਰੂਲਜ 2012, ਦੇ **ਰੂਲ 8 ਦੇ ਫਾਰਮ 1 ਅਨੁਸਾਰ ਹੋਣ**। ਇਸ ਰਜਿਟਸਰ ਵਿੱਚ ਪੰਚ ਅਤੇ ਸਰਪੰਚ ਆਪਣੀ ਹਾਜ਼ਰੀ ਆਪਣੇ ਦਸਤਖਤ ਅੰਗੂਠਾ ਆਦਿ ਖੁਦ ਲਗਾਉਣਗੇ। ਪ੍ਰਧਾਨਗੀ ਕਰ ਰਿਹਾ ਵਿਅਕਤੀ ਅੱਧਾ ਘੰਟਾ ਉਡੀਕ ਕਰਨ ਤੋਂ ਬਾਅਦ ਮੀਟਿੰਗ ਵਿਚ ਗੈਰ ਹਾਜ਼ਰ ਰਹਿਣ ਵਾਲੇ ਪੰਚਾਂ/ਮੈਂਬਰਾਂ ਦੀ ਗੈਰਹਾਜ਼ਰੀ ਲਗਾਵੇਗਾ।

### ਮੀਟਿੰਗ ਵਿੱਚ ਗੈਰ-ਹਾਜ਼ਰੀ ਲਈ ਸਜ਼ਾ

ਧਾਰਾ 20(1)(3), ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 20 ਅਨੁਸਾਰ ਜੇਕਰ ਕੋਈ ਵਿਅਕਤੀ ਸਰਪੰਚ ਹੁੰਦੇ ਹੋਏ ਪੰਚਾਇਤ ਦੀਆਂ ਦੋ ਮਹੀਨੇ ਲਗਾਤਾਰ ਮੀਟਿੰਗਾਂ ਨਹੀਂ ਬੁਲਾਉਂਦਾ ਜਾਂ ਮੀਟਿੰਗਾਂ ਵਿੱਚ ਭਾਗ ਨਹੀਂ ਲੈਂਦਾ ਤਾਂ ਉਸ ਸਰਪੰਚ ਦੇ ਖਿਲਾਫ ਕਾਰਵਾਈ ਕਰਨ ਹਿੱਤ ਬੀ.ਡੀ.ਪੀ.ਓ. ਰਾਹੀਂ ਡਾਇਰੈਕਟਰ ਪੰਚਾਇਤ ਨੂੰ ਲਿਖਿਆ ਜਾਵੇਗਾ ਅਤੇ ਡਾਇਰੈਕਟਰ ਪੰਚਾਇਤ ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇ ਕੇ ਲੋੜੀਂਦੀ ਪੜਤਾਲ ਪੜਤਾਲ ਕਰਨ ਉਪਰੰਤ ਅਹੁਦੇ ਤੋਂ ਮੁਅੱਤਲ ਕੀਤਾ ਜਾ ਸਕਦਾ ਹੈ ਜਾ ਹਟਾਇਆ ਵੀ ਸਕਦਾ ਹੈ।

ਇਸ ਤਰ੍ਹਾਂ ਜੇਕਰ ਕੋਈ ਪੰਚ ਲਾਗਾਤਰ ਪੰਚਾਇਤ ਦੀਆਂ ਮੀਟਿੰਗਾਂ ਵਿੱਚੋਂ ਦੋ ਮਹੀਨੇ ਲਈ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਦੇ ਵਿਰੁੱਧ ਵੀ ਕਾਰਵਾਈ ਲਈ ਲਿਖਿਆ ਜਾਵੇਗਾ ਅਤੇ ਉਸ ਨੂੰ ਮੁਅੱਤਲ ਜਾਂ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।

### ਗਰਾਮ ਪੰਚਾਇਤ ਦੀ ਮੀਟਿੰਗ ਦੀ ਪ੍ਰਧਾਨਗੀ ਸਬੰਧੀ

ਧਾਰਾ 24(2) ਅਨੁਸਾਰ ਗਰਾਮ ਪੰਚਾਇਤ ਦੀ ਪ੍ਰਧਾਨਗੀ ਸਰਪੰਚ ਦੁਆਰਾ ਕੀਤੀ ਜਾਵੇਗੀ ਪਰੰਤੂ ਜੇਕਰ ਕਿਸੇ ਕਾਰਨ ਸਰਪੰਚ ਗੈਰਹਾਜ਼ਰ ਹੈ ਤਾਂ ਮੀਟਿੰਗ ਵਿੱਚ ਹਾਜ਼ਰ ਪੰਚਾਂ ਵਿੱਚੋਂ ਕਿਸੇ ਨੂੰ ਪ੍ਰਧਾਨਗੀ ਕਰਨ ਲਈ ਚੁਣਿਆ ਜਾ ਸਕਦਾ ਹੈ।

### ਮਤਾ ਪਾਸ ਕਰਨਾ ਸਬੰਧੀ

ਧਾਰਾ 24(3) ਅਨੁਸਾਰ ਸਾਰੇ ਮਾਮਲਆਂ ਦੇ ਫੈਸਲੇ, ਜੇ ਕੋਈ ਹੋਰ ਵਿਸ਼ੇਸ਼ ਵਿਵਸਥਾ ਨਾ ਹੋਵੇ, ਤਾਂ ਮੌਜੂਦਾ ਮੈਂਬਰਾਂ ਦੀ ਬਹੁਗਿਣਤੀ ਵੋਟਾਂ ਨਾਲ ਹੋਣਗੇ ਅਤੇ ਸਰਪੰਚ ਜਾਂ ਪੰਚਾਂ ਵਿਚੋਂ ਜਿਹੜਾ ਵੀ ਪ੍ਰਧਾਨਗੀ ਕਰ ਰਿਹਾ ਹੋਵੇ, ਕਿਸੇ ਮਾਮਲੇ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਵੋਟਾਂ ਦੀ ਗਿਣਤੀ ਦਾ ਐਲਾਨ ਕਰਨ ਤੋਂ ਪਹਿਲਾਂ ਆਪਣੀ ਵੋਟ ਦੇਵੇਗਾ ਜੇਕਰ ਉਹ ਵੋਟ **ਦੇਣ** ਤੋਂ ਇਨਕਾਰੀ ਨਾ ਹੋਵੇ । ਇਹ ਸਾਰੇ ਮੈਂਬਰ ਕਾਰਵਾਈ ਰਜਿਸਟਰ ਵਿੱਚ ਮਤੇ ਦੇ ਹੱਕ ਜਾਂ ਵਿਰੋਧ ਵਿੱਚ ਆਪਣੇ ਦਸਤਖਤ/ਅੰਗੂਠਾ ਕਰਨਗੇ।

## ਨਿਰਣਾਇਕ ਵੋਟ (ਕਾਸਟਿੰਗ)

ਧਾਰਾ 24(3) ਅਨੁਸਾਰ ਜੇਕਰ ਕਿਸੇ ਮਤੇ ਦੇ ਹੱਕ ਅਤੇ ਵਿਰੋਧ ਵਿੱਚ ਵੋਟਾਂ ਦੀ ਗਿਣਤੀ ਬਰਾਬਰ ਹੋ ਜਾਂਦੀ ਹੈ ਤਾਂ ਪ੍ਰਧਾਨਗੀ ਕਰ ਰਹੇ ਸਰਪੰਚ ਜਾ ਪ੍ਰਧਾਨਗੀ ਕਰ ਰਹੇ ਪੰਚ ਨੂੰ ਆਪਣੀ ਇੱਕ ਵਾਧੂ ਵੋਟ ਮਤੇ ਦੇ ਹੱਕ ਵਿੱਚ ਦੇਣ ਦਾ ਅਧਿਕਾਰ ਹੈ

**ਧਾਰਾ 24(4) ਗਰਾਮ ਪੰਚਾਇਤ ਦਾ ਕੋਈ ਵੀ ਮੈਂਬਰ ਵਿਚਾਰੇ ਜਾ ਰਹੇ ਮੱਤੇ ਤੇ ਬਹਿਸ ਵਿੱਚ ਭਾਗ ਨਹੀਂ ਲੈ ਸਕਦਾ ਅਤੇ ਨਾ ਹੀ ਵੋਟ ਪਾ ਸਕਦਾ ਹੈ ਜੇਕਰ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਵਿਅਕਤੀ ਦਾ ਮਾਮਲੇ ਵਿੱਚ ਕੋਈ ਜਾਤੀ ਹਿੱਤ ਹੋਵੇ। ਜੇਕਰ ਕਿਸੇ ਵਿਅਕਤੀ (ਸਰਪੰਚ) ਆਦਿ ਦਾ ਕੋਈ ਵਿੱਤੀ ਹਿੱਤ ਵੀ ਹੈ ਤਾਂ ਵੀ ਉਹ ਅਜਿਹੇ ਮੱਤੇ ਸਮੇਂ ਮੀਟਿੰਗ ਦੀ ਪ੍ਰਧਾਨਗੀ ਨਹੀਂ ਕਰ ਸਕਦਾ ਤੇ ਨਾ ਹੀ ਵੋਟਿੰਗ ਵਿੱਚ ਭਾਗ ਲੈ ਸਕਦਾ ਹੈ।**

ਉਪਰੋਕਤ ਕਾਰਜਪ੍ਰਣਾਲੀ ਤੁਹਾਡੇ ਕੰਮਾਂ ਦੀ ਸਮਰੱਥਾ, ਫੈਸਲੇ ਲੈਣ ਦੀ ਪਰਕ੍ਰਿਆ ਅਤੇ ਯੋਜਨਾਬੰਦੀ ਨੂੰ ਐਨਾ ਆਸਾਨ ਬਣਾ ਦਿੰਦੀ ਹੈ ਕਿ ਕੋਈ ਵੀ ਨੁਮਾਇੰਦਾ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਨਹੀਂ ਸਕਦਾ ਅਤੇ ਉਹ ਇੱਕ ਲੜੀ ਦਾ ਹਿੱਸਾ ਬਣ ਕੇ ਲੋਕਾਂ ਅੱਗੇ ਜਵਾਬਦੇਹ ਹੁੰਦਾ ਹੈ। ਕੀ ਤੁਹਾਡੇ ਖੇਤਰ ਦੀਆਂ ਪੰਚਾਇਤਾਂ ਉਪਰੋਕਤ ਅਧਿਕਾਰਾਂ ਤਹਿਤ ਸੱਦਾ ਪੱਤਰ (ਨੋਟਿਸ) ਦੇਂਦੀਆਂ ਹਨ, ਜੇ ਨਹੀਂ ਤਾਂ ਰੁਕਾਵਟ ਕਿੱਥੇ ਹੈ? ਸਾਨੂੰ ਕਿਹੜੇ ਯਤਨ ਕਰਨ ਦੀ ਲੋੜ ਹੈ?



**ਨੋਟ:** ਕਾਸਟਿੰਗ ਵੋਟ ਦੀ ਵਰਤੋਂ ਤਾਂ ਹੀ ਹੋ ਸਕਦੀ ਹੈ ਜੇਕਰ ਪਹਿਲਾਂ ਮੀਟਿੰਗ ਕਰਨ ਲਈ ਕੁਲ ਪੰਚਾਂ ਵਿੱਚੋਂ ਕੋਰਮ ਪੂਰਾ ਹੋਵੇ। ਕੋਰਮ ਪੂਰਾ ਕਰਨ ਲਈ ਸਰਪੰਚ ਨੂੰ ਜਾਂ ਪ੍ਰਧਾਨਗੀ ਕਰ ਰਹੇ ਪੰਚ ਨੂੰ ਨਿਰਣਾਇਕ ਜਾਂ ਕਾਸਟਿੰਗ ਵੋਟ ਦੇਣ ਦਾ ਅਧਿਕਾਰ ਨਹੀਂ ਹੈ।

ਕਾਸਟਿੰਗ ਵੋਟ ਸਮੇਤ ਪਾਸ ਕੀਤੇ ਮਤੇ ਦੇ ਹੇਠਾਂ ਨੋਟ ਦਿੱਤਾ ਜਾਵੇ ਕਿ ਇਹ ਮਤਾ ਸਰਪੰਚ ਨੇ ਧਾਰਾ 24(3) ਅਨੁਸਾਰ ਆਪਣੇ ਵਾਧੂ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਪਾਸ ਕੀਤਾ ਹੈ ਅਤੇ ਜਿਹਨਾਂ ਮੈਂਬਰਾਂ ਨੇ ਮਤੇ ਦਾ ਵਿਰੋਧ ਕੀਤਾ ਹੈ ਜੇਕਰ ਉਹ ਦਸਤਖਤ ਨਹੀਂ ਕਰਦੇ ਤਾਂ ਨੋਟ ਵਿਚ ਦਰਜ ਕਰਨਾ ਲਾਜ਼ਮੀ ਹੈ ਕਿ ਕਿਹੜੇ ਮੈਂਬਰਾਂ ਨੇ ਮਤੇ ਨਾਲ ਅਸਹਿਮਤੀ ਪ੍ਰਗਟਾਈ ਅਤੇ ਦਸਤਖਤ ਕਰਨ ਤੋਂ ਇਨਕਾਰ ਕੀਤਾ।

## ਅਧਿਆਇ 4
# ਗਰਾਮ ਪੰਚਾਇਤਾਂ : ਕੰਮ ਅਤੇ ਸ਼ਕਤੀਆਂ

ਪੰਜਾਬੀ ਪੰਚਾਇਤੀ ਰਾਜ ਐਕਟ 1994 ਵਿੱਚ ਗਰਾਮ ਪੰਚਾਇਤਾਂ ਦੇ ਬਹੁਤ ਸਾਰੇ ਕੰਮਾਂ ਦਾ ਵਰਣਨ ਕੀਤਾ ਗਿਆ ਹੈ। ਪੰਚਾਇਤ ਐਕਟ ਮੁਤਾਬਿਕ ਪੰਚਾਇਤਾਂ ਰਾਜ ਸਰਕਾਰ ਦੁਆਰਾ ਨਿਸ਼ਚਿਤ ਨਿਯਮਾਂ ਅਤੇ ਆਪਣੇ ਮਾਲੀ ਸਾਧਨਾਂ ਨੂੰ ਧਿਆਨ ਵਿੱਚ ਰੱਖ ਕੇ ਆਪਣੀ ਜ਼ਿੰਮੇਵਾਰੀ ਨਿਭਾਉਣਗੀਆਂ। ਇਸੇ ਸੰਦਰਭ ਵਿੱਚ ਪੰਚਾਇਤਾਂ ਨੂੰ ਸੌਂਪੇ ਕੰਮਾਂ ਦੀ ਗਿਣਤੀ ਤਾਂ ਬਹੁਤ ਜ਼ਿਆਦਾ ਹੈ ਪਰੰਤੂ ਮਹੱਤਵਪੂਰਨ ਕੰਮਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ :

### 1) ਸਰਵਜਨਕ ਕੰਮ :

- ਆਪਸੀ ਭਾਈਚਾਰਾ ਬਣਾਈ ਰੱਖਣਾ।
- ਗਲੀਆਂ, ਨਲੀਆਂ ਬਣਾਉਣਾ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ।
- ਸੜਕਾਂ ਦੀ ਦੇਖ ਭਾਲ ਕਰਨੀ ਅਤੇ ਉਹਨਾਂ ਦੀ ਮੁਰੰਮਤ ਕਰਵਾਉਣੀ।
- ਲੋਕਾਂ ਲਈ ਪੀਣ ਵਾਲੇ, ਕੱਪੜੇ ਧੋਣ ਅਤੇ ਨਹਾਉਣ **ਵਾਲੇ** ਪਾਣੀ ਦਾ ਪ੍ਰਬੰਧ ਕਰਨਾ।
- ਪਸ਼ੂਆਂ ਦੀ ਨਸਲ ਸੁਧਾਰਨ ਦੇ ਕਾਰਜਾਂ ਵਿੱਚ ਪਸ਼ੂ ਪਾਲਣ ਵਿਭਾਗ ਦੀ ਮੱਦਦ ਕਰਨੀ ਅਤੇ ਪਸ਼ੂਆਂ ਦੀਆਂ ਮੰਡੀਆਂ ਲਗਵਾਉਣ ਦਾ ਪ੍ਰਬੰਧ ਕਰਨਾ ।
- ਜਨਤਕ ਥਾਵਾਂ ਉੱਪਰ ਰੌਸ਼ਨੀ ਦਾ ਪ੍ਰਬੰਧ ਕਰਨਾ ।
- ਯਾਤਰੂਆਂ ਲਈ ਇਮਾਰਤਾਂ ਦੀ ਉਸਾਰੀ, ਮੁਰੰਮਤ ਅਤੇ ਊਰਜਾ ਦਾ ਪ੍ਰਬੰਧ ਕਰਨਾ ।
- ਲਾਇਬ੍ਰੇਰੀਆਂ ਅਤੇ ਅਧਿਐਨ ਕੇਂਦਰ ਸਥਾਪਿਤ ਕਰਨਾ ।
- ਸ਼ਮਸ਼ਾਨ ਭੂਮੀ ਦਾ ਪ੍ਰਬੰਧ ਅਤੇ ਦੇਖਭਾਲ ਕਰਨਾ ।
- ਛੂਤ ਛਾਤ ਦੀਆਂ ਬੀਮਾਰੀਆਂ ਦੀ ਰੋਕਥਾਮ ਲਈ ਟੀਕੇ ਲਾਉਣ ਜਾਂ ਹੋਰ ਉਪਾਅ ਕਰਨਾ ।
- ਜਨਤਕ ਬਗੀਚਿਆਂ, ਖੇਡ ਮੈਦਾਨਾਂ ਆਦਿ ਦੀ ਸਿਰਜਣਾ ਅਤੇ ਮਨੋਰੰਜਨ ਪਾਰਕਾਂ ਦੀ ਵਿਵਸਥਾ ਕਰਨੀ, ਖੇਡਾਂ ਕਰਾਉਣੀਆਂ ਅਤੇ ਖੇਡਾਂ ਦਾ ਸਮਾਨ ਸਪਲਾਈ ਕਰਨਾ।
- ਖੇਤੀ, ਵਪਾਰ ਅਤੇ ਦਿਹਾਤੀ ਉਦਯੋਗ ਦੇ ਵਿਕਾਸ ਵਿਚ ਸਹਾਇਤਾ ਕਰਨੀ।
- ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨਾ ਤੇ ਲੋਕਾਂ ਦੇ ਸਮਾਜਿਕ ਜੀਵਨ ਨੂੰ ਸੁਧਾਰਨ ਦੇ ਯਤਨ ਕਰਨੇ ।
- ਕੁਦਰਤੀ ਕਰੋਪੀਆਂ, ਹੜ੍ਹ, ਸੋਕੇ ਆਦਿ ਕਾਰਨ ਪੀੜਤ ਲੋਕਾਂ ਦੀ ਦੇਖਭਾਲ ਕਰਨੀ।
- ਹਸਪਤਾਲਾਂ ਦੀ ਸਥਾਪਨਾ ਅਤੇ ਰੱਖ ਰਖਾਓ; ਅਤੇ
- ਔਰਤਾਂ ਅਤੇ ਬੱਚਿਆਂ ਦੀ ਸਿਹਤ ਦੀ ਰੱਖਿਆ ਲਈ ਕੇਂਦਰ ਖੋਲ੍ਹਣੇ।

### 2. ਪ੍ਰਸ਼ਾਸਨਿਕ ਕੰਮ

- ਪਿੰਡਾਂ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣਾ
- ਆਪਣੇ ਅਧਿਕਾਰ ਖੇਤਰਵਿੱਚ ਅਪਰਾਧੀਆਂ ਨੂੰ ਫੜਨ ਅਤੇ ਅਪਰਾਧਾਂ ਦੀ ਰੋਕਥਾਮ ਕਰਨ ਲਈ ਪੁਲਿਸ ਦੀ ਸਹਾਇਤਾ ਕਰਨਾ ਅਤੇ
- ਨਸ਼ਾਬੰਦੀ ਲਾਗੂ ਕਰਨਾ

**ਧਾਰਾ 40(1) ਅਨੁਸਾਰ**

- ਗਰਾਮ ਪੰਚਾਇਤ (ਜਿਸ ਨੂੰ ਉਸ ਸਮੇਂ ਅਹੁਦੇ ਤੇ ਰਹੇ ਪੰਚਾਂ ਦੀ ਘੱਟੋ **ਘੱਟ** ਦੋ ਤਿਹਾਈ ਦਾ ਸਮਰਥਨ ਹੋਵੇ) ਮਤਾ ਪਾਸ ਕਰਕੇ (ਜਿਹੜਾ ਪਹਿਲੀ ਅਪ੍ਰੈਲ ਤੋਂ 30 ਸਤੰਬਰ ਜਾਂ ਇਸ ਤੋਂ ਪਹਿਲਾਂ ਪਾਸ ਕੀਤਾ **ਜਾਵੇ, ਮੱਤੇ ਦੀ ਕਾਪੀ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਨੂੰ ਭੇਜਣੀ ਯਕੀਨੀ ਬਣਾਇਆ ਜਾਵੇ**) ਗਰਾਮ ਸਭਾ ਖੇਤਰ ਦੇ ਅੰਦਰ ਕਿਸੇ ਵੀ ਲਾਇਸੈਂਸ ਸ਼ੁਦਾ ਦੁਕਾਨ ਤੇ ਨਸ਼ੀਲੀ ਸ਼ਰਾਬ ਦੀ ਵਿੱਕਰੀ ਨਾ ਕੀਤੀ ਜਾਵੇ। ਪੰਜਾਬ ਲੋਕਲ ਆਕਸ਼ਨ ਐਕਟ 1923 ਦੀ ਧਾਰਾ 5 ਜਾਂ ਉਸ ਸਮੇਂ ਲਾਗੂ ਕਿਸੇ ਹੋਰ ਕਾਨੂੰਨ ਤਹਿਤ ਅਧਿਕਾਰਤ ਕਿਸੇ ਸਥਾਨਕ ਸੰਸਥਾ ਵੱਲੋਂ ਪਾਸ ਕੀਤੇ ਮਤੇ ਦੇ ਹੁੰਦੇ ਹੋਏ ਵੀ ਅਜਿਹਾ ਮਤਾ ਇਸਦੇ ਪਾਸ ਹੋਣ ਦੀ ਤਾਰੀਕ ਤੋਂ ਅਗਲੇ ਸਾਲ ਦੀ ਪਹਿਲੀ ਅਪ੍ਰੈਲ ਤੋਂ ਲਾਗੂ **ਹੋਵੇਗਾ**।
- ਪਿੰਡ ਦੇ ਪਟਵਾਰੀਆਂ , ਚੌਕੀਦਾਰਾਂ ਦੇ ਕੰਮਾਂ ਦੀ ਨਿਗਰਾਨੀ ਕਰਨੀ ਵੀ ਪੰਚਾਇਤਾਂ ਦਾ ਕੰਮ ਹੈ। ਜੇਕਰ ਪਟਵਾਰੀ, ਚੌਂਕੀਦਾਰ ਆਪਣਾ ਕੰਮ ਠੀਕ ਢੰਗ ਨਾਲ ਨਾ ਕਰੇ ਤਾਂ ਪੰਚਾਇਤ ਉਸ ਦੀ ਸ਼ਿਕਾਇਤ ਸੰਬੰਧਤ ਅਧਿਕਾਰੀ ਜਾਂ ਡਿਪਟੀ ਕਮਿਸ਼ਨਰ ਨੂੰ ਕਰ ਸਕਦੀ ਹੈ। ਸੰਬੰਧਤ ਅਧਿਕਾਰੀ ਜਾਂ ਡਿਪਟੀ ਕਮਿਸ਼ਨਰ ਲਈ ਜ਼ਰੂਰੀ ਹੈ ਕਿ ਉਹ ਅਜਿਹੀ ਸ਼ਿਕਾਇਤ ਤੇ ਕੀਤੀ ਕਾਰਵਾਈ ਬਾਰੇ ਸੂਚਨਾ ਪੰਚਾਇਤ ਨੂੰ ਭੇਜੇਗਾ।
- ਪੰਜਾਬ ਪੰਚਾਇਤੀ ਰਾਜ ਐਕਟ 1994 **ਅਤੇ ਵਿਲੇਜ ਕਾਮਨ ਲੈਂਡ ਐਕਟ** 1961 ਦੇ ਤਹਿਤ ਗਰਾਮ ਪੰਚਾਇਤਾਂ ਨੂੰ ਸ਼ਾਮਲਾਟ ਜ਼ਮੀਨਾਂ ਅਤੇ ਹੋਰ ਸਾਂਝੀਆਂ ਥਾਵਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਦੀ ਸ਼ਕਤੀ ਵੀ ਹਾਸਲ ਹੈ।

## 3. ਨਿਆਂ ਸਬੰਧੀ ਕੰਮ

ਪੰਜਾਬ ਵਿੱਚ ਗਰਾਮ ਪੰਚਾਇਤਾਂ ਨੂੰ ਮਹੱਤਵਪੂਰਨ ਨਿਆਂਇਕ ਕਾਰਜ ਸੌਂਪੇ ਗਏ ਹਨ। ਇਨ੍ਹਾਂ ਵਿੱਚ ਕੁਝ ਖਾਸ ਇੱਥੇ ਦੱਸੇ ਗਏ ਹਨ ਜਿਨ੍ਹਾਂ ਦੀ ਜਾਣਕਾਰੀ ਹਰ ਪੰਚਾਇਤ ਮੈਂਬਰ/ਪੰਚ/ਸਰਪੰਚ ਨੂੰ ਦੇਣੀ ਚਾਹੀਦੀ ਹੈ।

**ਧਾਰਾ 44 (1) ਅਧੀਨ**

ਗਰਾਮ ਪੰਚਾਇਤ ਅਨੁਸੂਚੀ 11 ਵਿੱਚ ਨਿਰਧਾਰਿਤ ਮਾਮਲਿਆਂ ਸਬੰਧੀ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਇਨ੍ਹਾਂ ਮਾਮਲਿਆਂ ਉੱਤੇ ਇਸ ਦਾ ਅਧਿਕਾਰ ਖੇਤਰ ਹੋਵੇਗਾ।

**ਧਾਰਾ 44(2) ਅਧੀਨ**

**ਜਿਹੜਾ** ਅਪਰਾਧ ਗਰਾਮ ਪੰਚਾਇਤ ਦੇ ਅਧਿਕਾਰ ਖੇਤਰ ਦੇ ਅੰਦਰ ਆਉਂਦਾ ਹੈ, ਉਸ ਦਾ ਨਿਰਣਾ ਕਰਨ ਦੇ ਮੰਤਵ ਲਈ ਕੋਡ ਆਫ ਕ੍ਰਿਮੀਨਲ ਪ੍ਰੋਸੀਜਰ 1973 ਦੀਆਂ ਧਾਰਾਵਾਂ 178 ਤੋਂ 181 ਦੇ ਉਪਬੰਧ ਲਾਗੂ ਹੋਣਗੇ।

**ਧਾਰਾ 44 (3) ਅਧੀਨ**

ਜਦੋਂ ਗਰਾਮ ਪੰਚਾਇਤ ਫੌਜਦਾਰੀ ਮਾਮਲਿਆਂ ਦੀ ਸੁਣਵਾਈ ਕਰੇਗੀ ਤਾਂ ਇਸ ਨੂੰ ਫੌਜਦਾਰੀ ਅਦਾਲਤ ਮੰਨਿਆ ਜਾਵੇਗਾ।

**ਧਾਰਾ 45 ਅਧੀਨ**

ਗਰਾਮ ਪੰਚਾਇਤ ਵਲੋਂ ਸੁਣਵਾਈ ਕਰਨ ਵਾਲਾ ਕੋਈ ਵੀ ਅਪਰਾਧ ਕਿਸੇ ਮੈਜਿਸਟ੍ਰੇਟ ਦੇ ਸਾਹਮਣੇ ਪੁਲਿਸ ਦੀ ਸ਼ਿਕਾਇਤ ਜਾਂ ਰਿਪੋਰਟ ਦੁਆਰਾ ਲਿਆਂਦਾ ਜਾਂਦਾ ਹੈ ਜਾਂ ਮੈਜਿਸਟ੍ਰੇਟ ਆਪ ਆਪਣੇ ਗਿਆਨ ਦਾ ਸੰਦੇਹ ਰਾਹੀਂ ਅਜਿਹੇ ਕਿਸੇ ਅਪਰਾਧ ਦੀ ਪਛਾਣ ਕਰਦਾ ਹੈ ਤਾਂ ਉਸ ਦੀ ਕਾਰਵਾਈ ਸਮਰੱਥ ਅਧਿਕਾਰ ਖੇਤਰ ਵਾਲੀ ਗਰਾਮ ਪੰਚਾਇਤ ਕੋਲ ਤਬਦੀਲ ਕਰੇਗਾ।

ਪਰੰਤੂ ਸ਼ਰਤ ਹੈ ਕਿ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਲਿਖਤੀ ਰੂਪ ਵਿੱਚ ਕਾਰਨ ਦੱਸਦਾ ਹੋਇਆ ਕਿਸੇ ਫੌਜਦਾਰੀ ਮਾਮਲੇ ਦਾ ਤਬਾਦਲਾ ਇੱਕ **ਗਰਾਮ** ਪੰਚਾਇਤ ਤੋਂ ਸਮਰੱਥ ਅਧਿਕਾਰ ਖੇਤਰ ਵਾਲੀ ਕਿਸੇ ਦੂਜੀ ਗਰਾਮ ਪੰਚਾਇਤ ਕੋਲ ਜਾਂ ਆਪਣੇ ਅਧੀਨ ਕਿਸੇ ਦੂਜੀ ਅਦਾਲਤ ਵਿੱਚ ਕਰ ਸਕਦਾ ਹੈ।

## ਨਿਸ਼ਚਿਤ ਮਾਮਲਿਆਂ ਨੂੰ ਬਾਹਰ ਰੱਖਣਾ

**ਧਾਰਾ 46 ਅਨੁਸਾਰ**

- ਉਪਧਾਰਾ (3) ਦੇ ਉਪਬੰਧਾਂ ਦੇ ਅਧੀਨ ਕੋਈ ਵੀ ਗਰਾਮ ਪੰਚਾਇਤ ਇੰਡੀਅਨ ਪੀਨਲ ਕੋਡ 1860 ਦੇ ਅਧੀਨ ਕਿਸੇ ਅਜਿਹੇ ਅਪਰਾਧ ਉੱਤੇ ਵਿਚਾਰ ਨਹੀਂ ਕਰੇਗੀ ਜਿਸ ਵਿਚ ਸ਼ਿਕਾਇਤੀ ਜਾਂ ਦੋਸ਼ੀ ਕੋਈ ਸਰਕਾਰੀ ਕਰਮਚਾਰੀ ਹੋਵੇ।
- ਜਦੋਂ ਗਰਾਮ ਪੰਚਾਇਤ ਵੱਲੋਂ ਸੁਣਵਾਈ ਵਾਲੇ ਕਿਸੇ ਵਿਚਾਰਨ ਯੋਗ ਅਪਰਾਧ ਸਬੰਧੀ ਸੂਚਨਾ ਪੁਲਿਸ ਸਟੇਸ਼ਨ ਦੇ ਇੰਚਾਰਜ ਅਫਸਰ ਨੂੰ ਦਿੱਤੀ ਜਾਂਦੀ ਹੈ ਤਾਂ ਉਹ ਅਜਿਹੇ ਅਪਰਾਧ ਦੀ ਸੁਣਵਾਈ ਲਈ ਸਮਰੱਥ ਅਧਿਕਾਰ ਖੇਤਰ ਵਾਲੀ ਗਰਾਮ ਪੰਚਾਇਤ ਨੂੰ ਪਹਿਲੀ ਸੂਚਨਾ ਰਿਪੋਰਟ ਦੀ ਇੱਕ ਨਕਲ ਭੇਜੇਗਾ। ਉਹ ਗਰਾਮ ਪੰਚਾਇਤ ਅਜਿਹੇ ਤੱਥਾਂ ਵਾਲੀ ਕਿਸੇ ਸ਼ਿਕਾਇਤ ਦੀ ਸੁਣਵਾਈ ਨਹੀਂ ਕਰੇਗੀ ਨਾ ਹੀ ਉਸ ਮਾਮਲੇ ਵਿੱਚ ਕੋਈ ਸੰਮਨ ਜਾਰੀ ਕਰੇਗੀ ਜਦੋਂ ਤੱਕ ਅਫਸਰ ਲਿਖਤੀ ਰੂਪ ਵਿੱਚ ਇਹ ਜਾਣਕਾਰੀ ਨਹੀਂ ਦਿੰਦਾ ਕਿ ਪੜਤਾਲ ਪੂਰੀ ਹੋ ਚੁੱਕੀ ਹੈ, ਬਸ਼ਰਤੇ ਕਿ ਪੜਤਾਲ ਪੂਰੀ ਹੋਣ ਪਿਛੋਂ ਉਹ ਅਫਸਰ ਗਰਾਮ ਪੰਚਾਇਤ ਨੂੰ ਸੂਚਨਾ ਭੇਜੇਗਾ।

## ਅਪਰਾਧੀ ਮਾਮਲਿਆਂ ਦੀ ਪਛਾਣ

**ਧਾਰਾ 47 ਅਧੀਨ**

ਗਰਾਮ ਪੰਚਾਇਤ ਕਰਕੇ ਦੇ ਕੋਲ ਅਪਰਾਧੀ ਮਾਮਲਾ ਲਿਖਤੀ ਸ਼ਿਕਾਇਤ ਰਾਹੀਂ ਅਤੇ ਅਨੁਸੂਚੀ-III ਵਿੱਚ ਨਿਸ਼ਚਿਤ ਫੀਸ ਦੀ ਅਦਾਇਗੀ **ਕਰਕੇ** ਨਿੱਜੀ ਤੌਰ ਤੇ ਸਰਪੰਚ ਦੇ ਸਾਹਮਣੇ ਪੇਸ਼ ਹੋ ਕੇ ਅਤੇ ਉਸ ਦੀ ਗੈਰਹਾਜ਼ਰੀ ਵਿੱਚ ਕਿਸੇ **ਅਧਿਕਾਰਤ** ਪੰਚ ਦੇ ਸਾਹਮਣੇ ਪੇਸ਼ ਹੋ ਕੇ ਜਾਂ ਗਰਾਮ ਪੰਚਾਇਤ ਨੂੰ ਰਜਿਸਟਰਡ ਪੋਸਟ ਰਾਹੀਂ ਸ਼ਿਕਾਇਤ ਭੇਜ ਕੇ ਦਰਜ ਹੋਵੇਗਾ।

ਪਰੰਤੂ ਜੇ ਅਦਾਲਤੀ ਫੀਸ ਟਿਕਟ ਉਸ ਥਾਂ ਉਪਲੱਬਧ ਨਹੀਂ ਜਿੱਥੇ ਆਮ ਤੌਰ ਤੇ ਗਰਾਮ ਪੰਚਾਇਤ ਬੈਠਕ ਕਰਦੀ ਹੈ ਜਾਂ ਜਿਥੋਂ ਸ਼ਿਕਾਇਤ ਭੇਜੀ ਜਾਂਦੀ ਹੈ ਤਾਂ ਫੀਸ ਦੇ ਬਰਾਬਰ ਰਾਸ਼ੀ ਨਕਦ ਵਿੱਚ ਦਿੱਤੀ ਜਾ ਸਕਦੀ ਹੈ ਜਾਂ ਮਨੀ ਆਰਡਰ ਰਾਹੀਂ ਗਰਾਮ ਪੰਚਾਇਤ ਨੂੰ ਭੇਜੀ ਜਾ ਸਕਦੀ ਹੈ।

**ਧਾਰਾ 47(2) ਅਧੀਨ**

ਸ਼ਿਕਾਇਤ ਦਾ ਵੇਰਵਾ ਇਸ ਮੰਤਵ ਦੇ ਲਈ ਨਿਰਧਾਰਤ ਰਜਿਸਟਰ ਵਿੱਚ ਗਰਾਮ ਪੰਚਾਇਤ ਦੇ ਸੈਕਟਰੀ ਦੁਆਰਾ ਦਰਜ ਕੀਤਾ ਜਾਵੇਗਾ।

**ਧਾਰਾ 47 (3) ਅਧੀਨ**

ਗਰਾਮ ਪੰਚਾਇਤ ਇੰਡੀਅਨ ਪੀਨਲ ਕੋਡ, 1860 ਦੀਆਂ ਧਾਰਾਵਾਂ 160, 228, 264, 277, 289, 290, 294, 510 ਅਤੇ ਪੰਜਾਬ ਬਾਲਸਮੋਕਿੰਗ ਐਕਟ 1918 ਦੀਆਂ ਧਰਾਵਾਂ 3 ਅਤੇ 4 ਦੇ ਅਧੀਨ ਮਾਮਲਿਆਂ ਦੀ ਸੁਣਵਾਈ ਕਰਨ ਲਈ ਸਮਰਥ ਹੋਵੇਗੀ।

## ਸ਼ਿਕਾਇਤ ਉੱਤੇ ਕਾਰਵਾਈ

**ਧਾਰਾ 48 (1) ਅਧੀਨ**

ਗਰਾਮ ਪੰਚਾਇਤ ਸ਼ਿਕਾਇਤਾਂ ਨੂੰ ਜਾਂਚਣ ਅਤੇ ਗਵਾਹਾਂ ਨੂੰ ਸੁਣਨ ਪਿੱਛੋਂ ਅਤੇ ਕੋਈ ਹੋਰ ਅਜਿਹੀ ਲੋੜੀਂਦੀ ਪੁੱਛ ਗਿੱਛ ਕਰਨ ਪਿਛੋਂ ਸ਼ਿਕਾਇਤ ਰੱਦ ਕਰ ਸਕਦੀ ਹੈ ਜਾਂ ਦੋਸ਼ੀ ਨੂੰ ਸੰਮਨ ਜਾਰੀ ਕਰ ਸਕਦੀ ਹੈ।

**ਧਾਰਾ 48 (2) ਅਧੀਨ**

ਮਾਮਲੇ ਦੀ ਸੁਣਵਾਈ ਵਾਲੇ ਕਿਸੇ ਨਿਸ਼ਚਿਤ ਦਿਨ ਜੇ ਸ਼ਿਕਾਇਤ ਕਰਤਾ ਗੈਰਹਾਜ਼ਰ ਹੁੰਦਾ ਹੈ ਜਾਂ ਮੁਕੱਦਮੇ ਦੀ ਪੈਰਵੀ ਨਹੀਂ ਕਰਦਾ ਤਾਂ ਗਰਾਮ ਪੰਚਾਇਤ ਮਾਮਲੇ ਨੂੰ ਰੱਦ ਕਰ ਸਕਦੀਹੈ ਅਤੇ ਉਪਧਾਰਾ 3 ਦੇ ਉਪਬੰਧਾਂ **ਦੀ** ਸੁ਼ਰਤ ਨਾਲ ਇਹ ਹੁਕਮ ਬਰੀ ਕੀਤੇ ਹੁਕਮਾਂ ਵਾਂਗ ਲਾਗੂ ਹੋਣਗੇ।

**ਧਾਰਾ 48 (3) ਅਧੀਨ**

ਜੇਕਰ ਸ਼ਿਕਾਇਤ ਕਰਤਾ ਕਿਸੇ ਢੁਕਵੇਂ ਕਾਰਨ ਕਰਕੇ ਆਪਣੀ ਗੈਰਹਾਜ਼ਰੀ ਦੇ ਲਈ ਗਰਾਮ ਪੰਚਾਇਤ ਨੂੰ ਸੰਤੁਸ਼ਟ ਕਰ ਦਿੰਦਾ ਹੈ ਤਾਂ ਗਰਾਮ ਪੰਚਾਇਤ ਬਰਖਾਸਤਗੀ ਦੇ ਹੁਕਮ ਹਟਾ ਸਕਦੀ ਹੈ ਅਤੇ ਕਾਰਵਾਈ ਮੁੜ ਚਾਲੂ ਕਰ ਸਕਦੀ ਹੈ।

ਪਰੰਤੂ ਬਰਖਾਸਤਗੀ ਦੇ ਹੁਕਮ ਨੂੰ ਰੱਦ ਨਹੀਂ ਕੀਤਾ ਜਾਵੇਗਾ ਜੇ :

- ਅਜਿਹੇ ਹੁਕਮ ਪਾਸ ਕੀਤੇ ਜਾਣ ਤੋਂ 30 ਦਿਨਾਂ ਦੇ ਅੰਦਰ ਅੰਦਰ ਸ਼ਿਕਾਇਤ ਕਰਤਾ ਦੁਆਰਾ ਇਸ ਮੰਤਵ ਲਈ ਪ੍ਰਾਥਨਾ ਪੱਤਰ ਨਹੀਂ ਦਿੱਤਾ ਜਾਂਦਾ; ਅਤੇ
- ਦੋਸ਼ੀ ਨੂੰ ਨੋਟਿਸ ਨਾ ਦਿੱਤਾ ਗਿਆ ਹੋਵੇ ਅਤੇ ਜੇ ਗਰਾਮ ਪੰਚਾਇਤ ਦੇ ਸਾਹਮਣੇ ਦੋਸ਼ੀ ਦੇ ਪੇਸ਼ ਹੋਣ ਪਿਛੋਂ ਬਰਖਾਸਤਗੀ ਕੀਤੀ ਗਈ ਹੋਵੇ।

## ਗਰਾਮ ਪੰਚਾਇਤ ਦਾ ਅਪਰਾਧੀ ਮਾਮਲਾ ਲੈਣ ਤੋਂ ਇਨਕਾਰ ਕਰਨ ਦਾ ਅਧਿਕਾਰ

**ਧਾਰਾ 49(1) ਅਧੀਨ**

ਜੇ ਕਾਰਵਾਈ ਦੌਰਾਨ ਕਿਸੇ ਮੌਕੇ ਗਰਾਮ ਪੰਚਾਇਤ ਨੂੰ ਜਾਪੇ ਕਿ ਅਪਰਾਧ ਅਜਿਹਾ ਹੈ ਕਿ ਬਣਦੀ ਸਜ਼ਾ ਦੇਣ ਲਈ ਗਰਾਮ ਪੰਚਾਇਤ ਸਮਰੱਥ ਨਹੀਂ ਤਾਂ ਇਹ ਲਿਖਤੀ ਆਦੇਸ਼ ਰਾਹੀਂ ਮਾਮਲੇ ਦਾ ਰਿਕਾਰਡ ਚੀਫ ਜੁਡੀਸ਼ੀਅਲ ਮੈਜਿਟ੍ਰੇਟ ਨੂੰ ਭੇਜਣ ਲਈ ਸਮੱਰਥ ਹੈ।

## ਦੋਸ਼ੀ ਨਾ ਪੇਸ਼ ਹੋਣ ਸਬੰਧੀ ਕਾਰਵਾਈ

**ਧਾਰਾ 50(1) ਅਧੀਨ**

ਜੇ ਦੋਸ਼ੀ ਪੇਸ਼ ਨਹੀਂ ਹੁੰਦਾ ਜਾਂ ਲੱਭਿਆ ਨਹੀਂ ਜਾ ਸਕਦਾ ਤਾਂ ਗਰਾਮ ਪੰਚਾਇਤ ਉਸ ਇਲਾਕੇ ਦੇ ਅਧਿਕਾਰ ਖੇਤਰ ਵਾਲੇ ਕਾਰਜਕਾਰੀ ਮੈਜਿਸਟ੍ਰੇਟ ਨੂੰ ਤੱਥਾਂ ਦੀ ਰਿਪੋਰਟ ਦੇਵੇਗੀ।

**ਧਾਰਾ 50(2) ਅਧੀਨ**

ਮੈਜਿਸਟ੍ਰੇਟ ਦੋਸ਼ੀ ਨੂੰ ਕੈਦ ਕਰਨ ਲਈ ਸੰਮਨ ਜਾ ਵਰੰਟ ਜਾਰੀ ਕਰੇਗਾ ਅਤੇ ਵਰੰਟ ਦੀ ਸਥਿਤੀ ਵਿਚ ਜੇ ਅਜਿਹਾ ਵਿਅਕਤੀ ਉਸ ਦੇ ਸਾਹਮਣੇ ਪੇਸ਼ ਹੋਣ ਸਬੰਧੀ ਜੁਰਮਾਨੇ ਨਾਲ ਜਮਾਨਤ ਜਾਂ ਜ਼ਮਾਨਤ ਤੋਂ ਬਿਨਾਂ ਨਿਸਚਿਤ ਮਾਤਰਾ ਦਾ ਬਾਂਡ ਭਰਦਾ ਹੈ, ਜਿਵੇਂ ਕੋਡ ਆਫ ਕ੍ਰਿਮੀਨਲ ਪ੍ਰੋਸੀਜਰ, 1973 ਦੀ ਧਾਂਰਾ 71 ਵਿੱਚ ਉਪਬੰਧ ਹੈ ਤਾਂ ਉਸ ਨੂੰ ਹਿਰਾਸਤ ਤੋਂ ਮੁਕਤ ਕੀਤਾ ਜਾਵੇਗਾ।

**ਧਾਰਾ 50 (3) ਅਧੀਨ**

ਜਦੋਂ ਦੋਸ਼ੀ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਹੁੰਦਾ ਹੈ ਤਾਂ ਉਹ ਦੋਸ਼ੀ ਨੂੰ ਜ਼ਮਾਨਤ ਨਾਲ ਜਾਂ ਜ਼ਮਾਨਤ ਤੋਂ ਬਿਨਾਂ ਦੱਸੀ ਗਈ ਰਾਸ਼ੀ ਦਾ ਬਾਂਡ ਭਰ ਕੇ ਗਰਾਮ ਪੰਚਾਇਤ ਦੇ ਸਾਹਮਣੇ ਅਗਲੀ ਬੈਠਕ ਵਿੱਚ ਪੇਸ਼ ਹੋਣ ਦਾ ਨਿਰਦੇਸ਼ ਦੇ ਸਕਦਾ ਹੈ। ਅਜਿਹੇ ਦੋਸ਼ੀ ਦਾ ਕਰਤੱਵ ਹੋਵੇਗਾ ਕਿ ਉਹ ਗਰਾਮ ਪੰਚਾਇਤਾਂ ਦੀ ਅਗਲੀ ਮੀਟਿੰਗ ਦੀ ਤਾਰੀਕ ਅਤੇ ਸਮਾਂ ਪੁੱਛੇ।

**ਧਾਰਾ 50 (4) ਅਧੀਨ**

ਜੇਕਰ ਉਪ ਧਾਰਾ (3) ਅਧੀਨ ਮੁਲਜਮ ਬਾਂਡ ਭਰਨ ਵਿੱਚ ਅਸਮਰਥ ਹੋ ਜਾਂਦਾ ਹੈ ਤਾਂ ਮੈਜਿਸਟਰੇਟ ਮੁਲਜਮ ਨੂੰ ਕੈਦ ਵਿੱਚ ਰੱਖਕੇ ਗਰਾਮ ਪੰਚਾਇਤ ਸਾਮਣੇ ਅਸਲ ਮੀਟਿੰਗ ਵਿੱਚ ਪੇਸ਼ ਹੋਣ ਲਈ ਹੁਕਮ ਦੇ ਸਕਦਾ ਹੈ।

**ਧਾਰਾ 50 (5) ਅਧੀਨ**

## ਸ਼ਿਕਾਇਤ ਉਤੇ ਕਾਰਵਾਈ

ਧਾਰਾ (3) ਅਧੀਨ ਬਾਂਡ ਭਰਨ ਪਿਛੋਂ ਜੇ ਦੋਸ਼ੀ ਗਰਾਮ ਪੰਚਾਇਤ ਦੇ ਸਾਹਮਣੇ ਪੇਸ਼ ਨਹੀਂ ਹੁੰਦਾ ਤਾਂ ਗਰਾਮ ਪੰਚਾਇਤ ਜਿਸ ਮੈਜਿਸਟ੍ਰੇਟ ਦੇ ਸਾਹਮਣੇ ਦੋਸ਼ੀ ਨੇ ਬਾਂਡ ਭਰਿਆ ਸੀ ਉਸ ਨੂੰ ਇਸ ਤੱਥ ਦੀ ਰਿਪੋਰਟ ਕਰੇਗੀ।

### ਧਾਰਾ 51(1) ਅਧੀਨ

### ਅਪਰਾਧੀ ਮਾਮਲਿਆਂ ਦਾ ਫੌਰਨ ਨਿਪਟਾਰਾ

ਗਰਾਮ ਪੰਚਾਇਤ ਜਿਸ ਦਿਨ ਦੋਸ਼ੀ ਉਸਦੇ ਸਮਾਹਣੇ ਪੇਸ਼ ਹੁੰਦਾ ਹੈ ਜੇ ਸੰਭਵ ਹੋਵੇਂ ਤਾਂ ਉਸ ਦਿਨ ਹੀ ਅਪਰਾਧੀ ਮਾਮਲੇ ਦਾ ਮੁਕੱਦਮਾ ਚਲਾਏਗੀ ਅਤੇ ਆਦੇਸ਼ ਦੇਵੇਗੀ। ਜੇ ਅਜਿਹਾ ਸੰਭਵ ਨਾ ਹੋਵੇ ਤਾਂ ਗਰਾਮ ਪੰਚਾਇਤ ਜ਼ਮਾਨਤ ਨਾਲ ਜਾਂ ਜ਼ਮਾਨਤ ਤੋਂ ਬਿਨ੍ਹਾਂ ਉਸ ਤੋਂ ਪੰਜ ਸੋ ਰੁਪਏ ਤੱਕ ਦਾ ਬਾਂਡ ਭਰਾਏਗੀ ਜੇਕਰ ਮੁਲਜਮ ਪਹਿਲਾ ਹੀ ਜਮਾਨਤ ਤੇ ਰਿਹਾ ਨਹੀਂ ਹੈ, ਤਾਂ ਕਿ ਉਹ ਕਿਸੇ ਬਾਅਦ ਵਾਲੇ ਦਿਨ ਗਰਾਮ ਪੰਚਾਇਤ ਦੇ ਸਾਹਮਣੇ ਪੇਸ਼ ਹੋਵੇ ਜਿਸ ਦੇ ਲਈ ਕੇਸ ਅਗੇ ਪਾਇਆ ਗਿਆ ਹੈ।

**ਧਾਰਾ 51 (2) ਅਧੀਨ**

ਉਪ ਧਾਰਾ (1) ਦੇ ਅਧੀਨ ਭਰੇ ਹੋਏ ਬਾਂਡ ਦੀ ਰਾਸ਼ੀ ਗਰਾਮ ਪੰਚਾਇਤ ਜੁਰਮਾਨੇ ਦੀ ਤਰ੍ਹਾਂ ਵਸੂਲ ਕਰੇਗੀ।

**ਧਾਰਾ 51 (3) ਅਧੀਨ**

ਜੇ ਦੋਸ਼ੀ ਉਪ ਧਾਰਾ (1) ਅਧੀਨ ਲੋੜੀਂਦਾ ਬਾਂਡ ਨਹੀਂ ਭਰਦਾ ਤਾਂ ਗਰਾਮ ਪੰਚਾਇਤ ਇਸ ਤੱਥ ਅਤੇ ਅਗਲੀ ਸੁਣਵਾਈ ਦੀ ਨਿਯਮ ਮਿਤੀ ਦੀ ਸੂਚਨਾਂ ਮੈਜਿਸਟ੍ਰੇਟ ਨੂੰ ਦੇਵੇਗੀ ਅਤੇ ਮੈਜਿਸਟ੍ਰੇਟ ਧਾਰਾ 50 ਦੀ ਉਪਧਾਰਾ (4) ਅਤੇ (5) ਦੇ ਅਧੀਨ ਕਾਰਵਾਈ ਕਰੇਗਾ।

### ਸਜ਼ਾ :

**ਧਾਰਾ 52 (1) ਅਧੀਨ**

- ਗਰਾਮ ਪੰਚਾਇਤ ਮੁਜਰਮ ਨੂੰ ਦੋ ਸੌ ਰੁਪਏ ਤੱਕ ਜੁਰਮਾਨਾ ਕਰ ਸਕਦੀ ਹੈ ਜਾਂ ਇਸ ਐਕਟ ਦੁਆਰਾ ਕੀਤੇ ਨੁਕਸਾਨ ਜਾਂ ਹਾਨੀ ਦੀ ਦੁੱਗਣੀ ਰਾਸ਼ੀ ਜਿੰਨ੍ਹਾਂ ਜੋ ਵੀ ਵੱਧ ਹੋਵੇ ਜੁਰਮਾਨਾ ਕਰ ਸਕਦੀ ਹੈ।
- ਗਰਾਮ ਪੰਚਾਇਤ ਉਸ ਨੂੰ ਉਚਿਤ ਫਟਕਾਰ ਪਾ ਕੇ ਛੱਡ ਸਕਦੀ ਹੈ।
- ਗਰਾਮ ਪੰਚਾਇਤ ਜ਼ਮਾਨਤ ਨਾਲ ਜਾਂ ਜ਼ਮਾਨਤ ਤੋਂ ਬਿਨਾਂ ਉਸ ਕੋਲੋਂ ਇੱਕ ਸੌ ਰੁਪਏ ਤੱਕ ਦਾ ਬਾਂਡ ਇੱਕ ਨਿਯਤ ਕੀਤੇ ਸਮੇਂ ਅੰਦਰ ਲੈ ਸਕਦੀ ਹੈ ਅਤੇ ਇਹ ਸ਼ਰਤ ਵੀ ਲਾ ਸਕਦੀ ਹੈ ਕਿ ਉਹ 12 ਮਹੀਨੇ ਤੱਕ ਪੰਚਾਇਤ ਦੀ ਸੁਣਵਾਈ ਵਾਲੇ ਕਿਸੇ ਵੀ ਅਪਰਾਧ ਦਾਮੁੜ ਦੋਸ਼ੀ ਨਹੀਂ ਹੋਵੇਗਾ।
- ਜਦੋਂ ਗਰਾਮ ਪੰਚਾਇਤ ਦੀ ਰਾਇ ਅਨੁਸਾਰ ਦੋਸ਼ੀ 18 ਸਾਲਾਂ ਤੋਂ ਘੱਟ ਉਮਰ ਦਾ ਹੋਵੇ ਤਾਂ ਗਰਾਮ ਪੰਚਾਇਤ ਆਪਣੇ ਵਲੋਂ ਨਿਸ਼ਚਿਤ ਕੀਤੇ ਸਮੇਂ ਦੇ ਅੰਦਰ ਜ਼ਮਾਨਤ ਨਾਲ ਜਾਂ ਜ਼ਮਾਨਤ ਤੋਂ ਬਿਨ੍ਹਾਂ ਇੱਕ ਸੌ ਰੁਪਏ ਦਾ ਬਾਂਡ ਉਸ ਦੇ ਪਿਤਾ ਜਾਂ ਉਸ ਦੇ ਸਰਪ੍ਰਸਤ ਕੋਲੋਂ ਉਸ ਮੰਤਵ ਲਈ ਭਰਵਾ ਸਕਦੀ ਹੈ।

**ਧਾਰਾ 52 (2) ਅਧੀਨ**

ਉਪਰੋਕਤ ਧਾਰਾ (ੲ) ਤੇ (ਸ) ਅਧੀਨ ਕਿਸੇ ਜਬਤ ਕੀਤੇ ਬਾਂਡ ਦੀ ਰਾਸ਼ੀ ਗਰਾਮ ਪੰਚਾਇਤ ਦੁਆਰਾ ਲਾਏ ਇੱਕ ਜੁਰਮਾਨੇ ਦੀ ਤਰ੍ਹਾਂ ਵਸੂਲ ਕਰਨ ਯੋਗ ਹੋਵੇਗੀ ਅਤੇ ਜੇ ਕੋਈ ਦੋਸ਼ੀ ਜਾਂ ਉਸ ਦਾ ਪਿਤਾ ਜਾਂ ਉਸ ਦਾ ਸਮਰਥਕ ਮਿਥੇ ਸਮੇਂ ਦੇ ਅੰਦਰ ਅਜਿਹੇ ਬਾਂਡ ਨੂੰ ਨਹੀਂ ਭਰਦਾ ਤਾਂ ਦੋਸ਼ੀ ਇੱਕ ਸੌ ਰੁਪਏ ਤੱਕ ਦੇ ਜੁਰਮਾਨੇ ਸਮੇਤ ਸਜ਼ਾ ਭੁਗਤਣ ਦੇ ਯੋਗ ਹੋਵੇਗਾ।

**ਧਾਰਾ 52 (3) ਅਧੀਨ**

ਉਪਰੋਕਤ ਧਾਰਾ ਦੇ ਉਪਬੰਧਾਂ ਅਧੀਨ ਜੇਕਰ ਗਰਾਮ ਪੰਚਾਇਤ ਦੀ ਕੋਈ ਜੁਰਮਾਨਾ ਲਾਉਂਦੀ ਹੈ ਅਤੇ ਮੰਗ ਅਨੁਸਾਰ ਅਜਿਹੇ ਜੁਰਮਾਨੇ ਦਾ ਭੁਗਤਾਨ ਨਹੀਂ ਹੁੰਦਾ ਤਾਂ ਗਰਾਮ ਪੰਚਾਇਤ ਇਹ ਹੁਕਮ ਪਾਸ ਕਰਗੇ ਕਿ ਜੁਰਮਾਨਾ ਲਗਾ ਲਿਆ ਗਿਆ ਸੀ ਪਰ ਭੁਗਤਾਨ ਨਹੀਂ ਹੋਇਆ ਅਤੇ ਕੇਸ ਨੂੰ **ਨੇੜੇ** ਦੇ ਜੁਡੀਸ਼ੀਅਲ ਮੈਜਿਸਟਰੇਟ **ਨੂੰ** ਭੇਜ ਦੇਵੇਗੀ ਉਹ ਗਰਾਮ ਪੰਚਾਇਤ ਦੇ ਹੁਕਮਾਂ ਨੂੰ ਇਸ ਤਰ੍ਹਾਂ ਲਾਗੂ ਕਰੇਗਾ ਜਿਵੇਂ ਕਿ ਉਸਨੇ ਆਪ ਹੁਕਮ ਪਾਸ ਕੀਤਾ ਹੋਵੇ। ਜੁਡੀਸ਼ੀਅਲ ਮੈਜਿਸਟਰੇਟ ਮੁਲਜਮ ਨੂੰ ਅਦਾਇਗੀ ਨਾ ਕਰਨ ਕਾਰਨ ਕੈਦ ਦੀ ਸਜਾ ਵੀ ਦੇ ਸਕਦਾ ਹੈ।

ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 53 ਤੋਂ 84 ਤੱਕ ਅਦਾਲਤੀ ਕੰਮਾਂ ਦਾ ਵਰਣਨ ਕੀਤਾ ਹੋਇਆ ਹੈ। ਸਾਰੇ ਭਲੀ ਭਾਂਤ ਜਾਣਦੇ ਹਨ ਕਿ ਪੰਚਾਇਤਾਂ ਆਪਣੇ ਕੰਮਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਚੇਤੰਨ ਹਨ ਪਰ ਕਈ ਅਜੇ ਵੀ

ਐਸੀਆਂ ਪੰਚਾਇਤਾਂ ਹਨ ਜੋ **ਪੂਰਨ** ਤੌਰ ਉੱਪਰ ਜਾਗਰੂਕ ਨਹੀਂ ਹਨ। ਉਹਨਾਂ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਵਿੱਚ ਐਨਾ ਪਾੜਾ ਕਿਉਂ ਹੈ? ਕੀ ਅਸੀਂ ਅਜੇ ਘੋਖ ਨਹੀਂ ਕੀਤੀ? ਉਹ ਕਿਹੜੇ ਯਤਨ ਹਨ ਜਿਸ ਨਾਲ ਅਸੀਂ ਆਪਣੇ ਫਰਜ਼ ਸਮਝ ਸਕੀਏ।



**ਅਧਿਆਇ 5**

# ਗਰਾਮ ਪੰਚਾਇਤ ਪ੍ਰਤਿਨਿਧੀਆਂ ਦੀਆਂ ਜ਼ਿੰਮੇਵਾਰੀਆਂ ਅਤੇ ਭੂਮਿਕਾਵਾਂ

ਹਰ ਗਰਾਮ ਸਭਾ ਆਪਣੇ ਮੈਂਬਰਾਂ ਵਿੱਚੋਂ ਗਰਾਮ ਸਭਾ ਖੇਤਰ ਲਈ ਆਪਣੀ ਗਰਾਮਸਭਾ ਦੇ ਨਾਂ ਵਾਲੀ ਪੰਚਾਇਤ ਚੁਣਦੀ ਹੈ।ਗਰਾਮ ਪੰਚਾਇਤ ਵਿੱਚ ਇੱਕ ਸਰਪੰਚ ਅਤੇ ਜਨਸੰਖਿਆ ਦੇ ਅਨੁਸਾਰ ਪੰਚ ਹੁੰਦੇ ਹਨ। ਪੰਚਾਂ ਦੀ ਗਿਣਤੀ ਪੰਜ ਤੋਂ ਤੇਰਾਂ ਤੱਕ ਹੋ ਸਕਦੀ ਹੈ। ਗਰਾਮ ਪੰਚਾਇਤ ਦੇ ਮੁਖੀ ਹੋਣ ਦੇ ਨਾਤੇ ਸਰਪੰਚ ਦੀਆਂ ਜ਼ਿੰਮੇਵਾਰੀਆਂ ਅਤੇ ਕਾਰਜਾਂ ਦਾ ਵਰਨਣ ਧਾਰਾ 16 (1) ਵਿਚ ਕੀਤਾ ਗਿਆ ਹੈ :

**ਧਾਰਾ 16(1) ਅਧੀਨ**

**ਸਰਪੰਚ ਦੀਆਂ ਜ਼ਿੰਮੇਵਾਰੀਆਂ ਅਤੇ ਕੰਮ**

- ਗਰਾਮ ਪੰਚਾਇਤ ਦੀਆਂ ਬੈਠਕਾਂ ਬੁਲਾਉਣ ਲਈ ਜ਼ਿੰਮੇਵਾਰ ਹੋਵੇਗਾ ਤੇ ਉਨ੍ਹਾਂ ਦੀ ਪ੍ਰਧਾਨਗੀ ਕਰੇਗਾ,
- ਗਰਾਮ ਪੰਚਾਇਤ ਦਾ ਰਿਕਾਰਡ ਸੁਰੱਖਿਅਤ ਰੱਖਣ ਲਈ ਜ਼ਿੰਮੇਵਾਰ ਹੋਵੇਗਾ,
- ਗਰਾਮ ਪੰਚਾਇਤ ਦੇ ਵਿੱਤੀ ਅਤੇ ਕਾਰਜਕਾਰੀ ਪ੍ਰਸ਼ਾਸਨ ਲਈ ਆਮ ਤੌਰ ਤੇ ਜ਼ਿੰਮੇਵਾਰ ਹੋਵੇਗਾ,
- ਗਰਾਮ ਪੰਚਾਇਤ ਦੇ ਸਟਾਫ ਅਤੇ ਇਹੋ ਜਿਹੇ ਅਫਸਰਾਂ ਜਾਂ ਕਰਮਚਾਰੀਆਂ ਜਿਨ੍ਹਾਂ ਦੀਆ ਸੇਵਾਵਾਂ ਕਿਸੇ ਦੂਜੀ ਅਥਾਰਟੀ ਰਾਹੀਂ ਗ੍ਰਾਮ ਪੰਚਾਇਤ ਨੂੰ ਸੌਂਪੀਆਂ ਗਈਆਂ ਹਨ, ਦੇ ਕੰਮ, ਪ੍ਰਬੰਧਕੀ ਨਿਗਰਾਨੀ ਅਤੇ ਕੰਟਰੋਲ ਰੱਖਣ ਦਾ ਜ਼ਿੰਮੇਵਾਰ ਹੋਵੇਗਾ
- ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, 'ਅਜਿਹੇ ਕੰਮ ਕਰੇਗਾ ਜਾਂ ਅਜਿਹੇ ਫਰਜ਼ ਨਿਭਾਏਗਾ ਜਿਨ੍ਹਾਂ ਦੀ ਐਕਟ ਅਧੀਨ ਬਣਾਏ ਗਏ ਨਿਯਮਾਂ ਤਹਿਤ ਗਰਾਮ ਪੰਚਾਇਤ ਦੁਅਰਾ ਮੀਟਿੰਗਾਂ ਵਿੱਚ ਵਰਤੋਂ ਕੀਤੀ ਜਾਂਦੀ ਹੈ, ਅਤੇ
- ਅਜਿਹੇ ਹੋਰ ਅਧਿਕਾਰਾਂ ਦੀ ਵਰਤੋਂ ਅਤੇ ਫਰਜ਼ਾਂ ਦੀ ਪਾਲਣਾਂ ਕਰੇਗਾ ਜਿਨ੍ਹਾਂ ਸਬੰਧੀ ਗਰਾਮ ਪੰਚਾਇਤ ਕਿਸੇ ਆਮ ਜਾਂ ਖਾਸ ਮਤੇ ਰਾਹੀਂ ਉਸ ਨੂੰ ਕਰਨ ਲਈ ਹਦਾਇਤ ਕਰੇ ਜਾਂ ਰਾਜ ਸਰਕਾਰ ਵਲੋਂ ਇਹਨਾਂ ਸਬੰਧੀ ਬਣਾਏ ਗਏ ਨਿਯਮਾਂ ਦੁਆਰਾ ਨਿਸ਼ਚਿਤ ਕੀਤਾ ਜਾਵੇ।

ਪੰਜਾਬ ਪੰਚਾਇਤੀ ਰਾਜ ਐਕਟ ਦੁਆਰਾ ਸਰਪੰਚ ਨੂੰ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਸਰਪੰਚ ਦੀ ਜ਼ਿੰਮੇਵਾਰੀਬਣਦੀ ਹੈ ਕਿ ਉਹ ਐਕਟ ਵਿੱਚ ਦਰਸਾਈਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਸਾਰੇ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਆਪਣੀ ਨਿੱਜੀ ਅਤੇ ਰਾਜਨੀਤਿਕ ਪਹੁੰਚ ਤੋਂ ਉੱਪਰ ਉੱਠ ਕੇ ਨਿਭਾਏ ਅਤੇ ਪਿੰਡ ਦੇ ਵਿਕਾਸ ਲਈ ਵੱਧ ਤੋਂ ਵੱਧ ਯੋਗਦਾਨ ਵੱਖ ਵੱਖ ਸਕੀਮਾਂ ਦੇ ਅਧੀਨ ਲਾਭ ਪਾਤਰੀਆਂ ਦੀ ਚੋਣ ਗਰਾਮ ਪੰਚਾਇਤ ਸਭਾ ਵਿੱਚ ਖੁੱਲ੍ਹੇ ਤੌਰ ਤੇ ਕੀਤੀ ਜਾਵੇ ਤਾਂ ਕਿ ਕਿਸੇ ਨੂੰ ਕੋਈ ਸ਼ੱਕ/ਸ਼ਿਕਾਇਤ ਨਾ ਹੋਵੇ।

## ਸਰਪੰਚ ਜਾਂ ਪੰਚ ਦੀ ਮੁਅੱਤਲੀ ਅਤੇ ਹਟਾਉਣਾ

**ਡਾਇਰੈਕਟਰ 20(1) ਅਧੀਨ**

1) ਧਾਰਾ 208 ਦੇ ਅਧਾਰ ਤੇ ਕਿਸੇ ਵਿਅਕਤੀ ਨੂੰ ਪੰਚਾਇਤ ਦਾ ਮੈਂਬਰ ਚੁਣੇ ਜਾਣ ਲਈ ਤੇ ਬਣੇ ਰਹਿਣ ਲਈ ਅਯੋਗ ਕਰਾਰ **ਦਿੱਤਾ ਜਾ ਸਕਦਾ ਹੈ**, ਜੇ ਉਹ :

- ਕਿਸੇ ਕਾਨੂੰਨ ਅਧੀਨ ਰਾਜ ਵਿਧਾਨ ਸਭਾ ਦੀਆਂ ਚੋਣਾਂ ਲਈ ਆਯੋਗ **ਹੋਵੇ**। ਪ੍ਰੰਤੂ ਇਸ ਅਧਾਰ ਤੇ ਆਯੋਗ ਕਰਾਰ ਨਹੀਂ ਦਿੱਤਾ ਜਾ ਸਕਦਾ ਕਿ ਕਿਸੇ ਵਿਅੱਕਤੀ ਦੀ ਉਮਰ 25 ਸਾਲ ਤੋਂ ਘੱਟ ਹੈ ਜਦੋਂ ਕਿ ਉਸ ਨੇ 21 ਸਾਲ ਦੀ ਉਮਰ ਪੂਰੀ ਕਰ ਲਈ ਹੋਵੇ।
- ਗਰਾਮ ਪੰਚਾਇਤ, ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੀ ਕਿਸੇ ਚੋਣ ਵਿੱਚ ਭ੍ਰਿਸ਼ਟ ਪ੍ਰਥਾ ਲਈ ਦੋਸ਼ੀ ਸਮਝਿਆ ਗਿਆ ਹੋਵੇ;
- ਇਖਲਾਕੀ ਗਿਰਾਵਟ ਵਾਲੇ ਕਿਸੇ ਅਪਰਾਧ ਲਈ ਜਾਂ ਗਰਾਮ ਪੰਚਾਇਤ ਦੇ ਸਰਪੰਚ ਜਾਂ ਪੰਚ ਜਾਂ ਪੰਚਾਇਤ ਸੰਮਤੀ ਦੇ ਮੈਂਬਰ ਜਾਂ ਜ਼ਿਲ੍ਹੇ ਪ੍ਰੀਸ਼ਦ ਦੇ ਮੈਂਬਰ ਦੇ ਆਚਰਣ ਨੁਕਸ ਦਾ ਸੰਕੇਤ ਕਰਨ ਵਾਲੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ ਪਰੰਤੂ ਦੋਸ਼ੀ ਠਹਿਰਾਉਣ ਤੋਂ ਪਿੱਛੋਂ ਪੰਜ ਸਾਲ ਦਾ **ਸਮਾਂ** ਨਾ ਬੀਤਿਆ ਹੋਵੇ।
- ਕਿਸੇ ਚੋਣ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ; ਜਾਂ
- ਜਾਬਤਾ ਫੌਜ਼ਦਾਰੀ 1973 ਦੀ ਧਾਰਾ 110 ਅਧੀਨ ਚੰਗੇ ਚਾਲ ਚੱਲਣ ਲਈ ਜ਼ਮਾਨਤ ਦੇਣ ਲਈ ਕਿਹਾ ਗਿਆ ਹੋਵੇ;
- ਕਿਸੇ ਸਥਾਨਕ ਅਥਾਰਿਟੀ ਜਾਂ ਕਾਨੂੰਨ ਅਧੀਨ ਬਣੇ ਕਾਰਪੋਰੇਸ਼ਨ ਜਾਂ ਬੋਰਡ ਜਾਂ ਸਹਿਕਾਰੀ ਸਭਾ ਦਾ (ਜਿਹੜੀ ਪੰਜਾਬ ਸਹਿਕਾਰੀ ਸਭਾ ਐਕਟ, 1961 ਅਧੀਨ ਰਜਿਸਟਰਡ ਹੋਵੇ) ਜਾਂ ਸਰਕਾਰ ਦਾ ਜਾਂ ਕੇਂਦਰ ਸਰਕਾਰ ਦਾ ਕੁੱਲ ਵਕਤੀ ਤਨਖਾਹਦਾਰ ਮੁਲਾਜ਼ਮ ਹੋਵੇ;
- ਆਦੀ ਜੁਰਮ (ਕੰਟਰੋਲ ਅਤ ਸੁਧਾਰ) ਐਕਟ, 1952 ਅਧੀਨ ਰਜਿਸਟਰ ਹੋਇਆ ਹੋਵੇ, ਜਾਂ
- ਗਰਾਮ ਪੰਚਾਇਤ, ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ, ਜਿਹੋ ਜਿਹੀ ਵੀ ਸੂਰਤ ਹੋਵੇ; ਦੁਆਰਾ ਲਗਾਏ ਗਏ ਟੈਕਸ ਦੇ ਬਕਾਏ ਦੀ ਅਦਾਇਗੀ ਨਾ ਕੀਤੀ ਹੋਵੇ,ਜਾਂ
- ਗਰਾਮ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਜਾਇਦਾਦ ਦਾ ਮੁਜ਼ਾਰਾ, ਪੱਟੇਦਾਰ ਜਾਂ ਠੇਕੇਦਾਰ ਜਾਂ ਹਿੱਸੇਦਾਰ ਹੋਵੇ ਜਾਂ;
- ਕਿਸੇ ਸਥਾਨਕ ਅਥਾਰਿਟੀ ਦੀ ਜਾਇਦਾਦ ਉੱਪਰ ਅਣਅਧਿਕਾਰਤ ਕਬਜ਼ਾ ਹੋਵੇ ਜਾਂ
- ਐਕਟ ਅਧੀਨ ਬਣਾਏਗਏ ਨਿਯਮਾਂ ਅਧੀਨ ਸਰਪੰਚ ਹੋਣ ਦੇ ਨਾਤੇ ਪ੍ਰਵਾਨਤ ਰਕਮ ਤੋਂ ਵੱਧ ਰਕਮ ਹੱਥ ਵਿੱਚ ਰੱਖੀ ਹੋਵੇ, ਜਾਂ
- ਸੰਸਦ ਦੇ ਕਿਸੇ ਵੀ ਸਦਨ ਜਾਂ ਪੰਜਾਬ ਵਿਧਾਨ ਸਭਾ ਦਾ ਮੈਂਬਰ ਹੋਵੇ, ਬਸ਼ਰਤੇ ਉਹ ਚੁਣਿਆ ਜਾ ਸਕਦਾ ਹੈ ਜੇ ਉਹ ਨਾਮਜ਼ਦਗੀ ਪੇਪਰ ਨਾਲ ਇਹ ਵਚਨ ਦੇ ਦੇਵੇ ਕਿ ਉਹ ਚੁਣੇ ਜਾਣ ਪਿਛੋਂ ਅਤੇ ਸਹੁੰ ਚੁੱਕਣ ਤੋਂ ਪਹਿਲਾਂ ਆਪਣੇ ਮੌਜੂਦਾ ਪਦ ਤੋਂ ਅਸਤੀਫਾ ਦੇ ਦੇਵੇਗਾ;
- ਨਾਮਜ਼ਦਗੀ ਪੱਤਰ ਭਰਨ ਦੀ ਅੰਤਿਮ ਮਿਤੀ ਤੋਂ ਤੁਰੰਤ ਪਹਿਲੇ ਪੰਜ ਸਾਲਾਂ ਵਿਚ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਐਕਟ 1955 ਅਧੀਨ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ; ਜਾਂ
- ਉਸਨੂੰ ਮੈਡੀਕਲ ਆਧਾਰਾਂ ਨੂੰ ਛੱਡ ਕੇ ਕਿਸੇ ਹੋਰ ਆਧਾਰ ਤੇ ਲੋਕ ਸੇਵਕ ਬਣਨ ਦੇ ਅਯੋਗ ਕਰਾਰ ਦਿੱਤਾ ਗਿਆਾ ਹੋਵੇ।
- ਉਸਨੇ ਸਰਪੰਚ ਜਾਂ ਪੰਚ ਹੋਣ ਦੀ ਹੈਸੀਅਤ ਵਿੱਚ ਆਪਣੇ ਚੋਣ ਪੱਤਰ ਦੇ ਨਾਲ ਇਹ ਘੋਸ਼ਣਾ ਪੱਤਰ ਨਾ ਲਗਾਇਆ ਹੋਵੇ ਕਿ ਉਸਨੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਨੂੰ ਗਰਾਮ ਪੰਚਾਇਤ ਦੇ ਰਿਕਾਰਡ ਦਾ ਪੂਰਾ ਚਾਰਜ ਦੇ ਦਿੱਤਾ ਹੈ:

2) ਜਿਹੜਾ ਕੰਮ ਕਰਨ ਤੋਂ ਇਨਕਾਰ ਕਰੇ ਜਾਂ ਕੰਮ ਕਰਨ ਦੇ ਯੋਗ ਨਾ ਰਹੇ;
3) ਸਰਪੰਚ ਹੁੰਦੇ ਹੋਏ ਜੋ ਬਿਨ੍ਹਾਂ ਕਿਸੇ ਠੋਸ ਕਾਰਨ ਦੇ ਲਗਾਤਾਰ ਦੋ ਮਹੀਨੇ ਗਰਾਮ ਪੰਚਾਇਤ ਦੀ ਬੈਠਕ ਨਾ ਬੁਲਾਏ;
4) ਜਿਹੜਾ ਬਿਨ੍ਹਾਂ ਕਿਸੇ ਵਿਸ਼ੇਸ਼ ਕਾਰਨ ਦੇ ਲਗਾਤਾਰ ਦੋ ਮਹੀਨੇ ਤੋਂ ਵੱਧ ਸਮੇਂ ਤੱਕ ਬੈਠਕਾਂ ਵਿੱਚ ਗੈਰ ਹਾਜ਼ਰ ਰਹੇ;
5) ਜਿਹੜਾ ਆਪਣੇ ਅਹੁਦੇ ਦੀ ਮੌਜੂਦਾ ਮਿਆਦ ਜਾਂ ਉਸ ਤੋਂ ਤੁਰੰਤ ਪਹਿਲੀ ਮਿਆਦ ਵਿੱਚ ਡਾਇਰੈਕਟਰ ਦੀ ਰਾਇ ਵਿੱਚ ਆਪਣੇ ਫਰਜ਼ਾਂ ਦੀ ਪਾਲਣਾ ਵਿੱਚ ਕਿਤੇ ਕੋਤਾਹੀ ਦਾ ਦੋਸ਼ੀ ਰਿਹਾ ਹੋਵੇ; ਜਾਂ
6) ਲੋਕ ਹਿੱਤਾਂ ਵਿੱਚ ਜਿਸ ਦਾ ਪਦ ਤੇ ਬਣੇ ਰਹਿਣਾਂ ਬੇਲੋੜਾ ਹੋਵੇ।

ਉੱਪਰ ਲਿਖਤ ਕਾਰਨਾਂ ਕਰਕੇ ਬਰਖਾਸਤ ਕੀਤੇ ਗਏ ਕਿਸੇ ਵੀ ਵਿਅਕਤੀ ਨੂੰ ਮੁੜ ਚੋਣ ਲੜਨਲਈ ਪੰਜ ਸਾਲਾਂ ਵਾਸਤੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਫੌਜਦਾਰੀ ਅਪਰਾਧ ਸਬੰਧੀ ਮੁਕੱਦਮੇ ਜਾਂ ਚਲ ਰਹੀ ਪੜਤਾਲ ਦੌਰਾਨ ਵੀ ਕਿਸੇ ਪੰਚ ਜਾਂ ਸਰਪੰਚ ਨੂੰ ਹਟਾਇਆ ਜਾ ਸਕਦਾ ਹੈ।

ਅਧਿਕਾਰਾਂ ਦੇ ਨਾਲ-ਨਾਲ ਹਰੇਕ ਪੰਚਾਇਤ ਮੈਂਬਰ ਲਈ ਫਰਜ਼ ਵੀ ਉਸੇ ਤਰ੍ਹਾਂ ਜ਼ਰੂਰੀ ਹੁੰਦੇ ਹਨ ਜਿਵੇਂ ਮਨੁੱਖੀ ਸਰੀਰ ਲਈ ਆਕਸੀਜਨ ਦੀ ਲੋੜ ਹੁੰਦੀ ਹੈ। ਜ਼ਿੰਮੇਵਾਰੀਆਂ ਕਿਸੇ ਵੀ ਮਨੁੱਖ ਦੇ ਵਿਅਕਤੀਤਵ ਦਾ ਨਿਖਾਰ ਕਰਦੀਆਂ ਹਨ ਅਤੇ ਉਹ ਵਿਅਕਤੀ ਨਿਰਪੱਖਤਾ ਦੇ ਰਾਹ ਚੱਲਕੇ ਆਪਣੇ ਫਰਜ਼ ਨਿਭਾਉਣ ਦੇ ਕਾਬਲ ਬਣਦੇ ਹਨ। ਕੀ ਅਸੀਂ ਉਪਰੋਕਤ ਜ਼ਿੰਮੇਵਾਰੀਆਂ ਨਿਭਾਅ ਰਹੇ ਹਾਂ? ਜੇ ਨਹੀਂ ਤਾਂ ਉਹ ਕਿਹੜੀਆਂ ਰੁਕਾਵਟਾਂ ਹਨ ਜਿਨ੍ਹਾਂ ਕਰਕੇ ਅਸੀਂ ਅਜੇ ਚੇਤੰਨ ਨਹੀਂ ਹੋਏ? ਕੀ ਅਸੀਂ ਉਹਨਾਂ ਰੁਕਾਵਟਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ?

# ਅਧਿਆਇ 6

# ਗਰਾਮਪੰਚਾਇਤ : ਆਮਦਨ,ਲੇਖਾ ਜੋਖਾ ਅਤੇ ਆਡਿਟ ਸਬੰਧੀ

ਪੰਚਾਇਤੀ ਰਾਜ ਸੰਸਥਾਵਾਂ ਦੀ ਆਮਦਨ ਦੇ ਮੁੱਖ ਸੋਮੇ ਹਨ : ਟੈਕਸ, ਫੀਸਾਂ, ਜੁਰਮਾਨੇ, ਕਰਜ਼ੇ, ਗਰਾਂਟਾਂ, ਚੰਦੇ ਅਤੇ ਲਾਭਕਾਰੀ ਉੱਦਮਾਂ ਅਤੇ ਕੁੱਝ ਹੋਰ ਸੋਮਿਆਂ ਤੋਂ ਪ੍ਰਾਪਤ ਆਮਦਨ। ਇਨ੍ਹਾਂ ਸੰਸਥਾਵਾਂ ਦੀ ਆਮਦਨ ਦਾ ਵੱਡਾ ਹਿੱਸਾ ਟੈਕਸਾਂ ਅਤੇ ਗਰਾਂਟਾਂ ਤੋਂ ਆਉਂਦਾ ਹੈ।

ਪੰਚਾਇਤੀ ਰਾਜ ਸੰਸਥਾਵਾਂ ਦੀ ਸਥਾਪਨਾ ਪੰਜਾਬ ਪੰਚਾਇਤ ਰਾਜ ਐਕਟ-1994 ਦੇ ਉਪਬੰਧ ਅਤੇ ਇਸ ਅਧੀਨ ਸਿਰਜੇ ਪੰਚਾਇਤ ਨਿਯਮਾਂ ਅਨੁਸਾਰ ਕੀਤੀ ਜਾਂਦੀ ਹੈ। ਐਕਟ ਵਿੱਚ ਦਰਸਾਏ ਨਿਯਮਾਂ ਅਨੁਸਾਰ ਹੀ ਪੰਚਾਇਤਾਂ ਆਪਣਾ ਕਾਰਜ ਨਿਭਾਉਂਦੀਆਂ ਹਨ। ਸੰਵਿਧਾਨ ਦੀ ਰਾਜ ਸੂਚੀ ਦੀ 45 ਤੋਂ 66 ਐਂਟਰੀਆਂ ਵਿੱਚ ਰਾਜ ਸਰਕਾਰਾਂ, ਟੈਕਸ ਲਾਉਣ ਦੀਆਂ ਸ਼ਕਤੀਆਂ ਵਿਚੋਂ ਜੋ ਪੰਚਾਇਤਾਂ ਦੇ ਸਪੁਰਦ ਕਰਦੀਆਂ ਹਨ ਸਿਰਫ ਉਹ ਹੀ ਸ਼ਕਤੀਆਂ ਪੰਚਾਇਤਾਂ ਕੋਲ ਹੁੰਦੀਆਂ ਹਨ।

## ਗਰਾਮ ਪੰਚਾਇਤਾਂ ਦੀ ਆਮਦਨ ਦੇ ਸੋਮੇ :

- ਟੈਕਸ
- ਫੀਸਾਂ
- ਆਪਣੇ ਵਸੀਲਿਆਂ ਤੋਂ ਆਮਦਨ
- ਗਰਾਂਟਾਂ ਅਤੇ ਚੰਦੇ

ਪੰਚਾਇਤਾਂ ਤੋਂ ਹਮੇਸ਼ਾ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਖਾਤਰ ਲੋੜੀਦੇ ਫੰਡ ਆਪਣੇ ਕੋਲ ਰੱਖਣ। ਪੰਚਾਇਤ ਫੰਡ ਵਿਚ ਹੇਠ ਲਿਖੇ ਸੋਮਿਆਂ ਤੋਂ ਹੋਣ ਵਾਲੀ ਆਮਦਨ ਸ਼ਾਮਲ ਹੁੰਦੀ ਹੈ।

- ਸਰਕਾਰੀ ਜਾਂ ਹੋਰ ਸਥਾਨਕ ਅਥਾਰਿਟੀਆਂ ਤੋਂ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ।
- ਸਭ ਪ੍ਰਕਾਰ ਦੇ ਦਾਨ।
- ਉਨ੍ਹਾਂ ਫੰਡਾਂ ਦੇ ਬਕਾਏ ਅਤੇ ਮੁਨਾਫੇ ਜੋ ਡਿਪਟੀ ਕਮਿਸ਼ਨਰ (ਕੁਲੈਕਟਰ) ਦੇ ਵਿਚਾਰ ਅਨੁਸਾਰ ਸਭਾ ਦੇ ਖੇਤਰ ਵਿੱਚ ਪੈਣ ਵਾਲੇ ਪਿੰਡ ਜਾਂ ਪਿੰਡਾਂ ਦੇ ਹਿੱਤ ਲਈ ਇਕੱਤਰ ਕੀਤੇ ਗਏ ਹਨ ਜਾਂ ਸਨ।
- ਪੰਜਾਬ ਪੰਚਾਇਤੀ ਰਾਜ ਐਕਟ ਦੇ ਅਧੀਨ ਲਾਏ ਜਾਣ ਜਾਂ ਵਸੂਲ ਕੀਤੇ ਜਾਣ ਵਾਲੇ ਟੈਕਸ, ਮਹਿਸੂਲ, ਹੋਰ ਟੈਕਸ ਅਤੇ ਫੀਸਾਂ।
- ਮਿੱਟੀ, ਗੰਦਗੀ, ਗੋਹਾ ਜਾਂ ਪੰਚਾਇਤਾਂ ਵੱਲੋਂ ਇਕੱਠੇ ਕੀਤੇ ਗਏ ਕੂੜੇ ਕਰਕਟ ਅਤੇ ਕਿਸੇ ਪ੍ਰਥਾ ਕਾਰਨ ਕਿਸੇ ਵਿਅਕਤੀ ਵੱਲੋਂ ਕਿਸੇ ਮਰੇ ਹੋਏ ਪਸ਼ੂ ਤੋਂ ਆਪਣਾ ਹੱਕ ਛੱਡਣ ਨਾਲ ਉਸ ਮਰੇ ਹੋਏ ਪਸ਼ੂ, ਰੁੱਖਾਂ ਅਤੇ ਪੰਚਾਇਤ ਦੀ ਜ਼ਮੀਨ ਦੇ ਉਤਪਦਾਨ ਦੀ ਵਿਕਰੀ ਤੋਂ ਹੋਣ ਵਾਲੇ ਮੁਨਾਫੇ।
- ਪੰਚਾਇਤ ਦੇ ਅਧੀਨ ਚੱਲ ਰਹੇ ਮੱਛੀ ਪਾਲਣ ਖੇਤਰਾਂ ਤੋਂ ਹੋਣ ਵਾਲੀ ਆਮਦਨ।
- ਸਾਂਝੀਆਂ ਜਮੀਨਾਂ ਤੋਂ ਆਮਦਨ ਜੋ ਪੰਚਾਇਤਾਂ ਵਿੱਚ **ਤਹਿਤ** ਕਰਦੀਆਂ ਹਨ?
- ਗਰਾਮ ਪੰਚਾਇਤ **ਵਲੋਂ** ਕਿਸੇ ਹੋਰ ਸਰੋਤ ਤੋਂ ਪ੍ਰਾਪਤ ਆਮਦਨ ਜਾਂ ਪੰਚਾਇਤ ਸੰਮਤੀ ਜਾਂ ਜਿਲ੍ਹਾ ਪ੍ਰੀਸ਼ਦ ਵਲੋ ਦਿੱਤੇ ਫੰਡ।

### ਗਰਾਂਟਾਂ :

- ਪੰਚਾਇਤ ਘਰ ਲਈ
- ਡਿਸਪੈਂਸਰੀ ਦੀ ਇਮਾਰਤ ਲਈ
- ਸਕੂਲ ਦੀ ਬਿਲਡਿੰਗ ਲਈ
- ਪਸ਼ੂ ਡਿਸਪੈਂਸਰੀ ਲਈ
- ਖੇਡ ਸਟੇਡੀਅਮ ਲਈ
- ਸ਼ਮਸ਼ਾਨ ਘਾਟ ਲਈ
- ਉੱਨਤ ਗਰਾਮ ਸਕੀਮ ਅਧੀਨ ਗਲੀਆਂ ਨਾਲੀਆਂ ਲਈ
- ਬੇਘਰਿਆਂ ਦੇ ਮਕਾਨਾਂ ਦੀ ਉਸਾਰੀ ਲਈ
- ਮੇਲੇ ਲਗਾਉਣ ਲਈ
- ਕਮਿਊਨਿਟੀ ਹਾਲ ਦੀ ਉਸਾਰੀ ਲਈ

### ਗਰਾਮ ਪੰਚਾਇਤ ਦੇ ਆਪਣੇ ਸਾਧਨ

- ਸ਼ਾਮਲਾਟ ਜ਼ਮੀਨ ਦੇ ਠੇਕੇ ਤੋਂ ਹੋਣ ਵਾਲੀ ਆਮਦਨ
- ਪੰਚਾਇਤ ਖੇਤਰ ਵਿੱਚ ਪੈਂਦੀ ਹੱਡਾ ਰੋੜੀ ਦੀ ਲੀਜ਼ ਤੋਂ ਆਮਦਨ
- ਗਰਾਮ ਪੰਚਾਇਤ ਦੀਆਂ ਦੁਕਾਨਾਂ ਜਾਂ ਹੋਰ ਇਮਾਰਤਾਂ ਦੇ ਕਿਰਾਏ ਤੋਂ ਹੋਣ ਵਾਲੀ ਆਮਦਨ
- ਗਰਾਮ ਸਭਾ ਦੇ ਮੈਂਬਰਾਂ ਵੱਲੋਂ ਵਿਕਾਸ ਦੇ ਕੰਮਾਂ ਲਈ ਇਕੱਠੀ ਕੀਤੀ ਗਈ ਰਕਮ
- ਸ਼ਾਮਲਾਟ ਜ਼ਮੀਨ ਵਿੱਚ ਲੱਗੇ ਦਰੱਖਤਾਂ ਨੂੰ ਵੇਚਣ ਤੋਂ ਪ੍ਰਾਪਤ ਆਮਦਨ
- ਪੰਚਾਇਤ ਦੀਆਂ ਪੁਰਾਣੀਆਂ ਇਮਾਰਤਾਂ ਦੇ ਮਲਬੇ ਨੂੰ ਵੇਚਣ ਉਪਰੰਤ ਮਿਲੀ ਆਮਦਨ
- ਮੱਛੀ ਪਾਲਣ ਤੋਂ ਆਮਦਨ

### ਟੈਕਸਾਂ ਵੱਜੋਂ ਪ੍ਰਾਪਤ ਆਮਦਨ

- ਭੂਮੀ ਅਤੇ ਇਮਾਰਤਾਂ ਤੇ ਲਾਏ ਜਾਣ ਵਾਲੇ ਟੈਕਸ
- ਖੇਤੀਬਾੜੀ ਤੋਂ ਇਲਾਵਾ ਹੋਰ ਧੰਦਿਆਂ ਤੋਂ ਲਾਇਆ ਜਾਣ ਵਾਲਾ ਟੈਕਸ
- ਆਵਾਜਾਈ ਦੇ ਸਾਧਨਾਂ ਤੇ ਟੈਕਸ
- ਚੁੱਲ੍ਹਾ ਟੈਕਸ ਆਦਿ
- ਭੂਮੀ ਅਤੇ ਸੜਕ ਦੀ ਵਰਤੋਂ ਕਰ ਰਹੇ ਟਰੱਕਾਂ/ਟਰੈਕਟਰਾਂ ਤੇ ਟੈਕਸ
- ਕੱਚੇ ਮਾਲ ਉੱਤੇ ਟੈਕਸ ਲਾਉਣਾ

ਗਰਾਮਪੰਚਾਇਤ ਖੇਤਰ ਵਿੱਚ ਪੈਂਦੀ ਜ਼ਮੀਨ ਤੋਂ ਪ੍ਰਾਪਤ ਲਗਾਨ ਦਾ ਘੱਟੋ ਘੱਟ 40 ਪ੍ਰਤੀਸ਼ਤ ਹਿੱਸਾ ਗਰਾਮ ਪੰਚਾਇਤਾਂ ਨੂੰ ਜਾਣਾ ਚਾਹੀਦਾ ਹੈ (ਪ੍ਰੰਤੂ ਪੰਜਾਬ ਵਿੱਚ ਭੂਮੀ ਲਗਾਨ ਮਾਫ ਕੀਤਾ ਹੋਇਆ ਹੈ)

- ਕੰਪਨਸਟਰੀ ਗਰਾਂਟਾਂ
- ਵਿਕਾਸ ਸਬੰਧੀ ਗਰਾਟਾਂ

### ਬਾਕੀ ਵਸੀਲੇ

- ਜੁਰਮਾਨੇ ਅਤੇ ਦੰਡ
- ਤਲਾਵਾਂ, ਟੋਭਿਆਂ, ਪੰਚਾਇੰਤੀ ਜ਼ਮੀਨਾਂ, ਮੱਛੀ ਖੇਤਰਾਂ, ਜੰਗਲਾਂ ਆਦਿ ਤੋਂ ਆਮਦਨ
- ਪੰਚਾਇਤੀ ਕਾਰੋਬਾਰ ਆਦਿ ਤੋਂ ਆਮਦਨ

ਪੰਜਾਬ ਵਿਚ ਉਹ ਗਰਾਮ ਪੰਚਾਇਤ ਮੁੱਖ ਤੌਰ ਤੇ ਸਰਕਾਰ ਵੱਲੋਂ ਦਿਤੀ ਜਾਣ ਵਾਲੀ ਗਰਾਂਟ ਉੱਤੇ ਹੀ ਨਿਰਭਰ ਕਰਦੀਆਂ ਹਨ, ਜਿਨ੍ਹਾਂ ਦੀ ਆਮਦਨ ਦੇ ਆਪਣੇ ਵਸੀਲੇ ਬਹੁਤ ਘੱਟ ਹਨ।

### ਫੰਡਾਂ ਦੀ ਵਰਤੋਂ ਕਿਵੇਂ ਕਰੀਏ

ਗਰਾਮ ਪੰਚਾਇਤ ਦੇ ਖਾਤੇ ਵਿੱਚ ਜੋ ਵੀ ਫੰਡ ਪ੍ਰਾਪਤ ਹੁੰਦਾ ਹੈ ਉਹ ਗਰਾਮ ਪੰਚਾਇਤ ਫੰਡ ਬਣ ਜਾਂਦੇ ਹਨ। ਪੰਚਾਇਤ ਫੰਡ ਦੀ ਵਰਤੋਂ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ:-

### ਗਰਾਮ ਪੰਚਾਇਤ ਦਾ ਮਤਾ ਪਾਉਣਾ :

ਗਰਾਮ ਪੰਚਾਇਤ ਪਿੰਡ ਵਿਚ ਵਿਕਾਸ ਦਾ ਜਿਹੜਾ ਵੀ ਕੰਮ ਕਰਵਾਉਣਾ ਚਾਹੁੰਦੀ ਹੈ ਉਸਨੂੰ ਪਹਿਲਾਂ ਗਰਾਮ ਸਭਾ ਵਿੱਚ ਵਿਚਾਰ ਕਰ ਲੈਣਾ ਜ਼ਰੂਰੀ ਹੈ। ਕੀਤੇ ਜਾਣ ਵਾਲੇ ਕੰਮਾਂ ਦੀ ਚੋਣ ਪਹਿਲ ਦੇ ਅਧਾਰ ਤੇ ਕੀਤੀ ਗਈ ਹੋਵੇ।

ਦਰਜਾਬੰਦੀ ਸਬੰਧਤ ਅਫਸਰ/ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ/ਡੀ.ਸੀ. ਅਤੇ ਸਰਕਾਰ ਨੂੰ ਭੇਜਣੀ ਹੈ।

ਤਕਨੀਕੀ ਮਨਜ਼ੂਰੀ : ਪੰਚਾਇਤ ਦੇ ਮਤੇ ਵਿੱਚ ਦਰਸਾਏ ਕੰਮ ਸਬੰਧੀ ਵਿਭਾਗ ਦੇ ਤਕਨੀਕੀ ਵਿੰਗ, ਓਵਰਸੀਅਰ ਜੇ.ਈ./ਐਸ.ਡੀ.ਓ. (ਪੰਚਾਇਤੀ ਰਾਜ ਸੰਸਥਾਵਾਂ) ਪਾਸੋਂ ਤਕਨੀਕੀ ਮਨਜ਼ੂਰੀ ਲੈਣੀ ਜਰੂਰੀ ਹੈ।

### ਪ੍ਰਬੰਧਕੀ ਮਨਜ਼ੂਰੀ :

ਤਕਨੀਕੀ ਮਨਜ਼ੂਰੀ ਲੈਣ ਦੀ ਤਰ੍ਹਾਂ ਹੀ ਪ੍ਰਬੰਧਕੀ ਮਨਜ਼ੂਰੀ ਲੈਣੀ ਵੀ ਜ਼ਰੂਰੀ ਹੈ ਅਤੇ ਇਹ ਮਨਜ਼ੂਰੀ ਸਬੰਧਤ ਅਧਿਕਾਰੀ/ਕਾਰਜ ਸਾਧਕ ਅਫਸਰ/ਪੰਚਾਇਤ ਸੰਮਤੀ/ਡੀ.ਡੀ.ਪੀ.ਓ/ਡੀ.ਸੀ./ਜ਼ਿਲ੍ਹਾ ਪਲਾਨਿੰਗ ਬੋਰਡ/ਡਵੀਜ਼ਨਲ ਡਿਪਟੀ ਡਾਇਰੈਕਟਰ/ ਸਰਕਾਰ ਪਾਸੋਂ ਲੈਣੀ ਜ਼ਰੂਰੀ ਹੈ।

### ਕੰਮ ਕਰਨ ਦਾ ਅਧਿਕਾਰ ਦੇਣਾ :

ਤਕਨੀਕੀ/ਪ੍ਰਬੰਧਕੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਇਹ ਜ਼ਰੂਰੀ ਹੈ ਕਿ ਗਰਾਮ ਪੰਚਾਇਤ ਦੀ ਸਾਂਝੀ ਜਗ੍ਹਾ ਤੇ ਮੀਟਿੰਗ ਕਰਕੇ ਕਰਵਾਏ ਜਾਣ ਵਾਲੇ ਵਿਕਾਸ ਕੰਮਾਂ ਲਈ ਕੰਮ ਕਰਾਉਣ ਦੇ ਅਧਿਕਾਰ ਪੰਚ/ਸਰਪੰਚ ਨੂੰ ਦਿੱਤੇ ਜਾਣ। ਸਿਰਫ ਉਹੀ ਪੰਚ ਕੰਮ ਕਰਵਾ ਸਕਦਾ ਹੈ ਜਿਸਨੂੰ ਨੂੰ ਇਹ ਅਧਿਕਾਰ ਦਿੱਤੇ ਗਏ ਹੋਣ।

### ਵਿਕਾਸ ਦੇ ਕੰਮਾਂ ਲਈ ਸਬ ਕਮੇਟੀ ਬਣਾਉਣਾ :

ਗਰਾਮ ਪੰਚਾਇਤ ਨੂੰ ਚਾਹੀਦਾ ਹੈ ਕਿ ਵਿਕਾਸ ਦੇ ਕੰਮਾਂ ਲਈ ਸਬ ਕਮੇਟੀ ਬਣਾਏ, ਜਿਸ ਵਿੱਚ ਸਰਕਾਰੀ ਕਰਮਚਾਰੀਆਂ ਤੋਂ ਇਲਾਵਾ ਪਿੰਡ ਦੇ ਸਤਿਕਾਰਤ ਬੰਦਿਆਂ ਨੂੰ ਪਾਇਆ ਜਾਵੇ। ਇਹ ਕਮੇਟੀ ਕੰਮ ਦੀ ਗੁਣਵੱਤਾ ਦਾ ਖਿਆਲ ਰੱਖੇ ਅਤੇ ਕੋਈ ਮੁਸ਼ਕਲ ਆਉਣ ਵੇਲੇ ਉਸਦਾ ਹੱਲ ਲੱਭੇ।

### ਖਰੀਦ ਕਮੇਟੀ :

ਇਹ ਕਮੇਟੀ ਸਰਪੰਚ ਦੀ ਪ੍ਰਧਾਨਗੀ ਹੇਠ ਕੰਮ ਕਰਦੀ ਹੈ ਅਤੇ ਜਦੋਂ ਕੋਈ ਵੀ ਲੋੜੀਂਦੀ ਸਮੱਗਰੀ ਖਰੀਦੀ ਜਾਂਦੀ ਹੈ ਤਾਂ ਉਸ ਦੀ ਗੁਣਵੱਤਾ ਦਾ ਖਿਆਲ ਰੱਖਦੀ ਹੈ। 500 ਰੁਪਏ ਦੇ ਵੱਧ ਦੇ ਮਟੀਰੀਅਲ ਦੀ ਖਰੀਦ ਇਸ ਕਮੇਟੀ ਰਾਹੀਂ ਟੈਂਡਰ/ਕੁਟੇਸ਼ਨ ਦੁਆਰਾ ਕੀਤੀ ਜਾਂਦੀ ਹੈ।

**ਕੀ ਗਰਾਮ ਪੰਚਾਇਤ ਆਪਣੇ ਆਮਦਨ ਦੇ ਸੋਮਿਆ ਤੋਂ ਜਾਣੂ ਹੈ?**

**ਜੇ ਨਹੀਂ ਤਾਂ ਕੀ ਪੰਚਾਇਤ ਨੇ ਆਪਣ ਆਮਦਨ ਵਧਾਉਣ ਲਈ ਯਤਨ ਕੀਤੇ ਹਨ?**

**ਕੀ ਤੁਹਾਡੇ ਖੇਤਰ ਵਿੱਚ ਕੋਈ ਐਸੀ ਪੰਚਾਇਤ ਹੈ ਜਿਸਨੇ ਆਪਣੀ ਆਮਦਨੀ ਵਧਾਈ ਹੋਵੇ ਅਤੇ ਜਿਹੜੀ ਹੋਰਨਾਂ ਲਈ ਪ੍ਰੇਰਨਾ ਸਰੋਤ ਬਣੀ ਹੋਵੇ?**

### ਗਰਾਮ ਪੰਚਾਇਤ : ਬੱਜਟ, ਲੇਖਾ ਅਤੇ ਲੇਖਾ ਪੜਤਾਲ

ਵਿੱਤ ਅਤੇ ਪ੍ਰਸ਼ਾਸਨ ਇੱਕ ਦੂਜੇ ਤੋਂ ਬਿਨ੍ਹਾਂ ਅਧੂਰੇ ਹਨ। ਪ੍ਰਸ਼ਾਸਨ ਦਾ ਕੋਈ ਵੀ ਕੰਮ ਭਾਵੇਂ ਉਹ ਕਿੰਨਾਂ ਵੀ ਛੋਟਾ ਕਿਉਂ ਨਾ ਹੋਵੇ ਵਿੱਤ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਵਿੱਤ ਕੇਵਲ ਧਨ ਤੱਕ ਹੀ ਸੀਮਤ ਨਹੀਂ ਸਗੋਂ ਇਹ ਕਈ ਹੋਰ ਪਹਿਲੂਆਂ ਨਾਲ ਵੀ ਜੁੜਿਆ ਹੋਇਆ ਹੈ। ਵਿੱਤ ਕਿਥੋਂ ਆਵੇਗਾ, ਉਸ ਦੀ ਵੰਡ ਕਿਵੇਂ ਹੋਵੇਗੀ, ਕੌਣ ਕਰੇਗਾ ਅਤੇ ਹਿਸਾਬ ਕਿਤਾਬ ਕਿਵੇਂ ਰੱਖਿਆ ਜਾਵੇਗਾ ਆਦਿ ਬਹੁਤ ਹੀ ਗੰਭੀਰ ਨੁਕਤੇ ਹਨ ਜਿਹਨਾਂ ਦੀ ਜਾਣਕਾਰੀ ਪੰਚਇਤਾਂ ਨੂੰ ਹੋਣੀ ਲਾਜ਼ਮੀ ਹੈ। ਇਸੇ ਤਰ੍ਹਾਂ ਪ੍ਰਸ਼ਾਸਨਿਕ ਨਿਯਮਾਂ ਅਤੇ ਅਸੂਲਾਂ ਬਾਰੇ ਪੰਚਾਇਤਾਂ ਨੂੰ ਗਿਆਨ ਹੋਣਾ ਜ਼ਰੂਰੀ ਹੈ। ਇੱਥੇ ਪੰਚਾਇਤ ਰਾਜ ਸੰਸਥਾਵਾਂ ਦੇ ਬੱਜਟ ਆਮਦਨ ਤੇ ਖਰਚ, ਲੇਖਾ ਪ੍ਰਣਾਲੀ ਅਤੇ ਲੇਖਾ ਜਾਂਚ ਸਬੰਧੀ ਚਰਚਾ ਕੀਤੀ ਜਾਵੇਗੀ।

### ਬੱਜਟ (ਆਮਦਨੀ ਅਤੇ ਖਰਚ)

ਬੱਜਟ ਇੱਕ ਨਿਸ਼ਚਿਤ ਕਾਰਜ ਦੇ ਦੌਰਾਨ ਆਮਦਨੀ ਅਤੇ ਖਰਚ ਦੇ ਅਨੁਮਾਨ ਦਾ ਬਿਉਰਾ ਹੁੰਦਾ ਹੈ। ਬੱਜਟ ਵਿੱਚ ਸ਼ਾਮਲ ਕੀਤੀਆਂ ਗਈਆਂ ਸੰਖਿਆਵਾਂ ਕੇਵਲ ਅਨੁਮਾਨ ਹੁੰਦੀਆਂ ਹਨ ਤੇ ਜਦੋਂ ਬੱਜਟ ਅਮਲ ਵਿੱਚ ਲਿਆਂਦਾ ਜਾਂਦਾ ਹੈ ਤਾਂ ਵਾਸਤਵਿਕ ਅਨੁਮਾਨ ਮੂਲ ਅਨੁਮਾਨਾਂ ਦੇ ਅਨੁਸਾਰ ਨਹੀਂ ਰਹਿੰਦੇ। ਫਿਰ ਵੀ ਬੱਜਟ ਵਿੱਚ ਆਮਦਨੀ ਤੇ ਖਰਚ ਦੀ

ਸੂਚਨਾ ਜਿੰਨੀ ਸੰਭਵ ਹੋਵੇ ਠੀਕ ਹੋਣੀ ਚਾਹੀਦੀ ਹੈ। ਪੈਸੇ ਦੀ ਹੇਰਾ ਫੇਰੀ ਜਾਂ ਕਿਸੇ ਗਬਨ ਆਦਿ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਸਾਰੇ ਖਾਤੇ ਸਹੀ ਤਰੀਕੇ ਨਾਲ ਤਿਆਰ ਕੀਤੇ ਜਾਣ ਅਤੇ ਪਾਸ ਹੋਏ ਬੱਜਟ ਦੇ ਅਨੁਸਾਰ ਹੀ ਹੋਣ।

### ਬੱਜਟ ਬਣਾਉਣ ਦੀ ਪਰਕ੍ਰਿਆ

ਪੰਚਾਇਤ ਦਾ ਬੱਜਟ ਅਕਸਰ ਵਿੱਤੀ ਸਾਲ ਦੇ ਸ਼ੁਰੂ ਵਿੱਚ ਤਿਆਰ ਕੀਤਾ ਜਾਂਦਾ ਹੈ। ਆਮ ਤੌਰ ਤੇ ਬੱਜਟ ਦਾ ਕੰਮ ਇੱਕ ਵਿਸ਼ੇਸ਼ ਕਮੇਟੀ ਜਾਂ ਸਰਪੰਚ ਅਤੇ ਪੰਚਾਇਤ ਸਕੱਤਰ ਮਿਲ ਕੇ ਕਰਦੇ ਹਨ।

ਚਰਚਾ, ਸੁਝਾਅ ਅਤੇ ਪਰਿਵਰਤਨ ਦੀ ਦ੍ਰਿਸ਼ਟੀ ਤੋਂ ਬੱਜਟ ਗਰਾਮ ਸਭਾ ਦੀਆਂ ਮੀਟਿੰਗਾਂ ਦੌਰਾਨ ਆਮ ਜਨਤਾ ਸਾਹਮਣੇ ਰੱਖਿਆ ਜਾਣਾ ਹੈ। ਇਸ ਨੂੰ ਬਾਅਦ ਵਿੱਚ ਪੰਚਾਇਤ ਦੀ ਅਗਲੀ ਮੀਟਿੰਗ ਵਿੱਚ ਇੱਕ ਮਤੇ ਦੀ ਸ਼ਕਲ ਵਿੱਚ ਪਾਸ ਕਰ ਦਿੱਤਾ ਜਾਣਾ ਹੈ ਅਤੇ ਇਸ ਦੀ ਪ੍ਰਵਾਨਗੀ ਲਈ ਪੰਚਾਇਤ ਸੰਮਤੀ ਨੂੰ ਭੇਜ ਦਿੱਤਾ ਜਾਂਦਾ ਹੈ।

ਸਬੰਧਤ ਪੰਚਾਇਤ ਸੰਮਤੀ ਬਜਟ ਨੂੰ ਨਿਸ਼ਚਿਤ ਸਮੇਂ ਵਿੱਚ ਸਹਿਮਤੀ ਪ੍ਰਦਾਨ ਕਰ ਸਕਦੀ ਹੈ ਜਾਂ ਆਪਣੇ ਸੁਝਾਵਾਂ ਸਹਿਤ ਗਰਾਮ ਪੰਚਾਇਤ ਨੂੰ ਵਾਪਸ ਭੇਜ ਸਕਦੀ ਹੈ। ਗਰਾਮ ਪੰਚਾਇਤ ਲੋੜੀਂਦੀਆਂ ਤਬਦੀਲੀਆਂ ਕਰਕੇ ਬਜਟ ਮੁੜ ਸਹਿਮਤੀ ਲਈ ਪੰਚਾਇਤ ਸੰਮਤੀ ਨੂੰ ਭੇਜ ਸਕਦੀ ਹੈ।

ਬਜਟ ਉੱਤੇ ਪੰਚਾਇਤ ਸੰਮਤੀ ਦੀ ਸਹਿਮਤੀ ਤੋਂ ਬਿਨਾਂ ਗਰਾਮ ਪੰਚਾਇਤ ਕੋਈ ਖਰਚਾ ਨਹੀਂ ਕਰ ਸਕਦੀ ਅਤੇ ਜੇ ਨਿਸ਼ਚਿਤ ਸਮੇਂ ਅੰਦਰ ਪੰਚਾਇਤ ਸੰਮਤੀ ਸਹਿਮਤੀ ਨਹੀਂ ਦਿੰਦੀ ਤਾਂ ਬਜਟ ਨੂੰ ਪਾਸ ਹੋਇਆ ਮੰਨਿਆ ਜਾਵੇਗਾ।

### ਗਰਾਮ ਪੰਚਾਇਤ ਦਾ ਬੱਜਟ

- ਗਰਾਮ ਪੰਚਾਇਤ ਹਰ ਸਾਲ ਆਪਣਾ ਸਲਾਨਾ ਬੱਜਟ ਸਬੰਧਤ ਪੰਚਾਇਤ ਸੰਮਤੀ ਨੂੰ ਪੇਸ਼ ਕਰੇਗੀ। ਬੱਜਟ ਵਿੱਚ ਪਿਛਲੇ ਸਾਲ ਦਾ ਖਰਚਾ ਅਤੇ ਚਾਲੂ ਸਾਲ ਵਿੱਚ ਆਉਣ ਵਾਲੀਆਂ ਰਕਮਾਂ ਦਾ ਵੇਰਵਾ ਦਿੱਤਾ ਜਾਂਦਾ ਹੈ।
- ਪੰਚਾਇਤ ਸੰਮਤੀ ਪੇਸ਼ ਕੀਤੇ ਬੱਜਟ ਨੂੰ ਪਾਸ ਕਰਕੇ ਜਾਂ ਜ਼ਰੂਰੀ ਸੋਧ ਕਰਨ ਲਈ ਪੰਚਾਇਤ ਨੂੰ ਵਾਪਸ ਭੇਜ ਸਕਦੀ ਹੈ।
- ਪੰਚਾਇਤ ਸੰਮਤੀ ਦੀ ਮਨਜ਼ੂਰੀ ਤੋਂ ਬਿਨ੍ਹਾਂ ਸਬੰਧਤ ਪੰਚਾਇਤ ਖਰਚਾ ਨਹੀਂ ਕਰ ਸਕਦੀ ਅਤੇ ਜੇਕਰ ਪੰਚਾਇਤ ਸੰਮਤੀ ਮਿਥੇ ਹੋਏ ਸਮੇਂ ਵਿੱਚ ਬਜਟ ਪਾਸ ਨਹੀਂ ਕਰਦੀ ਤਾਂ ਬਜਟ ਮਨਜ਼ੂਰ ਹੀ ਸਮਝਿਆ ਜਾਂਦਾ ਹੈ।
- ਗਰਾਮ ਪੰਚਾਇਤ ਨੂੰ ਚਾਹੀਦਾ ਹੈ ਕਿ ਬਜਟ ਗਰਾਮ ਸਭਾ ਦੇ ਇਜਲਾਸ ਵਿੱਚ ਪੇਸ਼ ਕਰੇ ਅਤੇ ਫਿਰ ਸਬੰਧਿਤ ਪੰਚਾਇਤ ਸੰਮਤੀ ਨੂੰ ਭੇਜੇ।

### ਸਥਾਈ ਸਾਧਨਾਂ ਵੱਜੋਂ ਲੋੜੀਂਦੇ ਫੰਡਾਂ ਦੇ ਸੋਮੇ

ਪੰਚਾਇਤ ਐਕਟ ਦੀ ਧਾਰਾ 86 ਦੇ ਅੰਤਰਗਤ ਹਰੇਕ ਗਰਾਮ ਪੰਚਾਇਤ ਲਈ ਉਸ ਦੇ ਨਾਂ ਤੇ ਇੱਕ ਗਰਾਮ ਪੰਚਾਇਤ ਫੰਡ ਬਣਾਇਆ ਜਾਵੇਗਾ ਅਤੇ ਉਸ ਦੇ ਖਾਤੇ ਵਿੱਚ ਹੇਠ ਦਿੱਤੀਆਂ ਰਾਸ਼ੀਆਂ ਹੋਣਗੀਆਂ।

- ਰਾਜ ਅਤੇ ਕੇਂਦਰੀ ਸਰਕਾਰ ਵੱਲੋਂ ਦਿੱਤੀ ਗਈ ਗਰਾਂਟ
- ਗਰਾਮ ਪੰਚਾਇਤ ਦੇ ਖਾਤੇ ਵਿਚਲੀ ਬਕਾਇਆ ਰਾਸ਼ੀ
- ਉਹਨਾਂ ਫੰਡਾਂ ਦੇ ਬਕਾਏ ਅਤੇ ਉਗਰਾਹਆਂ ਜਾਣ ਵਾਲੀਆਂ ਰਕਮਾਂ ਜੋ ਪਿੰਡਾਂ ਦੇ ਸਾਂਝੇ ਮੰਤਵ ਲਈ ਇਕੱਠੇ ਕੀਤੇ ਗਏ ਹੋਣ
- ਸਾਰੇ ਦਾਨ
- ਗਰਾਮ ਪੰਚਾਇਤ ਦੀ ਜ਼ਮੀਨ ਉੱਤੇ ਖੜ੍ਹੇ ਦਰੱਖਤਾਂ ਅਤੇ ਹੋਰ ਪੈਦਾਵਾਰ ਆਦਿ ਤੋਂ ਆਮਦਨ
- ਮੱਛੀ ਪਾਲਣ ਤੋ ਹੋਣ ਵਾਲੀ ਆਮਦਨ
- ਸ਼ਾਮਲਾਟ ਜ਼ਮੀਨ ਤੋਂ ਆਮਦਨ
- ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਜਾਂ ਰਾਜ ਸਰਕਾਰ ਜਾਂ ਕਿਸੇ ਹੋਰ ਸਾਧਨ ਤੋਂ ਪ੍ਰਾਪਤ ਹੋਈ ਆਮਦਨ।

### ਲੇਖਾ ਪੜਤਾਲ

- ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 97 ਦੇ ਅੰਤਰਗਤ ਗਰਾਮ ਪੰਚਾਇਤ ਦੇ ਖਾਤਿਆਂ ਦਾ ਆਡਿਟ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਅਧਿਕਾਰੀ ਦੁਆਰਾ ਕੀਤਾ ਜਾਵੇਗਾ ਅਤੇ ਆਡਿਟ ਦੀ ਰਿਪੋਰਟ ਆਡਿਟ ਦੇ ਪੂਰਾ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਗਰਾਮ ਪੰਚਾਇਤ ਨੂੰ ਭੇਜੀ ਜਾਵੇਗੀ।

- ਆਡਿਟ ਦੀ ਕਾਪੀ ਮਿਲਣ ਤੇ ਗਰਾਮ ਪੰਚਾਇਤ ਜਾਂ ਤਾਂ ਆਡਿਟ ਵਿੱਚ ਦਰਸਾਏ ਗਏ ਇਤਰਾਜ਼ਾਂ ਨੂੰ ਦੂਰ ਕਰੇਗੀ ਅਤੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਇਸ ਬਾਰੇ ਸੂਚਨਾ ਪੰਚਾਇਤ ਸੰਮਤੀ ਨੂੰ ਭੇਜੇਗੀ ਜਾਂ ਉਕਤ ਸਮੇਂ ਵਿੱਚ ਨਿਰਧਾਰਤ ਅਧਿਕਾਰੀ ਨੂੰ ਇਤਰਾਜ਼ਾਂ ਬਾਰੇ ਹੋਰ ਸਪੱਸ਼ਟੀਕਰਣ ਜੇ ਗਰਾਮ ਪੰਚਾਇਤ ਦੇਣਾ ਚਾਹੇ ਤਾਂ ਦੇਵੇਗੀ।

  ਪੰਚਾਇਤ ਕੋਲ ਪਈ ਨਕਦ ਰਾਸ਼ੀ ਨੂੰ ਭੂਮੀ ਬੈਂਕ ਬੱਚਤ ਖਾਤਿਆਂ ਵਿੱਚ ਰੱਖਿਆ ਜਾ ਸਕਦਾ ਹੈ। ਆਮਦਨ ਅਤੇ ਖਰਚੇ ਦੇ ਖਤਿਆਂ ਨੂੰ ਇੰਝ ਰੱਖਣਾ ਚਾਹੀਦਾ ਹੈ ਕਿ ਇਹ ਸਰਕਾਰ ਵੱਲੋਂ ਬਣਾਏ ਗਏ ਨਿਯਮਾਂ ਅਤੇ ਮਾਪਦੰਡਾਂ ਦੇ ਅਨੁਸਾਰ ਹੋਣ। ਸਰਕਾਰੀ ਲੇਖਾ ਪਰੀਖਕ ਇਹਨਾਂ ਦੀ ਜਾਂਚ ਪੜਤਾਲ ਵੀ ਕਰ ਸਕਦੇ ਹਨ।

### ਗਰਾਮ ਪੰਚਾਹਿਤ ਦਾ ਰਿਕਾਰਡ

ਗਰਾਮ ਪੰਚਾਇਤ ਦਾ ਰਿਕਾਰਡ ਹੇਠ ਲਿਖੇ ਅਨੁਸਾਰ ਹੁੰਦਾ ਹੈ:-

- ਕੈਸ਼ ਬੁੱਕ
- ਕਾਰਵਾਈ ਕਿਤਾਬ
- ਸਟਾਕ ਰਜਿਸਟਰ
- ਵਰਕ ਰਜਿਸਟਰ
- ਪਟਾਨਾਮਾ ਰਜਿਸਟਰ
- ਮਸਟਰ ਰੋਲ
- ਰਸੀਦ ਬੁੱਕ
- ਡਿਸਪੈਚ ਰਜਿਸਟਰ
- ਜੁਡੀਸ਼ੀਅਲ ਰਜਿਸਟਰ
- ਇੰਸਪੈਕਸ਼ਨ ਰਜਿਸਟਰ ਆਦਿ

### ਸਰਪੰਚ ਆਪਣੇ ਹੱਥ ਵਿੱਚ ਕਿੰਨਾ ਕੈਸ਼ (ਪੈਸਾ ) ਰੱਖ ਸਕਦਾ ਹੈ?

ਗਰਾਮ ਪੰਚਾਇਤ ਦਾ ਸਰਪੰਚ ਪੰਚਾਇਤ ਫੰਡ ਵਿਚੋਂ ਵਿਕਾਸ ਦੇ ਕੰਮਾਂ ਨੂੰ ਮੁੱਖ ਰੱਖਦੇ ਹੋਏ, ਲੋੜ ਅਨੁਸਾਰ ਇੱਕ ਹੱਦ ਤੱਕ ਪੈਸੇ ਕਰਵਾ ਸਕਦਾ ਹੈ ਪਰ ਇਹ ਜ਼ਰੂਰੀ ਹੈ ਜੇ ਉਸ ਕੋਲ 5000/- ਰੁਪਏ ਤੋਂ ਵੱਧ ਨਕਦ ਰਾਸ਼ੀ ਹੋਵੇ ਤਾਂ ਉਸ ਨੂੰ ਬੈਂਕ ਵਿੱਚ ਜਮ੍ਹਾਂ ਕਰਵਾ ਦੇਣੀ ਚਾਹੀਦੀ ਹੈ।

- ਕੀ ਅਧਿਕਾਰੀ ਘੱਟ ਹਨ?
- ਕੀ ਪੰਚਾਇਤਾਂ ਜ਼ਿੰਮੇਵਾਰੀ ਨਹੀਂ ਨਿਭਾ ਰਹੀਆਂ ਹਨ?
- ਕੀ ਲੇਖਾ ਪੜਤਾਲ ਔਖਾ ਹੈ?
- ਕੀ ਲੋੜੀਂਦੀ ਲੇਖਾ ਸਮੱਗਰੀ ਨਹੀਂ ਹੈ?
- ਕੀ ਇਸ ਸਬੰਧੀ ਕੁੱਝ ਹੋਰ ਕਰਨ ਦੀ ਲੋੜ ਹੈ?



# ਅਧਿਆਇ 7
# ਗਰਾਮ ਪੰਚਾਇਤ : ਸ਼ਾਮਲਾਟ ਦੇਹ, ਸਾਂਭ ਸੰਭਾਲ ਅਤੇ ਵਰਤੋਂ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 1849 ਈਸਵੀ ਵਿੱਚ ਹਥਿਆਉਣ ਤੋਂ ਬਾਅਦ ਅੰਗਰੇਜ਼ਾਂ ਦਾ ਸਭ ਤੋਂ ਪਹਿਲਾ ਕੰਮ ਸੀ ਪੰਜਾਬ ਨੂੰ ਆਪਣੀ ਆਰਿਥਕ, ਪ੍ਰਬੰਧਕੀ, ਭੂਗੋਲਿਕ ਅਤੇ ਪ੍ਰਸ਼ਾਸਨਿਕ ਲੋੜ ਅਨੁਸਾਰ ਪਿੰਡਾਂ , ਤਹਿਸੀਲਾਂ, ਜ਼ਿਲ੍ਹਿਆ ਅਤੇ ਡਿਵੀਜ਼ਨਾਂ ਵਿੱਚ ਸੂਚੀਬੱਧ ਕਰਨਾ। ਇਸ ਸਿਲਸਿਲੇ ਅਧੀਨ ਅੰਗਰੇਜ਼ਾਂ ਨੇ ਹਰ ਜ਼ਿਲ੍ਹੇ ਵਾਸਤੇ ਇੱਕ ਬੰਦੋਬਸਤ ਦਸਤਾਵੇਜ਼ (Settlement Report) ਤਿਆਰ ਕਰਵਾਇਆ ਜਿਸ ਵਿੱਚ ਜ਼ਿਲੇ ਦੇ ਹਰ ਪੱਖ ਦਾ ਵੇਰਵਾ ਦਰਜ ਕੀਤਾ ਗਿਆ। ਇਹਨਾਂ ਵਿੱਚੋਂ ਇੱਕ ਮਹੱਤਵਪੂਰਨ ਵੇਰਵਾ ਸੀ ਜ਼ਿਲ੍ਹੇ ਵਿਚਲੇ ਹਰ ਪਿੰਡ ਅਤੇ ਸ਼ਹਿਰ ਦੇ ਭੂਗੋਲਿਕ ਖੇਤਰ ਦੀ ਵਿਭਿੰਨ ਰੂਪਾਂ ਵਿੱਚ ਵਿਆਖਿਆ। ਇਸ ਵਿਆਖਿਆ ਲਈ ਜ਼ਿਲ੍ਹੇ ਵਿੱਚ ਪੈਂਦੇ ਹਰ ਪਿੰਡ ਅਤੇ ਸ਼ਹਿਰ ਦੀ ਇੱਕ ਬੰਦੋਬਸਤ ਸਰਕਾਰ ਹੈ। ਹਰ ਪਿੰਡ ਅਤੇ ਸ਼ਹਿਰ ਰਿਪੋਰਟ ਨੂੰ ਤਹਿਸੀਲ ਦੀ ਰਿਪੋਰਟ ਦਾ ਅਨਿੱਖੜਵਾਂ ਅੰਗ ਬਣਾਉਣ ਤੋਂ ਬਾਅਦ ਇਸਨੂੰ ਜ਼ਿਲ੍ਹੇ ਦੇ ਬੰਦੋਬਸਤ ਦਸਤਾਵੇਜ਼ ਦਾ ਹੱਸਾ ਬਣਾਇਆ ਗਿਆ। ਪਿੰਡ ਦੀ ਰਿਪੋਰਟ ਨੂੰ ਤਿਆਰ ਕਰਨ ਵਕਤ ਜ਼ਮੀਨ ਨਾਲ ਸਬੰਧਤ ਰਿਕਾਰਡ ਦੇ ਅੰਤਰਗਤ ਹੇਠ ਲਿਖੇ ਦਸਤਾਵੇਜ਼ ਤਿਆਰ ਕਰਵਾਏ ਗਏ।

- ਵਜ੍ਹਾ ਤਸਮੀਆਂ (ਪਿੰਡ ਵਸਾਉਣ ਦੀ ਵਜ੍ਹਾ)
- ਵਾਜਬੁਉਲ੍ਅਰਜ (ਜ਼ਮੀਨ ਸੰਬਧੀ ਵੇਰਵਾ)
- ਮਿਸਲ ਹਕੀਕਤ (ਮਾਲਕੀ ਸਬੰਧੀ ਵੇਰਵਾ)
- ਸ਼ਿਜਰਾ ਨਸ਼ਫ (ਕੁਰਸੀ ਨਾਮਾ)
- ਜਮ੍ਹਾਂਬੰਦੀ ਆਦਿ (ਜ਼ਮੀਨ ਦੀ ਮਾਲਕੀ ਦਾ ਰਿਕਾਰਡ)

ਉਪਰੋਕਤ ਦੱਸੇ ਦਸਤਾਵੇਜ਼ਾਂ ਵਿੱਚ ਹੀ ਪਿੰਡ ਦੀ ਸਾਂਝੀ ਜਾਇਦਾਦ ਦੇ ਰੂਪ ਵਿੱਚ ਸ਼ਾਮਲਾਟ ਦਾ ਜ਼ਿਕਰ ਵੀ ਕੀਤਾ ਗਿਆ। ਭਵਿੱਖ ਵਿੱਚ ਹਰ ਚਾਰ ਸਾਲ ਬਾਅਦ ਹੋਣ ਵਾਲੀ ਜਮ੍ਹਾਂਬੰਦੀ ਵਿੱਚ ਸ਼ਾਮਲਾਟ ਦਾ ਜ਼ਿਕਰ ਆਉਂਦਾ ਰਿਹਾ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਦੇ ਹਰੇਕ ਪਿੰਡ ਵਿੱਚ ਹਰੇਕ ਪਰਿਵਾਰ ਦੀ ਟੁਕੜਿਆਂ ਵਿੱਚ ਥਾਂ-ਥਾਂ ਪੈਂਦੀ ਜ਼ਮੀਨ ਨੂੰ ਇੱਕ ਥਾਂ ਕਰਨ ਲਈ ਮੁਰੱਬੇਬੰਦੀ ਨੂੰ ਅਪਣਾਇਆ ਗਿਆ। ਮੁਰੱਬੇਬੰਦੀ ਦੌਰਾਨ ਪਿੰਡ ਸਬੰਧੀ ਉਪਲੱਬਧ ਰਿਡਾਰਡ ਨੂੰ ਅਧਾਰ ਬਣਾ ਕੇ ਸ਼ਾਮਲਾਟ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ ਅਤੇ ਉਸਨੂੰ ਬਕਾਇਦਾ ਰਿਕਾਰਡ ਵਿੱਚ ਦਰਜ ਕੀਤਾ ਗਿਆ। ਚੱਕਬੰਦੀ ਜਾਂ ਮੁਰੱਬੇਬੰਦੀ ਦੌਰਾਨ ਅਕਸਰ ਹੀ ਪਿੰਡਾਂ ਵਿੱਚ ਨਿਮਨ ਪ੍ਰਕਾਰ ਦੀਆਂ ਜ਼ਮੀਨਾਂ ਸਾਂਝੇ ਕੰਮਾਂ ਲਈ ਛੱਡੀਆਂ ਗਈਆਂ।

- ਸ਼ਾਮਲਾਟ ਦੇਹ
- ਮੁਸ਼ਤਰਕਾ ਮਾਲਕਾਨ ਜ਼ਮੀਨ/ਬੱਚਤ ਜ਼ਮੀਨ

### ਸ਼ਾਮਲਾਟ ਦੇਹ:

ਪਿੰਡ ਦੇ ਸਾਂਝੇ ਕੰਮਾਂ ਲਈ ਰੱਖੀ ਗਈ ਜ਼ਮੀਨ ਜਿਸਦੀ ਮਲਕੀਅਤ ਪੰਚਾਇਤ ਕੋਲ ਹੁੰਦੀ ਹੈ, ਸ਼ਾਮਲਾਟ ਕਹਾਉਂਦੀ ਹੈ। ਪੰਚਾਇਤ ਵੱਲੋਂ ਸ਼ਾਮਲਾਟ ਦੇਹ ਅਤੇ ਇਸ ਤੋਂ ਹੋਣ ਵਾਲੀ ਆਮਦਨ ਪਿੰਡ ਦੀ ਬੇਹਤਰੀ ਲਈ ਵਰਤੀ ਜਾਂਦੀ ਹੈ।

### ਪੰਜਾਬ ਵਿਲੇਜ ਕਾਮਨ ਲੈਂਡ (ਰੈਗੂ) : ਐਕਟ 1961 ਦੀ ਧਾਰਾ 2 (ਜੀ) ਤਹਿਤ

ਸ਼ਾਮਲਾਟ ਦੇਹ ਵਿੱਚ ਹੇਠ ਲਿਖੀਆਂ ਜ਼ਮੀਨਾਂ ਸ਼ਾਮਲ ਹੁੰਦੀਆਂ ਹਨ :-

- ਮਾਲ ਰਿਕਾਰਡ ਵਿਚ ਦਰਜ ਸਾਮਲਾਤ ਦੇਹ (ਅਬਾਦੀ ਦੇਹ ਨੂੰ ਛਡਕੇ)
- ਉਹ ਜ਼ਮੀਨਾਂ ਜਿਨ੍ਹਾਂ ਬਾਰੇ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਮਾਲਕੀ ਦੇ ਖਾਨੇ ਵਿੱਚ ਸ਼ਾਮਲਾਟ, ਤਰਫ, ਪੱਤੀ, ਪੰਨਾ ਅਤੇ ਠੁਲ੍ਹਾ ਲਿਖਿਆ ਹੋਇਆ ਹੁੰਦਾ ਹੈ ਅਤੇ ਮਾਲ ਰਿਕਾਰਡ ਅਨੁਸਾਰ ਉਹ ਜ਼ਮੀਨ ਦਿਹਾਤੀ ਭਾਈਚਾਰੇ ਦੇ ਸਾਂਝੇ ਕੰਮਾਂ ਲਈ ਵਰਤੀ ਜਾਂਦੀ ਰਹੀ ਹੋਵੇ।
- ਉਹ ਜ਼ਮੀਨਾਂ ਜਾਂ ਥਾਵਾਂ ਜੋ ਕਿ ਦਿਹਾਤੀ ਭਾਈਚਾਰੇ ਲਈ ਰਾਖਵੀਆਂ ਰੱਖੀਆਂ ਗਈਆਂ ਹੋਣ ਜਾਂ ਵਰਤੀਆਂ ਜਾਂਦੀਆਂ ਹੋਣ ਜਿਵੇਂ ਕਿ ਗਲੀਆਂ, ਪਹੀਆਂ, ਖੇਡਾਂ ਦੇ ਮੈਦਾਨ, ਸਕੂਨ, ਪੀਣ ਵਾਲੇ ਪਾਣ. ਦੇ ਖੂਹ, ਛੱਪੜ ਜੋ ਕਿ ਅਬਾਦੀ ਦੇਹ ਅਤੇ ਗੋਰਾ ਦੇਹ ਵਿੱਚ ਪੈਂਦੇ ਹੋਣ।

- ਉਹ ਜ਼ਮੀਨ ਜੋ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਬੰਜਰ ਕਦੀਮ ਹੈ ਅਤੇ ਪਿੰਡ ਦੇ ਸਾਝੇ ਕੰਮਾਂ ਲਈ ਵਰਤੀ ਜਾਂਦੀ ਹੈ।

ਪ੍ਰੰਤੂ ਹੇਠ ਲਿਖੀਆਂ ਜ਼ਮੀਨ ਸ਼ਾਮਲਾਟ ਦੇਹ ਵਿੱਚ ਸ਼ਾਮਲ ਨਹੀਂ ਹੁੰਦੀ।

- ਵਿਸਥਾਪਤ ਵਿਅਕਤੀਆਂ ਨੂੰ ਨੀਮ ਸਥਾਈ ਤੌਰ ਤੇ ਅਲਾਟ ਕੀਤੀ ਹੋਈ ਜ਼ਮੀਨ।
- ਅਜਿਹੀ ਸ਼ਾਮਲਾਟ ਦੇਹ ਜੋ ਵਿਸਥਾਪਿਤ ਵਿਅਕਤੀਆਂ ਨੂੰ ਨੀਮ ਸਥਾਈ ਤੌਰ ਤੇ ਅਲਾਟ ਕੀਤੀ ਗਈ ਜਾਂ ਕਿਸੇ ਵੀ ਵਿਅਕਤੀ ਨੂੰ 9 ਜੁਲਾਈ 1985 ਤੋਂ ਪਹਿਲਾਂ ਵੇਚੀ ਜਾਂ ਹੋਰ ਕਿਸੇ ਤਰੀਕੇ ਨਾਲ ਤਬਦੀਲ ਕੀਤੀ ਗਈ ਹੋਵੇ।
- ਮਿਤੀ 26 ਜਨਵਰੀ, 1950 ਤੋਂ ਪਹਿਲਾਂ ਜਿਹੜੀ ਸ਼ਾਮਲਾਟ ਦੇਹ ਖਾਤੇਦਾਰਾਂ (ਖੇਵਟਦਾਰਾਂ) ਨੇ ਆਪਸ ਵਿੱਚ ਵੰਡ ਕੇ ਉਸ ਦੀ ਵਾਹੀ ਕਰਨੀ ਸ਼ੁਰੂ ਦਿੱਤੀ ਹੋਵੇ।
- ਕਿਸੇ ਬੰਦੇ ਨੇ 26 ਜਨਵਰੀ 1950 ਤੋਂ ਪਹਿਲਾਂ ਸ਼ਾਮਲਾਟ ਜ਼ਮੀਨ ਖਰੀਦ ਲਈ ਹੋਵੇ ਜਾਂ ਆਪਣੀ ਮਾਲਕੀ ਦੇ ਬਦਲੇ ਵਿੱਚ ਲੈ ਲਈ ਹੋਵੇ ਅਤੇ ਇਸ ਦਾ ਇੰਦਰਾਜ ਜਮ੍ਹਾਂਬਦੀ ਜਾਂ ਮਲ ਵਿਭਾਗ ਦੇ ਕਿਸੇ ਹੋਰ ਰਿਕਾਰਡ ਵਿੱਚ ਦਰਜ ਹੋਵੇ, ਪ੍ਰੰਤੂ ਸ਼ਰਤ ਹੈ ਕਿ ਤਬਦੀਲ ਕੀਤੀ ਸ਼ਾਮਲਾਟ ਜ਼ਮੀਨ ਬਦਲੀ ਕਰਨ ਵਾਲੇ ਦੇ ਸ਼ਾਮਲਾਟ ਵਿੱਚ ਬਣਦੇ ਹਿੱਸੇ ਤੋਂ ਜ਼ਿਆਦਾ ਨਾ ਹੋਵੇ।
- ਮਾਲ ਵਿਭਾਗ ਦੇ ਰਿਕਾਰਡ ਵਿਚ ਸ਼ਾਮਲਾਟ ਤਰਫ, ਪੱਤੀ ਪੰਨਾ ਅਤੇ ਠੁਲ੍ਹਾ ਦਰਜ ਹੋਵੇ ਜਿਸ ਦੀ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਵਰਤੋਂ ਪਿੰਡ ਦੇ ਸਾਂਝੇ ਕੰਮਾਂ ਲਈ ਨਾ ਹੋਵੇ।
- ਅਬਾਦੀ ਦੇਹ ਤੋਂ ਬਾਹਰ ਦੀ ਜ਼ਮੀਨ ਜਿਹੜੀ ਪੰਜਾਬ ਵਿਲੇਜ ਕਾਮਨ ਲੈਂਡ (ਰੈਗ ਐਕਟ) 1961 ਦੇ ਲਾਗੂ ਹੋਣ ਤੋਂ ਪਹਿਲਾਂ ਅਗਵਾੜ, ਵਾੜ, ਖਾਦ ਦੇ ਟੋਏ, ਮਕਾਨ ਜਾਂ ਲਘੂ ਉਦਯੋਗ ਲਈ ਵਰਤੋਂ ਵਿੱਚ ਲਿਆਂਦੀ ਗਈਹੋਵੇ।
- ਸ਼ਾਮਲਾਟ ਦੇਹ ਜਿਸਨੂੰ ਰੈਵੇਨਿਊ (ਢਾਲ) ਲੱਗਿਆ ਹੋਵੇ ਅਤੇ ਕਿਸੇ ਖੇਵਟਦਾਰ ਦੇ ਵਾਹੀ ਅਧੀਨ ਕਬਜ਼ੇ ਵਿੱਚ ਮਿਤੀ 26 ਜਨਵਰੀ 1950 ਤੋਂ ਪਹਿਲਾਂ ਉਸ ਦੇ ਹਿੱਸੇ ਦੇ ਅਨੁਸਾਰ ਹੋਵੇ।
- ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਐਕਟ 1961 ਦੇ ਲਾਗੂ ਹੋਣ ਭਾਵ 4 ਮਈ, 1961 ਤੋਂ ਪਹਿਲਾਂ ਧਾਰਮਿਕ ਕੰਮਾਂ ਲਈ ਵਰਤੋਂ ਵਿੱਚ ਲਿਆਂਦੀ ਗਈ ਹੋਵੇ।
- ਪੰਜਾਬ ਵਿਲੇਜ ਕਾਮਨ ਲੈਂਡ ਐਕਟ 1961 ਦੀ ਧਾਰਾ 4(3)(11) ਵਿੱਚ ਜੇ ਕੋਈ ਵਿਕਅਤੀ ਐਕਟ ਲਾਗੂ ਹੋਣ ਦੀ ਮਿਤੀ ਤੋਂ 12 ਸਾਲ ਪਹਿਲਾਂ ਤੋਂ ਬਿਨ੍ਹਾਂ ਕੋਈ **ਕਿਰਾਇਆ**, ਠੇਕਾ ਅਤੇ ਚਕੌਤਾ ਆਦਿ ਤੋਂ ਉਸ ਜ਼ਮੀਨ ਤੇ ਕਾਬਜ਼ ਹੋਵੇ।
- ਜੇਕਰ ਪੰਚਾਇਤ ਨੇ ਸ਼ਾਮਲਾਟ ਜ਼ਮੀਨ 26 ਜਨਵਰੀ 1950 ਤੋਂ ਪਹਿਲਾਂ ਕਬਜ਼ੇ ਸਮੇਤ ਰਹਿਣ/ਗਿਰਵੀ ਕਰ ਦਿੱਤੀ ਹੋਵੇ।

## ਮੁਸ਼ਤਰਕਾ ਮਾਲਕਾਨ ਜਾਂ ਬੱਚਤ ਜ਼ਮੀਨ

ਮੁਰੱਬੇਬੰਦੀ ਐਕਟ 1948 ਧਾਰਾ 18 ਅਧੀਨ ਲੋਕਾਂ ਦੀ ਜ਼ਮੀਨ ਤੇ ਕਟੌਤੀ ਲਗਾ ਕੇ ਸਾਂਝੇ ਕੰਮਾਂ ਲਈ ਜਿਹੜੀ ਜ਼ਮੀਨ ਛੱਡੀ ਗਈ ਹੈ, ਉਸ ਨੂੰ ਮੁਸ਼ਤਰਕਾ ਮਾਲਕਾਨ ਜਾਂ ਬੱਚਤ ਜ਼ਮੀਨ ਕਿਹਾ ਜਾਂਦਾ ਹੈ। ਇਹ ਜ਼ਮੀਨ ਪੰਚਾਇਤ ਦੀ ਮਾਲਕੀ ਤਾਂ ਨਹੀਂ ਹੁੰਦੀ ਪਰੰਤੂ ਮੁਰੱਬੇਬੰਦੀ ਐਕਟ 1948 ਦੀ ਧਾਰਾ 23 ਏ ਅਧੀਨ ਗਰਾਮ ਪੰਚਾਇਤ ਦੇ ਹਵਾਲੇ ਹੁੰਦੀ ਹੈ ਜਿਸ ਦਾ ਨਿਯੰਤਰਣ ਅਤੇ ਪ੍ਰਬੰਧ ਗਰਾਮ ਪੰਚਾਇਤ ਕਰਦੀ ਹੈ। ਇਹ ਜ਼ਮੀਨ ਪੰਜਾਬ ਗਰਾਮ ਪੰਚਾਇਤ (ਕਾਮਨ ਪਰਪਜ਼ ਲੈਂਡ) ਇਵੈਕਿਊਏਸ਼ਨ ਐਂਡ ਰਿਕਵਰੀ ਐਕਟ 1976 ਦੀ ਧਾਰਾ 2 ਅਧੀਨ ਆਮ ਕੰਮਾਂ ਲਈ ਵਰਤੀ ਜਾਣ ਵਾਲੀ ਜ਼ਮੀਨ ਹੁੰਦੀ ਹੈ।

## ਗੈਰ ਕਾਨੂੰਨੀ ਕਾਬਜ਼ ਵਿਅਕਤੀਆਂ ਤੋਂ ਕਬਜ਼ਾ ਲੈਣ ਸਬੰਧੀ

ਪੰਜਾਬ ਵਿਲੇਜ਼ ਕਾਮਨ ਲੈਂਡ ਐਕਟ 1961 ਦੀ ਧਾਰਾ 7 ਅਤੇ ਪੰਜਾਬ ਵਿਲੇਜ ਕਾਮਨ ਲੈਂਡ ਰੂਲਜ਼ 1964 ਦੇ ਨਿਯਮ 20 ਅਤੇ 21 ਵਿੱਚ ਗੈਰਕਾਨੂੰਨੀ ਕਾਬਜ਼ ਵਿਅਕਤੀਆਂ ਨੂੰ ਬਾਹਰ ਕੱਢਣ ਸਬੰਧੀ ਵਰਨਣ ਕੀਤਾ ਹੋਇਆ ਹੈ।

ਪੰਜਾਬ ਵਿਲੇਜ਼ ਕਾਮਨ ਲੈਂਡ (ਰੈਗੂ) ਐਕਟ 1961 ਦੀ ਧਾਰਾ 7 ਵਿੱਚ ਸ਼ਾਮਲਾਟ ਦੇਹ ਵਿੱਚ ਬੇਦਖਲੀ ਦਾ ਦਾਵਾ ਕੁਲੈਕਟਰ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ ਹੈ। ਧਾਰਾ 7 ਵਿੱਚ ਜੇਕਰ ਕੋਈ ਬੇਦਖਲੀ ਦਾ ਕੇਸ ਕੁਲੈਕਟਰ ਦੀ ਅਦਾਲਤ ਵਿੱਚ ਪਾਇਆ ਜਾਂਦਾ ਹੈ ਤਾਂ ਪੰਜਾਬ ਵਿਲੇਜ਼ ਕਾਮਨ ਲੈਂਡ (ਰੈਗੂ) ਐਕਟ 1961 ਅਧੀਨ ਕੁਲੈਕਟਰ ਨਜਾਇਜ਼ ਕਾਬਜ਼ਕਾਰ ਨੂੰ ਹਾਜ਼ਰ ਹੋਣ ਲਈ ਨੋਟਿਸ ਭੇਜੇਗਾ। ਇਸ ਨੋਟਿਸ ਵਿੱਚ ਝਗੜੇ ਵਾਲੀ ਜ਼ਮੀਨ ਦਾ ਵਰਨਣ ਕੀਤਾ ਜਾਵੇਗਾ। ਇਸ ਨੋਟਿਸ ਦੀ ਤਾਮੀਲ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਰਾਹੀਂ ਕਾਰਵਾਈ ਜਾਵੇਗੀ। ਨੋਟਿਸ ਦਾ ਸਮਾਂ ਘੱਟੋ ਘੱਟ 10 ਦਿਨਾਂ

ਦਾ ਦਿੱਤਾ ਜਾਵੇਗਾ। ਜੇਕਰ ਨੋਟਿਸ ਸਬੰਧਤ ਵਿਅਕਤੀ ਨੂੰ ਤਾਮੀਲ ਨਾ ਹੋ ਸਕੇ ਤਾਂ ਨੋਟਿਸ ਦੀ ਕਾਪੀ ਉਸ ਵਿਅਕਤੀ ਦੇ ਘਰ ਦੇ ਬਾਹਰ ਦਰਵਾਜ਼ੇ ਤੇ ਚਿਪਕਾਈ (ਚਸ਼ਪਾ) ਕੀਤੀ ਜਾਵੇਗੀ ਅਤੇ ਪਿਆਦਾ ਇਸ ਰਿਪੋਰਟ ਦੀ ਤਸਦੀਕ ਪਿੰਡ ਦੇ ਨੰਬਰਦਾਰ ਜਾਂ ਕਿਸੇ ਹੋਰ ਵਸਨੀਕ ਤੋਂ ਕਰਵਾ ਕੇ ਨੋਟਿਸ ਦੀ ਕਾਪੀ ਕੁਲੈਕਟਰ ਨੂੰ ਵਾਪਸ ਭੇਜੇਗਾ। ਇਹ ਚੰਗਾ ਹੋਵੇਗਾ ਕਿ ਨੋਟਿਸ ਦੀ ਕਾਪੀ ਰਜਿਸਟਰਡ (ਚਿੱਠੀ) ਏ.ਡੀ. ਰਾਹੀਂ ਉਸ ਵਿਅਕਤੀ ਦੇ ਘਰ ਭੇਜੀ ਜਾਵੇ। ਦਾਅਵੇ ਦੀ ਕਾਪੀ ਵੀ ਨੋਟਿਸ ਦੇ ਨਾਲ ਭੇਜਣੀ ਜ਼ਰੂਰੀ ਹੈ। ਨਿਯਮ 20 ਅਧੀਨ ਦਿੱਤੇ ਹੋਏ ਨੋਟਿਸ ਤੇ ਜੇਕਰ ਕੋਈ ਵਿਅਕਤੀ ਕੁਲੈਕਟਰ ਦੀ ਅਦਾਲਤ ਵਿੱਚ ਪੇਸ਼ ਹੁੰਦਾ ਹੈ ਤਾਂ ਉਸ ਨੂੰ ਦਾਅਵੇ ਦੀ ਇਕ ਕਾਪੀ ਦਿੱਤੀ ਜਾਂਦੀ ਹੈ ਅਤੇ ਜਵਾਬਦਾਵਾ ਦੇਣ ਲਈ 15 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ। ਜਵਾਬਦਾਵਾ ਪ੍ਰਾਪਤ ਹੋਣ ਤੋਂ ਬਾਅਦ ਅਤੇ ਦੋਵੇਂ ਧਿਰਾਂ ਦੇ ਸਬੂਤ ਲੈਣ ਉਪਰੰਤ ਜੇਕਰ ਕੁਲੈਕਟਰ ਦੀ ਤਸੱਲੀ ਹੋ ਜਾਂਦੀ ਹੈ ਕਿ ਕਬਜ਼ਾ ਨਜ਼ਾਇਜ਼ ਹੈ ਤਾਂ ਕੁਲੈਕਟਰ ਉਸ ਵਿਅਕਤੀ ਨੂੰ ਬੇਦਖਲ ਕਰਨ ਦੇ ਹੁਕਮ ਪਾਸ ਕਰ ਸਕਦਾ ਹੈ ਅਤੇ ਜ਼ਮੀਨ ਦਾ ਕਬਜ਼ਾ ਪੰਚਾਇਤ ਨੂੰ ਦੇਣ ਦੇ ਆਦੇਸ਼ ਦੇ ਸਕਦਾ ਹੈ।

ਜੇਕਰ ਨਜਾਇਜ਼ ਕਾਬਜ਼ ਵੱਲੋਂ 30 ਦਿਨਾਂ ਦੇ ਅੰਦਰ-ਅੰਦਰ ਕਬਜ਼ਾ ਪੰਚਾਇਤ ਨੂੰ ਨਹੀਂ ਦਿੱਤਾ ਜਾਂਦਾ ਤਾਂ ਕੁਲੈਕਟਰ ਕਾਬਜ਼ ਵਾਰੰਟ ਜਾਰੀ ਕਰਕੇ ਕਬਜ਼ਾ ਪੰਚਾਇਤ ਨੂੰ ਦਿਵਾਏਗਾ। ਧਾਰਾ 7 ਅਧੀਨ ਕੁਲੈਕਟਰ ਨੇ ਸਿਰਫ ਇਹੀ ਦੇਖਣਾ ਹੁੰਦਾ ਹੈ ਕਿ ਜ਼ਮੀਨ ਤੇ ਕਬਜ਼ਾ ਜਾਇਜ਼ ਹੈ ਜਾਂ ਨਹੀਂ, ਉਸ ਨੇ ਇਸ ਧਾਰਾ ਵਿੱਚ ਮਾਲਕੀ ਬਾਰੇ ਕੋਈ ਫੈਸਲਾ ਨਹੀਂ ਕਰਨਾ ਹੁੰਦਾ। ਇਸ ਧਾਰਾ ਅਧੀਨ ਕੁਲੈਕਟਰ ਨੇ ਸੰਖੇਪ ਕਾਰਵਾਈ ਕਰਕੇ ਆਪਣਾ ਫੈਸਲਾ ਦੇਣਾ ਹੁੰਦਾ ਹੈ। ਜੇਕਰ ਕਿਸੇ ਵਿਅਕਤੀ ਨੇ ਜ਼ਮੀਨ ਪੰਚਾਇਤ ਤੋਂ ਠੇਕੇ (ਲੀਜ਼) ਤੇ ਲਈ ਹੋਵੇ ਤਾਂ ਉਹ ਵਿਅਕਤੀ ਉਸ ਜ਼ਮੀਨ ਦੀ ਮਾਲਕੀ ਬਾਰੇ ਕੋਈ ਹੱਕ ਨਹੀਂ ਜਤਾ ਸਕਦਾ।

ਜੇਕਰ ਪੰਚਾਇਤ ਨੇ ਧਾਰਾ 7 ਵਿੱਚ ਬੇਦਖਲੀ ਦਾ ਕੇਸ ਕੀਤਾ ਹੋਵੇ ਅਤੇ ਉਸ ਜਵਾਬਦਾਵੇ ਵਿੱਚ ਦੂਜੀ ਧਿਰ ਨੇ ਆਪਣੀ ਮਾਲਕੀ ਦਾ ਜ਼ਿਕਰ ਕੀਤਾ ਹੋਵੇ ਤਾਂ ਅਦਾਲਤ ਨੂੰ ਪਹਿਲਾਂ ਮਾਲਕੀ ਦਾ ਫੈਸਲਾ ਕਰਨਾ ਚਾਹੀਦਾ ਹੈ। ਜੇਕਰ ਕੋਈ ਵਿਅਕਤੀ ਪੰਚਾਇਤ ਵੱਲੋਂ ਉਪਰੋਕਤ ਧਾਰਾ ਅਧੀਨ ਬੇਦਖਲੀ ਦੇ ਕੇਸ ਦੇ ਜਵਾਬ ਵਿੱਚ ਇਹ ਕਹੇ ਕਿ ਇਹ ਜ਼ਮੀਨ ਸ਼ਾਮਲਾਟ ਦੇਹ ਨਹੀਂ ਹੈ ਅਤੇ ਇਹ ਉਸਦੀ ਮਾਲਕੀ ਦੀ ਜ਼ਮੀਨ ਹੈ ਤਾਂ ਅਦਾਲਤ ਨੂੰ ਚਾਹੀਦਾ ਹੈ ਕਿ ਉਹ ਇਹੋ ਜਿਹੇ ਕੇਸ ਧਾਰਾ 11 ਵਿੱਚ ਆਪ ਹੀ ਬਦਲ ਲਵੇ ਜਾਂ ਉਸ ਵਿਅਕਤੀ ਨੂੰ ਧਾਰਾ 11 ਵਿੱਚ ਦਾਅਵਾ ਕਰਨ ਲਈ ਕਹੇ। ਪਹਿਲਾਂ ਧਾਰਾ 11 ਦੇ ਸਬੰਧ ਵਿੱਚ ਕੇਸ ਦਾ ਫੈਸਲਾ ਕੀਤਾ ਜਾਵੇ ਅਤੇ ਬਾਅਦ ਵਿੱਚ ਧਾਰਾ 7 ਦੇ ਕੇਸ ਦਾ ਫੈਸਲਾ ਕਰਨਾ ਹੁੰਦਾ ਹੈ।

### ਸ਼ਾਮਲਾਟਜ਼ਮੀਨ ਉੱਪਰ ਨਜਾਇਜ਼ ਕਬਜ਼ਾ ਰੱਖਣ ਤੇ ਹੋਣ ਵਾਲੀ ਸਜ਼ਾ

ਪੰਜਾਬ ਵਿਲੇਜ਼ ਕਾਮਨ ਲੈਂਡ ਐਕਟ 1961 ਦੀ ਧਾਰਾ 13 ਏ ਵਿੱਚ ਨਜਾਇਜ਼ ਕਾਬਜ਼ਾਂ ਲਈ ਸਜ਼ਾ ਦਾ ਵਰਨਣ ਕੀਤਾ ਹੋਇਆ ਹੈ। ਇਸ ਧਾਰਾ ਵਿੱਚ ਜੇਕਰ ਕੋਈ ਵਿਅਕਤੀ ਸ਼ਾਮਲਾਟਜ਼ਮੀਨ ਤੇ ਨਜਾਇਜ਼ ਤੌਰ ਤੇ ਕਬਜ਼ਾ ਕਰੇ ਜਾਂ ਅਧਿਕਾਰਤ ਤੌਰ ਤੇ ਕਬਜ਼ਾ ਕਰਕੇ ਠੇਕੇ (ਲੀਜ਼) ਦਾ ਸਮਾਂ ਖਤਮ ਹੋਣ ਤੇ ਖਾਲੀ ਨਾ ਕਰੇ ਤਾਂ ਉਸ ਵਿਅਕਤੀ ਨੂੰ 2 ਸਾਲ ਤਕ ਕੈਦ ਜਾਂ ਇੱਕ ਹਜ਼ਾਰ ਰੁਪਏ ਤੱਕ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ।

### ਸ਼ਾਮਲਾਟਜ਼ਮੀਨ ਵਿੱਚ ਕਿਸੇ ਵਿਅਕਤੀ ਦੀ ਮਾਲਕੀ ਦਾ ਫੈਸਲਾ ਕਰਨ ਬਾਰੇ

ਜੇਕਰ ਕਿਸੇ ਜ਼ਮੀਨ ਦਾ ਇਹ ਫੈਸਲਾ ਕਰਨਾ ਹੋਵੇ ਕਿ ਕੋਈ ਜ਼ਮੀਨ ਗਰਾਮ ਪੰਚਾਇਤ ਦੀ ਮਲਕੀਅਤ ਹੈ ਜਾਂ ਨਹੀਂ ਤਾਂ ਇਹ ਧਾਰਾ 11 ਵਿੱਚ ਕੁਲੈਕਟਰ ਦੁਆਰਾ ਕਰਵਾਇਆ ਜਾ ਸਕਦਾ ਹੈ। ਜਿਹੜਾ ਵਿਅਕਤੀ ਸ਼ਾਮਲਾਟ ਜ਼ਮੀਨ ਵਿੱਚ ਆਪਣਾ ਦਾਅਵਾ ਕਰੇ ਉਹ ਕਾਜ ਆਫ ਐਕਸ਼ਨ ਸ਼ੁਰੂ ਹੋਣ ਤੋਂ 30 ਦਿਨਾਂ ਦੇ ਵਿੱਚ ਧਾਰਾ 11 ਵਿੱਚ ਆਪਣਾ ਦਾਵਾ ਕੁਲੈਕਟਰ ਦੀ ਅਦਾਲਤ ਵਿੱਚ ਪਾ ਸਕਦਾ ਹੈ।

### ਸ਼ਾਮਲਾਟ ਜ਼ਮੀਨ ਦੇ ਕੇਸਾਂ ਵਿੱਚ ਦੀਵਾਨੀ ਅਦਾਲਤਾਂ ਦਖਲ ਨਹੀਂ ਦੇ ਸਕਦੀਆਂ

ਧਾਰਾ 13 ਵਿੱਚ ਦੀਵਾਨੀ ਅਦਾਲਤਾਂ ਨੂੰ ਸ਼ਾਮਲਾਟ ਜ਼ਮੀਨਾਂ ਦੇ ਕੇਸਾਂ ਵਿੱਚ ਕਿਸੇ ਕਿਸਮ ਦੇ ਦਖਲ ਤੋਂ ਰੋਕਿਆ ਗਿਆ ਹੈ। ਦੀਵਾਨੀ ਅਦਾਲਤ ਸਿਰਫ ਇਹ ਹੁਕਮ ਹੀ ਪਾਸ ਕਰ ਸਕਦੀ ਹੈ ਕਿ ਜੇਕਰ ਕਿਸੇ ਵਿਅਕਤੀ ਪਾਸੋਂ ਕੋਈ ਕਬਜ਼ਾ ਲੈਣਾ ਹੈ ਤਾਂ ਉਸਨੂੰ ਕਾਨੂੰਨੀ ਕਾਰਵਾਈ ਕਰ ਕੇ ਹੀ ਬੇਦਖਲ ਕੀਤਾ ਜਾ ਸਕਦਾ ਹੈ।

### ਸ਼ਾਮਲਾਟਜ਼ਮੀਨ ਦਾਨ ਦੇਣ ਬਾਰੇ

ਪੰਜਾਬ ਵਿਲੇਜ਼ ਕਾਮਨ ਲੈਂਡ ਰੈਗੂਲੇਸ਼ਨ ਰੂਲਜ਼ 1964 ਦੇ ਰੂਲ 13 ਵਿੱਚ ਗਰਾਮ ਪੰਚਾਇਤ ਮਤਾ ਪਾਸ ਕਰਕੇ ਵਿਦਿਅਕ ਸੰਸਥਾ, ਡਿਸਪੈਂਸਰੀ , ਹਸਪਤਾਲ ਜਾਂ ਚੈਰੀਟੇਬਲ ਸੰਸਥਾ, ਲਈ ਜ਼ਮੀਨ ਮੁਫਤ ਦਾਨ ਦੇ ਸਕਦੀ ਹੈ ਪਰ ਇਸ ਵਾਸਤੇ ਡਿਪਟੀ ਕਮਿਸ਼ਨਰ ਦੀ ਅਗੇਤੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

## ਧਾਰਾ 2 (ਜੀ) ਵਿੱਚ ਮੁਕੱਦਮੇਬਾਜ਼ ਲਈ ਜ਼ਰੂਰੀ ਦਸਤਾਵੇਜ਼ਾਂ ਦੀ ਸੂਚੀ

1) ਜਮ੍ਹਾਂਬੰਦੀ 1950-51
2) ਜਮ੍ਹਾਂਬੰਦੀ 1954-55
3) ਖਸਰਾ ਗਿਰਦਾਵਰੀ ਹਾੜੀ 1954
4) ਮੁਰੱਬੇਬੰਦੀ ਦੇ ਪੇਪਰ (ਸ਼ਾਮਲਾਟਜ਼ਮੀਨ)
    - ਖਤੌਨੀ ਇਸਤੇਮਾਲ
    - ਨਕਸ਼ਾ ਹਕਦਾਰਵਾਰ
    - ਨਕਲ ਕਾਰਵਾਈ
    - ਖਤੌਨੀ ਪੈਮਾਇਸ਼ਾ ਹਕਦਾਰਵਾਰ
    - ਨਕਲ ਕਾਰਵਾਈ
    - ਖਤੌਨੀ ਪੈਮਾਇਸ਼
    - ਸਕੀਮ ਮੁਰੱਬੇਬੰਦੀ
    - ਮਿਸਲ ਹਕੀਅਤ
    - ਵਾਜਬ ਉਲ ਅਰਜ਼
    - ਇੰਤਕਾਲ ਦੀ ਨਕਲ ਜਿਸ ਵਿੱਚ ਸ਼ਾਮਲਾਟ ਜ਼ਮੀਨ ਦਾ ਇੰਤਕਾਲ ਪੰਚਾਇਤ ਦੇ ਨਾਮ ਹੋਵੇ
    - ਜਮ੍ਹਾਂਬੰਦੀ (ਮੁਰੱਬੇਬੰਦੀ ਤੋਂ ਅੱਜ ਤੱਕ)

## ਸ਼ਾਮਲਾਟਜ਼ਮੀਨ ਦੀ ਵਰਤੋਂ ਸਬੰਧੀ

ਸ਼ਾਮਲਾਟਜ਼ਮੀਨ ਨੂੰ ਹੇਠਾਂ ਲਿਖੇ ਕੰਮਾਂ ਲਈ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

- ਖੇਤੀਬਾੜੀ
- ਬੀਜ ਪੈਦਾ ਕਰਨ ਲਈ ਖੇਤੀਬਾੜੀ ਫਾਰਮ
- ਫੁੱਲਾਂ ਅਤੇ ਦਰੱਖਤਾਂ ਦੀ ਪੌਧ ਤਿਆਰ ਕਰਨ ਲਈ
- ਚਾਰੇ ਅਤੇ ਖੁਰਾਕੀ ਫਸਲਾਂ ਲਈ
- ਜਨਤਕ ਪਖਾਨਿਆਂ
- ਚਰਾਂਦਾਂ
- ਮੁਰਦਾਘਾਟ/ਸ਼ਮਸ਼ਾਨ ਭੂਮੀ
- ਮੇਲੇ ਦੇ ਮੈਦਾਨ
- ਪੰਚਾਇਤ ਘਰ
- ਖੇਡਾਂ ਦੇ ਮੈਦਾਨ
- ਤਲਾਬ/ ਟੋਭਾ
- ਇੰਤਜ਼ਾਰ ਘਰ
- ਸਕੂਲ/ਡਿਸਪੈਂਸਰੀਆਂ, ਹਸਪਤਾਲਾਂ ਵਰਗੀਆਂ ਸੰਸਥਾਵਾਂ ਦੇ ਸੰਚਾਲਨ ਵਾਸਤੇ।
- ਮੁੱਢਲੇ ਸਹਾਇਤਾ ਕੇਂਦਰ ਦੀ ਸਥਾਪਨਾ ਲਈ।
- ਮੱਛੀ ਪਾਲਣ ਲਈ
- ਜਿਸ ਵਿਅਕਤੀ ਪਾਸ ਰਿਹਾਇਸ਼ ਲਈ ਘੱਟ ਜਗ੍ਹਾ ਹੋਵੇ ਉਸ ਲਈ; ਅਤੇ
- ਸਰਕਾਰ ਵੱਲੋਂ ਪ੍ਰਵਾਨਿਤ ਉਦਯੋਗਿਕ ਪ੍ਰਾਜੈਕਟਾਂ ਲਈ ਜ਼ਮੀਨ ਚਕੌਤੇ ਤੇ ਦੇਣਾ ਆਦਿ।

### ਸ਼ਾਮਲਾਟਜ਼ਮੀਨ ਨੂੰ ਚਕੌਤੇ/ਠੇਕੇ ਤੇ ਦੇਣ ਸਬੰਧੀ

ਪੰਜਾਬ ਵਿਲਜ਼ ਕਾਮਨ ਲੈਂਡ ਰੈਗੂ (ਰੂਲਜ਼) 1964 ਵਿੱਚ ਕੋਈ ਵੀ ਵਾਹੀ ਯੋਗ ਜ਼ਮੀਨ ਤਿੰਨ ਸਾਲਾਂ ਤੱਕ ਅਤੇ ਬੰਜਰ, ਕੱਲਰ, ਰੇਤਲੀਆਂ ਝਾੜੀਆਂ ਅਤੇ ਦਰੱਖਤਾਂ ਵਾਲੀ ਜ਼ਮੀਨ, ਜਿਹੜੀ ਕਿ ਵਾਹੀ ਯੋਗ ਨਾ ਹੋਵੇ, 7 ਸਾਲਾਂ ਤੱਕ ਚਕੌਤੇ ਤੇ ਦਿੱਤੀ ਜਾ ਸਕਦੀ ਹੈ। ਇਸ ਤੋਂ ਬਿਨਾਂ ਸਰਕਾਰ ਦੀ ਪੂਰਣ ਪ੍ਰਵਾਨਗੀ ਨਾਲ ਗਰਾਮ ਪੰਚਾਇਤ ਆਪਣੀ ਮਾਲਕੀ ਜਮੀਨ ਨੂੰ **ਉਦਯੋਗਿਕ**, ਵਪਾਰਕ, ਵਿਦਿਅਕ ਜਾਂ ਕਿਸੇ ਪੇਸ਼ੇਵਰ ਮੰਤਵ ਲਈ 33 ਸਾਲਾਂ ਦੇ ਸਮੇਂ ਤੱਕ ਪੱਟੇ ਤੇ ਦੇ ਸਕਦੀ ਹੈ।

ਰੂਲ 6(4) ਵਿੱਚ ਮੱਛੀ ਪਾਲਣ ਲਈ ਪਿੰਡ ਦੇ ਟੋਭੇ/ਛੱਪੜ ਦੀ ਹਰੇਕ ਸਾਲ ਸਤੰਬਰ ਦੇ ਮਹੀਨੇ ਬੋਲੀ ਕੀਤੀ ਜਾਵੇਗੀ। ਜੇਕਰ ਪੰਜਾਬ ਸਰਕਾਰ ਜਾਂ ਕੇਂਦਰ ਸਰਕਾਰ ਦਾ ਕੋਈ ਵਿਭਾਗ ਟੋਭਾ/ਛੱਪੜ ਠੇਕੇ ਤੇ ਲੈਣਾ ਚਾਹੇ ਤਾਂ ਉਸ ਨੂੰ 15 ਸਾਲਾਂ ਦੇ ਸਮੇਂ ਲਈ ਅਤੇ ਜੇਕਰ ਕੋਈ ਮੱਛੀ ਪਾਲਕ ਏਜੰਸੀ ਦਾ ਮੈਂਬਰ ਲੈਣਾ ਚਾਹੇ ਤਾਂ ਉਸਨੂੰ 10 ਸਾਲ ਤੱਕ ਦੇ ਸਮੇਂ ਲਈ ਲੀਜ਼ ਤੇ ਦਿੱਤਾ ਜਾ ਸਕਦਾ ਹੈ।

### ਸ਼ਾਮਲਾਟਜ਼ਮੀਨ/ਜੁਮਲਾ ਮੁਸ਼ਤਰਕਾ ਮਾਲਕਾਨ ਨੂੰ ਚਕੌਤੇ ਤੇ ਦੇਣ ਸਬੰਧੀ ਜ਼ਰੂਰੀ ਹਦਾਇਤਾਂ :

1) ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964 ਦੇ ਰੂਲ 3(1) ਅਧੀਨ ਪੰਚਾਇਤ ਵੱਲੋਂ ਮਤਾ ਪਾ ਕੇ ਲੈਂਡ ਯੂਟੀਲਾਈਜ਼ੇਸ਼ਨ ਪਲੈਨ ਤਿਆਰ ਕਰਨੀ ਚਾਹੀਦੀ ਹੈ।
2) ਬੋਲੀ ਤੇ ਦਿੱਤੀ ਜਾਣ ਵਾਲੀ ਜ਼ਮੀਨ ਦੀ ਪਲਾਟਬੰਦੀ ਕਰਕੇ ਇਨ੍ਹਾਂ ਪਲਾਟਾਂ ਨੂੰ ਰਸਤਿਆਂ ਅਤੇ ਪਾਣੀ ਦਾ ਢੁਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ।
3) ਬੋਲੀ ਤੇ ਦਿੱਤੀ ਜਾਣ ਵਾਲੀ ਜ਼ਮੀਨ ਵਿੱਚ ਤੀਜਾ ਹਿੱਸਾ ਅਨੁਸੂਚਿਤ ਜਾਤੀ ਦੇ ਵਿਅਕਤੀਆਂ ਲਈ ਨਿਯਮ 6(1) (ਏ) ਤਹਿਤ ਰਿਜ਼ਰਵ ਕੀਤਾ ਜਾਣਾ ਚਾਹੀਦਾ ਹੈ।
4) ਸ਼ਾਮਲਾਟ ਜ਼ਮੀਨ ਸਰਪੰਚ/ਪੰਚਾਂ ਦੇ ਰਿਸ਼ਤੇਦਾਰਾਂ ਨੂੰ ਅਤੇ ਪੰਚਾਇਤ ਦੇ ਬਾਕੀਦਾਰਾਂ ਨੂੰ ਬੋਲੀ ਰਾਂਹੀਂ ਨਹੀਂ ਦੇਣੀ ਚਾਹੀਦੀ।
5) ਨਿਯਮ 6(7) ਅਨੁਸਾਰ ਪਲਾਟਾਂ ਦੀ ਬੋਲੀ ਖੁੱਲ੍ਹੇ ਤੌਰ ਤੇ ਕਰਕੇ ਚਕੌਤੇ ਦੀ ਰਕਮ ਨਕਦ ਵਸੂਲ ਕੀਤੀ ਜਾਣੀ ਚਾਹੀਦੀ ਹੈ ਅਤੇ ਵਸੂਲੀ ਦੀ ਰਸੀਦ ਫਾਰਮ ਨੰ. 4. ਵਿੱਚ ਪੰਚਾਇਤ ਸਕੱਤਰ ਅਤੇ ਸਰਪੰਚ ਦੇ ਦਸਤਖਤਾਂ ਹੇਠ ਜਾਰੀ ਕਰਨੀ ਚਾਹਦੀ ਹੈ।
6) ਜਮੀਨ ਦੀਆਂ ਬੋਲੀਆਂ ਕਿਸੇ ਮਹੀਨੇ ਅਤੇ ਕਿਸ ਤਾਰੀਖ ਤੋਂ ਬਲਾਕ ਅੰਦਰ ਬੋਲੀਆਂ ਸ਼ੁਰੂ ਕੀਤੀ ਜਾਣੀਆਂ ਹਨ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਨਿਯਮ 6(7) ਅਧੀਨ ਨਿਸ਼ਚਿਤ ਕਰਨਾ ਚਾਹੀਦਾ ਹੈ।
7) ਨਿਯਮ 6(7) ਤਹਿਤ ਬੋਲੀ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫਸਰ ਜਾਂ ਪ੍ਰਸਾਰ ਅਧਿਕਾਰੀ, ਜਿੱਥੇ ਪੰਚਾਇਤ ਦੀ ਜ਼ਮੀਨ 20 ਏਕੜ ਤੋਂ ਘੱਟ ਹੋਵੇ, ਦੀ ਹਾਜ਼ਰੀ ਵਿੱਚ, ਜਿੱਥੇ ਜ਼ਮੀਨ 100 ਏਕੜ ਤੋਂ ਘੱਟ ਹੋਵੇ ਉੱਥੇ ਬੀ.ਡੀ.ਪੀ.ਓ. ਦੀ ਹਾਜ਼ਰੀ ਵਿੱਚ ਕੀਤੀ ਜਾਵੇ। ਬੋਲੀ ਦੀ ਨਿਗਰਾਨੀ ਕਰਨ ਵਾਲੇ ਅਧਿਕਾਰੀ ਵੱਲੋਂ ਕਾਰਵਾਈ ਰਜਿਸਟਰ ਅਤੇ ਪਟਾ ਰਜਿਸਟਰ ਦੇ ਅੰਤਿਮ ਪੈਰ੍ਹੇ ਉਪਰ ਬੋਲੀ ਨੂੰ ਤਸਦੀਕ ਕਰਦੇ ਹੋਏ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਜੇਕਰ ਕੋਈ ਵਿਸ਼ੇਸ਼ ਘਟਨਾ ਬੋਲੀ ਸਮੇਂ ਵਾਪਰੇ ਤਾਂ ਉਸਦਾ ਜ਼ਿਕਰ ਵੀ ਇਸ ਅਧਿਕਾਰੀ ਵੱਲੋਂ ਆਪਣੇ ਤਸਦੀਕੀ ਨੋਟ ਵਿੱਚ ਕਰਨਾ ਚਾਹੀਦਾ ਹੈ, ਤਸਦੀਕੀ ਅਧਿਕਾਰੀ ਵੱਲੋਂ ਬੋਲੀ ਬੀਨ ਕਰਨ ਦੀ ਪ੍ਰਥਾ ਨਹੀਂ ਅਪਣਾਈ ਜਾਣੀ ਚਾਹੀਦੀ।
8) ਇੱਕ ਬੋਲੀਕਾਰ ਨੂੰ ਨਿਯਮ 6(9) ਤਹਿਤ 10 ਏਕੜ ਤੋਂ ਵੱਧ ਜ਼ਮੀਨ ਦਾ ਪਲਾਟ ਨਹੀਂ ਦੇਣਾ ਚਾਹੀਦਾ ਅਤੇ ਨਾ ਹੀ ਵੱਖ੍ਰਵੱਖ ਪਲਾਟਾਂ ਵਿੱਚ ਉਸਨੂੰ 10 ਏਕੜ ਤੋਂ ਵੱਧ ਜ਼ਮੀਨ ਦੇਣੀ ਚਾਹੀਦੀ ਹੈ।
9) ਨਿਯਮ 6(10) ਦੇ ਤਹਿਤ ਪਿੰਡ ਵਿੱਚ ਬੋਲੀ ਕਰਵਾਉਣ ਸਬੰਧੀ ਘੱਟੋ-ਘੱਟ ਬੋਲੀ ਦੀ ਤਾਰੀਕ ਤੋਂ 15 ਦਿਨ ਪਹਿਲਾਂ ਬੋਲੀ ਕਰਨ ਦਾ ਇਸ਼ਤਿਹਾਰ ਪੰਜਾਬੀ ਅਖਬਾਰ ਰਾਹੀਂ ਜਾਰੀ ਕਰਨਾ ਚਾਹੀਦਾ ਹੈ ਜਿਸ ਵਿੱਚ ਬੋਲੀ ਦਾ ਸਮਾਂ, ਰਕਬਾ, ਤਾਰੀਕ ਅਤੇ ਥਾਂ ਬਾਰੇ ਵਰਨਣ ਕੀਤਾ ਹੋਵੇ।
10) ਬੋਲੀ ਸਬੰਧੀ ਬੋਲੀ ਪ੍ਰੋਗਰਾਮ ਦੀ ਇੱਕ ਕਾਪੀ ਪਿੰਡ ਦੇ ਪ੍ਰਮੁੱਖ ਸਥਾਨਾਂ, ਪੰਚਾਇਤ ਸੰਮਤੀ ਦੇ ਦਫਤਰ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਦਫਤਰ ਵਿੱਚ ਲਗਾਈ ਜਾਣੀ ਚਾਹੀਦੀ ਹੈ।
11) ਪਿੰਡ ਵਿੱਚ ਬੋਲੀ ਸਬੰਧੀ ਢੰਡੋਰਾ ਦਿੱਤਾ ਜਾਣਾ ਚਾਹੀਦਾ ਹੈ, ਇਸ ਮੰਤਵ ਲਈ ਮੰਦਰਾਂ, ਗੁਰਦੁਆਰਾ ਸਾਹਿਬ ਦੇ ਸਪੀਕਰਾਂ ਰਾਹੀਂ ਵੀ ਮੁਨਾਦੀ ਕਰਵਾਉਣੀ ਚਾਹੀਦੀ ਹੈ।

12) ਬੋਲੀ ਅੰਤਿਮ ਹੋਣ ਤੇ ਬੋਲੀਕਾਰ ਨਾਲ ਫਾਰਮ ਨੰ. V ਵਿੱਚ ਪਟੇਨਾਮੇ ਦੀਆਂ 3 ਪੜ੍ਹਤਾਂ ਭਰਵਾਉਣੀਆਂ ਚਾਹੀਦੀਆਂ ਹਨ। ਇਸ ਪਟੇਨਾਮੇ ਤੇ ਬੋਲੀਕਾਰ ਦੇ ਦਸਤਖਤ ਤੋਂ ਇਲਾਵਾ ਸਰਪੰਚ ਅਤੇ ਇੱਕ ਪੰਚ ਦੇ ਦਸਤਖਤ ਵੀ ਕੀਤੇ ਜਾਣੇ ਚਾਹੀਦੇ ਹਨ। ਗਵਾਹਾਂ ਦੇ ਤੌਰ ਤੇ ਸੁਪਰਵਾਈਜ਼ਰੀ ਅਧਿਕਾਰੀ ਅਤੇ ਪੰਚਾਇਤ ਸਕੱਤਰ ਗਵਾਹ ਵੱਜੋਂ ਦਸਤਖਤ ਕਰਨ ਅਤੇ ਪਟੇਨਾਮੇ ਦੀ ਇੱਕ ਪੜਤ ਪੰਚਾਇਤ ਸੰਮਤੀ ਦੇ ਰਿਕਾਰਡ ਵਿੱਚ ਅਤੇ ਇੱਕ ਪੜਤ ਪਟੇਦਾਰ ਨੂੰ ਦੇਣੀ ਚਾਹੀਦੀ ਹੈ। ਇਹ ਪਟੇਨਾਮੇ ਦੇ ਸਾਰੇ ਕਾਲਮ ਸਹੀ ਢੰਗ ਨਾਲ ਭਰਨੇ ਚਾਹੀਦੇ ਹਨ, ਕੋਈ ਵੀ ਕਾਲਮ ਖਾਲੀ ਨਹੀਂ ਛੱਡਣਾ ਚਾਹੀਦਾ।

13) ਬੋਲੀ ਦੀ ਕੁੱਲ ਰਕਮ ਪੰਚਾਇਤ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਕੇ ਕੈਸ਼-ਬੁੱਕ ਵਿਚ ਦਰਜ ਕਰਨੀ ਚਾਹੀਦੀ ਹੈ। ਇਸ ਸਬੰਧੀ ਨਿਗਰਾਨੀ ਕਰਨ ਵਾਲਾ ਅਧਿਕਾਰੀ ਕੈਸ਼-ਬੁੱਕ ਵਿੱਚ ਸਰਟੀਫਿਕੇਟ ਦੇਵੇ ਕਿ ਸਾਰੀ ਰਕਮ ਪੰਚਾਇਤ ਦੇ ਖਾਤੇ ਵਿੱਚ ਜਮ੍ਹਾਂ ਹੋ ਗਈ ਹੈ।

14) ਜੇਕਰ ਬੋਲੀ ਪਿਛਲੇ ਸਾਲਾਂ ਨਾਲੋਂ ਘੱਟ ਹੁੰਦੀ ਹੋਵੇ ਜਾਂ ਅਨੁਸੂਚਿਤ ਜਾਤੀ ਲਈ ਰਾਖਵੇਂ ਪਲਾਟਾਂ ਲਈ ਸਬੰਧਤ ਵਰਗ ਦੇ ਵਿਅਕਤੀ ਬੋਲੀ ਦੇਣ ਲਈ ਦਿਲਚਸਪੀ ਨਾ ਲੈਣ ਤਾਂ ਅਜਿਹੇ ਕੇਸਾਂ ਵਿੱਚ ਨਿਯਮਾਂ ਅਨੁਸਾਰ ਪੰਚਾਇਤ ਸੰਮਤੀ ਜਾਂ ਸਮਰੱਥ ਅਥਾਰਟੀ ਪਾਸੋਂ ਆਗਿਆ ਲੈ ਕੇ ਹੀ ਬੋਲੀ ਰਾਹੀਂ ਜਨਰਲ ਵਰਗ ਆਦਿ ਨੂੰ ਜਮੀਨ ਪਟੇ ਤੇ ਦਿੱਤੀ ਜਾਣੀ ਚਾਹੀਦੀ ਹੈ।

15) ਬੋਲੀ ਮੁਲਤਵੀ ਕਰਕੇ ਫਿਰ ਅੰਦਰ ਖਾਤੇ 1-2 ਤਾਰੀਕਾਂ ਬੋਲੀ ਦੀਆਂ ਦਰਸਾ ਕੇ ਘੱਟ ਤੇ ਬੋਲੀ ਕਰਨ ਦੇ ਰੁਝਾਨ ਨੂੰ ਰੋਕਿਆ ਜਾਣਾ ਚਾਹੀਦਾ। ਜਿਸ ਦਿਨ ਬੋਲੀ ਨਿਸ਼ਚਿਤ ਕੀਤੀ ਹੋਵੇ, ਉਸ ਦਿਨ ਹਾਜ਼ਰ ਆਏ ਵਿਅਕਤੀ ਅਤੇ ਹਰ ਪਲਾਟ ਲਈ ਬੋਲੀਕਾਰਾਂ ਵੱਲੋਂ ਦਿੱਤੀ ਬੋਲੀ ਦੀ ਆਫਰ ਪਟਾ ਰਜਿਸਟਰ ਵਿੱਚ ਦਰਜ ਕਰਨੀ ਚਾਹੀਦੀ ਹੈ।



# ਅਧਿਆਇ 8
# ਪੰਚਾਇਤੀ ਕਾਰਜ : ਤਕਨੀਕੀ ਜਾਣਕਾਰੀ

ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਕਈ ਪ੍ਰਕਾਰ ਦੀਆਂ ਦਿਹਾਤੀ ਵਿਕਾਸ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ। ਇਹਨਾਂ ਸਕੀਮਾਂ ਤਹਿਤ ਗਰਾਮ ਪੰਚਾਇਤਾਂ ਵੱਖ-ਵੱਖ ਤਰ੍ਹਾਂ ਦੀ ਉਸਾਰੀ ਦੇ ਕੰਮ ਕਰਵਾਉਂਦੀਆਂ ਹਨ। ਇਹਨਾਂ ਵਿਕਾਸ ਕੰਮਾਂ ਨੂੰ ਸ਼ੁਰੂ ਕਰਵਾਉਣ ਜਾਂ ਕੰਮ ਪ੍ਰਗਤੀ ਦੌਰਾਨ ਪੰਚਾਇਤਾਂ ਨੂੰ ਹੇਠ ਲਿਖੇ ਨੁਕਤਿਆਂ ਬਾਰੇ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ।

### ਗਰਾਮ ਪੰਚਾਇਤ ਲਈ ਤਕਨੀਕੀ ਅਗਵਾਈ ਦੀ ਮਹੱਤਤਾ

ਗਰਾਮ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਲੋੜ ਅਤੇ ਸਮੇਂ ਅਨੁਸਾਰ ਕੀਤੇ ਜਾਣ ਵਾਲੇ ਉਸਾਰੀ ਕੰਮਾਂ ਵਿੱਚ ਜੂਨੀਅਰ ਇੰਜੀਨੀਅਰ ਅਤੇ ਜੇ ਲੋੜ ਹੋਵੇ ਤਾਂ ਤਕਨੀਕੀ ਵਿਭਾਗ ਦੇ ਉੱਚ ਅਧਿਕਾਰੀਆਂ ਪਾਸੋਂ ਲੋੜੀਂਦੀ ਅਗਵਾਈ ਲਈ ਜਾਵੇ, ਖਾਸ ਕਰਕੇ ਇਮਾਰਤੀ ਪ੍ਰੋਜੈਕਟ  ਦੇ ਹੇਠ ਲਿਖੇ ਪੜਾਵਾਂ ਦੌਰਾਨ ਲੋੜੀਂਦੀ ਅਗਵਾਈ ਜ਼ਰੂਰ ਲਈ ਜਾਵੇ।

- ਇਮਾਰਤ ਦੀ ਉਸਾਰੀ ਲਈ ਨਿਸ਼ਾਨਦੇਹੀ ਦੇਣ ਸਮੇਂ
- ਨੀਹਾਂ ਦੀ ਭਰਤੀ ਕਰਨਅਤੇ ਡੀ.ਪੀ.ਸੀ. ਪਾਉਣ ਸਮੇਂ,
- ਛੱਤ ਪਾਉਣ ਸਮੇਂ,
- ਫਰਸ਼ ਪਾਉਣ ਸਮੇਂ ਅਤੇ
- ਕੰਮ ਦੀ ਪ੍ਰਗਤੀ ਦੌਰਾਨ ਅਤੇ ਮੁਕੰਮਲ ਹੋਣ ਦੇ ਸਮੇਂ।

ਇਸੇ ਤਰ੍ਹਾਂ ਜੇਕਰ ਦੂਸਰੇ ਕੰਮਾਂ ਵਿੱਚ ਵੀ ਢੁੱਕਵੀਂ ਅਗਵਾਈ ਲਈ ਜਾਵੇ ਤਾਂ ਵਧੀਆ ਗੱਲ ਹੈ।

### ਵਿਸ਼ੇਸ਼ਤਾਵਾਂ (ਕੁਆਲਿਟੀ) ਦਾ ਭਰੋਸਾ

ਪੰਚਾਇਤਾਂ ਤਕਨੀਕੀ ਪੱਧਰ ਤੇ ਮਨਜ਼ੂਰ ਕੀਤੇ ਅਨੁਮਾਨਾਂ ਵਿੱਚ ਦਰਸਾਈ ਵਿਉਂਤ ਅਤੇ ਮਾਪਦੰਡਾਂ ਬਾਰੇ ਦਰਜ ਉਪਬੰਧਾਂ ਅਨੁਸਾਰ ਉਸਾਰੀ ਦੇ ਕੰਮ ਕਰਵਾਉਣ ਲਈ ਜ਼ਿੰਮੇਵਾਰ ਹੁੰਦੀਆਂ ਹਨ। ਅਜਿਹੇ ਕਾਰਜਾਂ ਵਿੱਚ ਪੰਚਾਇਤਾਂ ਅਧਿਕਾਰਤ ਅਧਿਕਾਰੀ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਅਤੇ ਸ਼ਰਤਾਂ ਦੀ ਪਾਲਣਾ ਕਰਨ ਕਰਨ ਲਈ ਵੀ ਪਾਬੰਦ ਹੁੰਦੀਆਂ ਹਨ। ਜੇਕਰ ਪੰਚਾਇਤ ਉਸਾਰੀ ਦੌਰਾਨ ਕਿਸੇ ਕਿਸਮ ਦੀ ਤਬਦੀਲੀ ਕਰਨ ਜਾਂ ਅਨੁਮਾਨ ਵਿੱਚ ਕੋਈ ਅਦਲਾ ਬਦਲੀ ਕਰਨ ਦੀ ਲੋੜ ਮਹਿਸੂਸ ਕਰੇ ਤਾਂ ਇਸ ਸਬੰਧ ਵਿੱਚ ਸਬੰਧਤ ਅਧਿਕਾਰੀ ਦੀ ਪੇਸ਼ਗੀ ਪ੍ਰਵਾਨਗੀ ਲੈਣੀ ਅਤਿ ਜ਼ਰੂਰੀ ਹੈ।

### ਗਰਾਮ ਪੰਚਾਇਤਾਂ ਵੱਲੋਂ ਗਰਾਟਾਂ ਦੀ ਵਰਤੋਂ ਕਰਨ ਬਾਰੇ

ਸਰਕਾਰ ਵੱਲੋਂ ਪੰਚਾਇਤ ਦੇ ਕੰਮਾਂ ਲਈ ਮਨਜ਼ੂਰ ਵਿੱਤੀ ਫੰਡ ਸਰਪੰਚ ਅਤੇ ਪੰਚਾਇਤ ਸਕੱਤਰ ਵੱਲੋਂ ਸਾਂਝੇ ਤੌਰ ਤੇ ਚਲਾਏ ਜਾ ਰਹੇ ਖਾਤੇ ਵਿੱਚ ਜਮ੍ਹਾਂ ਕਵਰਵਾਏ ਜਾਂਦੇ ਹਨ। ਇਸ ਸਾਂਝੇ ਖਾਤੇ ਰਾਹੀਂ 500 ਰੁਪਏ ਤੋਂ ਵੱਧ ਦੀਆਂ ਅਦਾਇਗੀਆਂ ਸਿਰਫ ਚੈਕ ਰਾਹੀਂ ਹੀ ਕੀਤੀਆਂ ਜਾ ਸਕਦੀਆਂ ਹਨ, ਜਿਸ ਤੇ ਸਰਪੰਚ ਅਤੇ ਸਬੰਧਤ ਪੰਚਾਇਤ ਸਕੱਤਰ ਦੇ ਦਸਤਖਤ ਜ਼ਰੂਰੀ ਹਨ। ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਪੰਚਾਇਤ ਵਿੱਚ ਮਤਾ ਪਾਉਣਾ ਲਾਜ਼ਮੀ ਹੈ ਅਤੇ ਕੋਈ ਵੀ ਮਤਾ ਗਰਾਮ ਪੰਚਾਇਤ ਵੱਲੋਂ ਪਾਸ ਕਰਵਾਏ ਬਿਨ੍ਹਾਂ ਹੱਥ ਵਿੱਚ ਨਹੀਂ ਲਿਆ ਜਾ ਸਕਦਾ ਹੈ। ਗਰਾਮ ਪੰਚਾਇਤ ਇਹ ਵੀ ਯਕੀਨੀ ਬਣਾਏ ਕਿ ਉਸ ਵੱਲੋਂ ਮਜ਼ਦੂਰੀ, ਮਟੀਰੀਅਲ, ਨਗਦੀ ਅਤੇ ਜ਼ਮੀਨ ਦੀ ਕੀਮਤ ਵੱਜੋਂ ਨਿਰਧਾਰਤ ਹਿੱਸਾ ਉਪਲਬਧ ਕਰਵਾ ਦਿੱਤਾ ਗਿਆ ਹੈ ਅਤੇ ਗਰਾਂਟ ਦੀ ਮਨਜ਼ੂਰੀ ਲਈਸ਼ਰਤਾਂ ਅਨੁਸਾਰ ਹੀ ਗ੍ਰਾਂਟ ਦੀ ਵਰਤੋਂ ਕੀਤੀ ਜਾਵੇਗੀ।

## ਗਰਾਮ ਪੰਚਾਇਤ ਵੱਲੋਂ ਉਸਾਰੀ ਦੇ ਕੰਮਾਂ ਉਤੇ ਖਰਚਾ ਕਰਨ ਦੀ ਵਿਧੀ

1) ਕੀਤੇ ਜਾਣ ਵਾਲੇ ਕੰਮ ਦੀ ਤਫਸੀਲ ਪੰਚਾਇਤ ਦੇ ਰਕਾਰਡ ਵਿੱਚ ਪੰਚਾਇਤ ਸਕੱਤਰ ਵੱਲੋਂ ਰੱਖੀ ਜਾਂਦੀ ਹੈ ਇਸ ਰਿਕਾਰਡ ਨੂੰ ਕਿਸੇ ਵੀ ਸਮੇਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਦਿਹਾਤੀ ਵਿਕਾਸ ਵਿਭਾਗ ਦੇ ਦੂਸਰੇ ਅਫਸਰਾਂ ਵੱਲੋਂ ਮੰਗ ਕਰਨ ਤੇ ਚੈਕਿੰਗ ਲਈ ਉਪਲੱਬਧ ਕਰਵਾਉਣਾ ਜ਼ਰੂਰੀ ਹੈ।
2) ਸਾਂਝੇ ਖਾਤੇ ਵਿੱਚੋਂ ਰਕਮ ਕਢਵਾਉਣ ਸਮੇਂ ਸਰਪੰਚ ਅਤੇ ਪੰਚਾਇਤ ਸਕੱਤਰ ਵੱਲੋਂ ਕੀਤੇ ਜਾ ਰਹੇ ਖਰਚੇ ਦਾ ਵਿਸਥਾਰ (ਡਿਟੇਲਜ) ਕਿਤਾਬਾਂ ਵਿੱਚ ਲਿਆਉਣਾ ਜ਼ਰੂਰੀ ਹੈ।
3) ਬਿਨਾਂ ਲੋੜ ਤੋਂ ਪੇਸ਼ਗੀ ਰਕਮ ਨਹੀਂ ਕਢਵਾਉਣੀ ਚਾਹੀਦੀ।
4) ਕੰਮਾਂ ਨਾਲ ਸਬੰਧਤ ਸਾਰੀਆਂ ਅਦਾਇਗੀਆਂ ਸਰਪੰਚ ਅਤੇ ਪੰਚਾਇਤ ਸਕੱਤਰ ਦੇ ਦਸਤਖਤਾਂ ਹੇਠ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਕੰਮਾਂ ਉੱਤੇ ਕੀਤੇ ਜਾਣ ਵਾਲੇ ਖਰਚੇ ਵਿੱਚ ਕਿਸੇ ਕਿਸਮ ਦੀ ਬੇਕਾਇਦਗੀ ਜਾਂ ਨੁਕਸਾਨ ਦੇ ਸਬੰਧ ਵਿੱਚ ਉਹ ਦੋਵੇਂ ਜ਼ਿੰਮੇਵਾਰ ਹੁੰਦੇ ਹਨ।
5) ਹਰ ਇੱਕ ਵਾਊਚਰ ਉਤੇ ਖਰਚਾ ਕੀਤੇ ਜਾਣ ਸਬੰਧੀ ਪਾਸ ਕੀਤੇ ਮਤੇ ਦਾ ਨੰਬਰ ਅਤੇ ਮਿਤੀ ਅੰਕਿਤ ਕਰਨਾ ਜ਼ਰੂਰੀ ਹੈ।
6) ਕੀਤੇ ਖਰਚੇ ਸਬੰਧੀ ਐਕਚੂਅਲ ਪੇਈਜ਼ ਰਸੀਦ (ਏ.ਪੀ.ਅਰ)/ ਵਾਊਚਰ ਦਾ ਇੰਦਰਾਜ਼ ਪੰਚਾਇਤ ਰਿਕਾਰਡ ਵਿੱਚ ਰੱਖਣ ਲਈ ਸਰਪੰਚ ਅਤੇ ਪੰਚਾਇਤ ਸਕੱਤਰ ਜ਼ਿੰਮੇਵਾਰ ਹੁੰਦੇ ਹਨ। ਉਹ ਕੈਸ਼ ਬੁੱਕ, ਵਰਕ ਰਜਿਸਟਰ ਅਤੇ ਪੰਚਾਇਤ ਨਾਲ ਸਬੰਧਤ ਹੋਰ ਰਜਿਸਟਰਾਂ, ਜਿਹਨਾਂ ਦਾ ਵਿਖਿਆਨ ਪੰਜਾਬ ਗਰਾਮ ਪੰਚਾਇਤ ਰੂਲਜ਼ 1965 ਦੇ ਰੂਲ 7 ਏ ਵਿੱਚ ਕੀਤਾ ਗਿਆ ਹੈ, ਨੂੰ ਸੰਭਾਲਣ ਲਈ ਜ਼ਿੰਮੇਵਾਰ ਹਨ।

## ਸਮੱਗਰੀ ਅਤੇ ਮਜ਼ਦੂਰੀ ਦੇ ਰੇਟ ਨੀਯਤ ਕਰਨ ਅਤ ਇਨ੍ਹਾਂ ਦੀ ਸਮੀਖਿਆ ਕਰਨ ਬਾਰੇ ਕਮੇਟੀ

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਯੋਜਨਾਬੰਦੀ ਵਿਭਾਗ ਵੱਲੋਂ ਗਠਿਤ ਕੀਤੀ ਕਮੇਟੀ ਉਸਾਰੀ ਦੇ ਕੰਮਾਂ ਲਈ ਲੋੜੀਂਦੀ ਸਮੱਗਰੀ ਅਤੇ ਮਜ਼ਦੂਰੀ ਦੇ ਰੇਟ ਨਿਸ਼ਚਿਤ ਕਰਨ ਅਤੇ ਇਨ੍ਹਾਂ ਦੀ ਸਮੀਖਿਆ ਸਬੰਧੀ ਸਮੇਂ-ਸਮੇਂ ਤੇ ਮੀਟਿੰਗਾਂ ਕਰਦੀ ਹੈ।

## ਸਮੱਗਰੀ ਦੇ ਪ੍ਰਬੰਧ ਸਬੰਧੀ

1) ਉਸਾਰੀ ਦੇ ਕੰਮਾਂ ਲਈ ਲੋੜੀਂਦੀ ਸਮੱਗਰੀ ਜਿਵੇਂ ਇੱਟਾਂ, ਸੀਮਿੰਟ, ਸਟੀਲ ਆਦਿ ਕਮੇਟੀ ਵੱਲੋਂ ਅਨੁਮਾਨਤ ਰੇਟਾਂ ਦੇ ਅੰਤਰਗਤ ਹੀ ਖਰੀਦੀ ਜਾਣੀ ਚਾਹੀਦੀ ਹੈ ਜਾਂ ਉੱਪਰ ਦਿੱਤੇ ਪੈਰ੍ਹਾ 4 ਅਨੁਸਾਰ ਗਠਿਤ ਕੀਤੀ ਕਮੇਟੀ ਵੱਲੋਂ ਪ੍ਰਵਾਨਤ ਰੇਟਾਂ ਦੇ ਅੰਦਰ ਰਹਿ ਕੇ ਹੀ ਖਰੀਦੀ ਜਾਵੇ।
2) ਪੰਚਾਇਤ ਸਕੱਤਰ ਹਰੇਕ ਕੰਮ ਦਾ ਵੱਖਰਾ ਮਟੀਰੀਅਲ ਐਟ ਸਾਈਟ ਅਕਾਊਂਟ ਰੱਖਦਾ ਹੈ।ਉਹ ਮਟੀਰੀਅਲ ਐਟ ਸਾਈਟ ਰਜਿਸਟਰ (ਸਟਾਕ ਰਜਿਸਟਰ) ਵਿੱਚ ਸਮੱਗਰੀ ਦੀ ਪ੍ਰਾਪਤੀ,ਜਾਰੀ ਕੀਤੀ ਮਾਤਰਾ ਅਤੇ ਬਕਾਇਆ ਸਮੱਗਰੀ ਆਦਿ ਦਾ ਵੇਰਵਾ ਹਰ ਰੋਜ਼ ਤਿਆਰ ਕਰਦਾ ਹੈ।
3) ਜਿੱਥੇ ਸਵੈ ਇੱਛਤ ਅੰਸ਼ਦਾਨ ਪ੍ਰਾਪਤ ਹੋਵੇ (ਸਮੱਗਰੀ ਜਾਂ ਢੋਆ ਢੁਆਈ ਦੇ ਰੂਪ ਵਿੱਚ) ਉਸਨੂੰ ਮਟੀਰੀਅਲ ਐਟ ਸਾਈਟ ਰਜਿਸਟਰ ਦੇ ਰਜਿਸਟਰ ਵਿੱਚ ਵੱਖਰੇ ਤੌਰ ਤੇ ਦਿਖਾਉਣਾ ਜ਼ਰੂਰੀ ਹੈ ਤਾਂ ਜੋ ਅਜਿਹੇ ਅੰਸ਼ਦਾਨਦੀ ਕੀਮਤ (ਵੈਲਿਯੂ) ਦਾ ਪਤਾ ਲੱਗ ਸਕੇ।
4) ਸੀਮਿੰਟ ਦੇ ਖਾਲੀ ਥੈਲੇ/ਹੋਰ ਵਾਧੂ ਸਟਾਕ ਅਤੇ ਟੂਲਜ਼ ਐਂਡ ਪਲਾਂਟਜ ਦਾ ਵੇਰਵਾ ਸਬੰਧਤ ਪੰਚਾਇਤ ਦੇ ਮਟੀਰੀਅਲ ਐਟ ਸਾਈਟ ਰਜਿਸਟਰ (ਸਟਾਕ ਰਜਿਸਟਰ) ਵਿੱਚ ਦਰਜਕਰਨਾ ਜ਼ਰੂਰੀ ਹੈ ਅਤੇ ਇਹਨਾਂ ਨੂੰ ਵੇਚਣ ਤੇ ਜੋ ਆਮਦਨੀ ਹੋਵੇ, ਉਹ ਗਰਾਮ ਪੰਚਾਇਤ ਦੇ ਫੰਡ ਵਿੱਚ ਜਮ੍ਹਾਂ ਕੀਤੀ ਜਾਵੇ।
5) ਸਮੱਗਰੀ ਦੀ ਮਾਤਰਾ ਅਤੇ ਗੁਣਵੱਤਾ ਦੀ ਮਨਜ਼ੂਰ ਸ਼ੁਦਾ ਅਨੁਮਾਨ ਵਿੱਚ ਦਰਸਾਈ ਮਾਤਰਾ ਅਤੇ ਗੁਣਵੱਤਾ ਨਾਲ ਇਕਸਾਰਤਾ ਹੋਣ ਦੀ ਜ਼ਿੰਮੇਵਾਰੀ ਸਰਪੰਚ ਅਤੇ ਪੰਚਾਇਤ ਸਕੱਤਰ ਦੀ ਹੁੰਦੀ ਹੈ।

### ਮਜ਼ਦੂਰਾਂ ਦੀ ਉਪਲੱਬਧਾ ਸਬੰਧੀ

1) ਮਜ਼ਦੂਰ ਕਾਮਨ ਸ਼ਡਿਊਲ ਆਫ ਰੇਟਸ ਤੇ ਅਧਾਰਿਤ ਰੇਟਾਂ ਉੱਪਰ ਲਗਾਏ ਜਾ ਸਕਦੇ ਹਨ।
2) ਹਰ ਇੱਕ ਕੰਮ ਦੇ ਵੱਖਰੇ ਵੱਖਰੇ ਮਸਟਰ ਰੋਲ ਤਿਆਰ ਕੀਤੇ ਜਾਣੇ ਜ਼ਰੂਰੀ ਹਨ। ਮਸਟਰ ਰੋਲ ਹਰ ਸਮੇਂ ਗਰਾਮ ਪੰਚਾਇਤ ਵੱਲੋਂ ਅਧਿਕਾਰਤ ਵਿਅਕਤੀ ਪਾਸ ਮੌਕੇ ਤੇ ਉਪਲੱਬਧ ਹੋਣੇ ਚਾਹੀਦੇ ਹਨ।ਮਸਟਰ ਰੋਲ ਉਪਰ ਦੀ ਹਾਜ਼ਰੀ ਵੀ ਅਧਿਕਾਰਤ ਵਿਅਕਤੀ ਵੱਲੋਂ ਹੀ ਲਗਾਵਈ ਜਾਵੇ।
3) ਪੰਚਾਇਤ ਵੱਲੋਂ ਕੰਮ ਤੇ ਲਗਾਏ ਗਏ ਮਜ਼ਦੂਰਾਂ ਦੀ ਅਦਾਇਗੀ ਮਹੀਨੇ ਦੌਰਾਨ ਘੱਟ ਤੋਂ ਘੱਟ ਇੱਕ ਵਾਰ ਜ਼ਰੂਰ ਕੀਤੇ ਜਾਵੇ।ਮਸਟਰ ਰੋਲ ਬੰਦ ਕਰਨ ਸਮੇਂ ਕੰਮ ਦੀ ਪ੍ਰਗਤੀ ਦਾ ਇੰਦਰਾਜ਼ ਪੰਚਾਇਤ ਸਕੱਤਰ ਵੱਲੋਂ ਕੀਤਾ ਜਾਵੇ।ਸਮੇਂ ਸਮੇਂ ਤੇ ਕੰਮ ਦੀ ਪ੍ਰਗਤੀ ਚੈਕ ਕਰਨੀ ਜ਼ਰੂਰੀ ਹੈ।
4) ਮਸਟਰ ਰੋਲ ਵਿੱਚ ਦਰਸਾਈ ਹਾਜ਼ਰੀ ਦੀ ਅਦਾਇਗੀ ਸਮੇਂ ਪੰਚਾਇਤ ਸਕੱਤਰ ਕੀਤੇ ਜਾ ਚੁੱਕੇ ਕੰਮ ਦੇ ਲੇਬਰ ਕੰਪੋਨੈਂਟ ਦਾ ਹਿੱਸਾ ਪ੍ਰਗਤੀ ਰਿਕਾਰਡ ਵਿੱਚ ਸਹੀ ਢੰਗ ਨਾਲ ਦਰਜ਼ਕਰਨ ਦੀ ਖਾਤਰ ਜੂਨੀਅਰ ਇੰਜੀਨੀਅਰ ਦੀ ਅਗਵਾਈ ਲੈ ਲਵੇ। ਬਾਅਦ ਵਿੱਚ ਇਹ ਮਸਟਰ ਰੋਲ ਜੂਨੀਅਰ ਇੰਜੀਨੀਅਰ ਕੋਲ ਜਾਂਦੇ ਹਨ ਅਤੇ ਜੇਕਰ ਕੰਮ ਤੇ ਕੀਤਾ ਗਿਆ ਖਰਚਾ ਉਸ ਦੇ ਅਧਿਕਾਰ ਤੋਂ ਜ਼ਿਆਦਾ ਹੈ ਤਾਂ ਜੂਨੀਅਰ ਇੰਜੀਨੀਅਰ ਸਬੰਧਤ ਉਪ ਮੰਡਲ ਅਫਸਰ (ਪੰਚਾਇਤੀ ਰਾਜ) ਪਾਸੋਂ ਅਜਿਹੇ ਮਸਟਰ ਰੋਲ ਨੂੰ ਚੈੱਕ ਕਰਵਾਉਣ ਲਈ ਪਾਬੰਦ ਹੈ।

### ਕੀਤੇ ਕੰਮ ਦਾ ਰਿਕਾਰਡ

1) ਗਰਾਮ ਪੰਚਾਇਤ ਮੁਕੰਮਲ ਕੀਤੇ ਕੰਮ ਦਾ ਇੰਦਰਾਜ਼ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਮਿਣਤੀ ਦੀ ਕਿਤਾਬ ਵਿੱਚ (ਐਮ.ਬੀ.) ਦਰਜ ਕਰਕੇ ਜੂਨੀਅਰ ਇੰਜੀਨੀਅਰ ਪਾਸੋਂ ਚੈਕ ਕਰਵਾਉਣ ਲਈ ਪਾਬੰਦ ਹੈ ਪ੍ਰੰਤੂ ਜੇਕਰ ਕੰਮ ਦੇ ਖਰਚੇ ਦੀ ਅਨੁਮਾਨਤ ਰਕਮ ਜੇ.ਈ. ਦੇ ਅਧਿਕਾਰ ਤੋਂ ਵੱਧ ਹੋਵੇ, ਤਾਂ ਉਹ ਉਪ ਮੰਡਲ ਅਫਸਰ (ਪੰਚਾਇਤੀ ਰਾਜ) ਪਾਸੋਂ ਚੈਕ ਕਰਵਾਉਣੀ ਵੀ ਜ਼ਰੂਰੀ ਹੈ।
2) ਮਿਣਤੀ ਦੀ ਕਿਤਾਬ (ਐਮ.ਬੀ.) ਨੂੰ ਮਹੱਤਵਪੂਰਨ ਕਿਤਾਬ ਵਜੋਂ ਜਾਣਿਆ ਜਾਵੇ ਕਿਉਂਕਿ ਇਸ ਵਿੱਚ ਕੰਮ ਦਾ ਵਰਨਣ ਸਪੱਸ਼ਟ ਹੋਵੇ ਤਾਂ ਜੋ ਸ਼ਨਾਖਤ ਅਤੇ ਚੈੱਕ ਕਰਨ ਸਮੇਂ ਕੋਈ ਦਿੱਕਤ ਨਾ ਆਵੇ।ਜੂਨੀਅਰ ਇੰਜੀਨੀਅਰ/ਉਪਮੰਡਲ ਅਫਸਰ (ਪੰਚਾਇਤ ਰਾਜ) ਨੂੰ ਸਮੇਂ ਸਮੇਂ ਤੇ ਕੰਮ ਵਾਲੀ ਜਗ੍ਹਾ ਤੇ ਜ਼ਰੂਰ ਜਾਣਾ ਚਾਹੀਦਾ ਹੈ। ਇਹਨਾਂ ਅਧਿਕਾਰੀਆਂ ਵੱਲੋਂ ਐਮ.ਬੀ. ਚੈੱਕ ਕਰਨ ਦੇ ਨਾਲ-ਨਾਲ ਗਰਾਮ ਪੰਚਾਇਤ ਨੂੰ ਉਸਾਰੀ ਦੇ ਕੰਮ ਵਿੱਚ ਲੋੜੀਂਦੀ ਮਦਦ ਅਤੇ ਅਗਵਾਈ ਵੀ ਦੇਣੀ ਜ਼ਰੂਰੀ ਹੈ।
3) ਕੰਮ ਦੀਉਸਾਰੀ ਸਮੇਂ ਜੇਕਰ ਇਸਦੇ ਸਕੋਪ, ਡਿਜ਼ਾਇਨ, ਸਪੈਸੀਫਿਕੇਸ਼ਨ ਵਿੱਚ ਜਾਂ ਫਿਰ ਕਿਸੇ ਹੋਰ ਕਿਸਮ ਦੀ ਘਾਟ ਜਾਂ ਨੁਕਸ ਵੇਖਣ ਵਿੱਚ ਆਵੇ ਤਾਂ ਜੂਨੀਅਰ ਇੰਜੀਨੀਅਰ/ਉਪ ਮੰਡਲ ਅਫਸਰ (ਪੰਚਾਇਤੀ ਰਾਜ) ਇਸ ਬਾਬਤ ਗਰਾਮ ਪੰਚਾਇਤ ਦੇ ਧਿਆਨ ਵਿੱਚ ਜ਼ਰੂਰ ਲਿਆਵੇ ਅਤੇ ਉਹ ਇਸਦਾ ਢੁੱਕਵਾਂ ਹੱਲ ਤੁਰੰਤ ਲੱਭਣ ਲਈ ਬਲਾਕ ਵਿਕਾਸ ਅਤੇ ਪੰਚਾਇਤੀ ਅਫਸਰ ਨੂੰ ਸੂਚਿਤ ਕਰੇ।

### ਗਰਾਮ ਪੰਚਾਇਤ ਵੱਲੋਂ ਗ੍ਰਾਂਟ ਦੀ ਵਰਤੋਂ ਕਰਨ ਸਬੰਧੀ ਸਰਟੀਫਿਕੇਟ ਤਿਆਰ ਕਰਨਾ :

1) ਸਰਪੰਚ ਅਤੇ ਪੰਚਾਇਤ ਸਕੱਤਰ ਗਰਾਂਟ ਦੀ ਵਰਤੋਂ ਕਰਨ ਦੇ 15 ਦਿਨਾਂ ਦੇ ਅੰਦਰ-ਅੰਦਰ ਵਰਤੋਂ ਸਰਟੀਫਿਕੇਟ ਪੰਜ ਪਰਤਾਂ ਵਿੱਚ ਤਿਆਰ ਕਰਨ ਲਈ ਪਾਬੰਦ ਹਨ। ਉਹ ਹਰ ਇੱਕ ਗਰਾਂਟ ਦਾ ਇੰਦਰਾਜ਼ ਵੱਖਰੇ ਤੌਰ ਤੇ ਆਪਣੇ ਰਜਿਸਟਰ ਵਿੱਚ ਦਰਜ਼ ਕਰਦੇ ਹਨ। ਇਸ ਪਰਕ੍ਰਿਆ ਦੌਰਾਨ ਹੇਠ ਲਿਖੇ ਦਸਤਾਵੇਜ਼ ਹੋਣੇ ਜ਼ਰੂਰੀ ਹਨ।

- ਗਰਾਂਟ ਮਨਜ਼ੂਰ ਕਰਨ ਸਬੰਧੀ ਆਰਡਰ ਦੀ ਕਾਪੀ,
- ਮਨਜ਼ੂਰ ਸ਼ੁਦਾ ਤਕਨੀਕੀ ਅਨੁਮਾਨ ਦੀ ਕਾਪੀ,
- ਖਰਚੇ ਦਾ ਵੇਰਵਾ
- ਮਿਣਤੀ ਦੀਆਂ ਕਿਤਾਬਾਂ (ਐਮ.ਬੀ.) ਦੇ ਨੰਬਰ (ਜੂਨੀਅਰ ਇੰਜੀਨੀਅਰ ਦੇ ਨਾਂ ਅਤੇ ਹਸਤਾਖਰ ਸਮੇਤ)
- ਕੰਮ ਦੀ ਪ੍ਰਗਤੀ ਜਾਂ ਗਰਾਂਟ ਦੀ ਵਰਤੋਂ ਸਬੰਧੀ ਗਰਾਮ ਪੰਚਾਇਤ ਵੱਲੋਂ ਪਾਸ ਕੀਤਾ ਮਤਾ,
- ਬਿਲਡਿੰਗ ਸਮੱਗਰੀ ਦੀ ਖਪਤ ਦਾ ਵਿਵਰਣ ਅਤੇ
- ਵਰਤੋਂ ਸਰਟੀਫਿਕੇਟ ਦੀ ਕਾਪੀ

2) ਵਰਤੋਂ ਸਰਟੀਫਿਕੇਟ ਉੱਪਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਵੀ ਹਸਤਾਖਰ ਕਰਨੇ ਜ਼ਰੂਰੀ ਹਨ ਅਤੇ ਸਹੀ ਪਾਉਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਵੱਲੋਂ ਹੇਠ ਲਿਖੇ ਦਸਤਾਵੇਜ਼ਾਂ ਨੂੰ ਚੈੱਕ ਕਰਨ ਦੇ ਨਾਲ-ਨਾਲ :

- ਮੌਕੇ ਤੇ ਜਾ ਕੇ ਮੁਕੰਮਲ ਹੋਏ ਕੰਮ ਨੂੰ ਦੇਖਣਾ ਚਾਹੀਦਾ ਹੈ।
- ਸਬੰਧਤ ਪੰਚਾਇਤ ਸਕੱਤਰ ਵੱਲੋਂ ਮਸਟਰ ਰੋਲ/ਵਰਕ ਰਜਿਟਰ/ਕੈਸ਼ ਬੁੱਕ, ਸਟਾਕ ਰਜਿਸਟਰ (ਮਟੀਰੀਅਲ ਐਟ ਸਾਈਟ ਰਜਿਸਟਰ) ਅਨੁਸਾਰ ਕੰਮ ਤੇ ਹੋਏ ਖਰਚੇ ਦੀ ਤਫਸੀਲ ਦਿੱਤੀ ਗਈ ਹੈ, ਕੀਤੇ ਗਏ ਕੰਮ ਦੀ ਮਿਣਤੀ ਦਾ ਰਿਕਾਰਡ ਰੱਖਿਆ ਗਿਆ ਹੈ, ਅੰਤਮ ਮਸਟਰ ਰੋਲ ਜੂਨੀਅਰ ਇੰਜੀਨੀਅਰ ਵੱਲੋਂ ਤਸਦੀਕ ਕੀਤਾ ਗਿਆ ਹੈ ਅਤੇ ਉਪ ਮੰਡਲ ਅਫਸਰ (ਪੰਚਾਇਤੀ ਰਾਜ) ਵੱਲੋਂ ਚੈੱਕ ਕੀਤਾ ਗਿਆ ਹੈ, ਕੁੱਲ ਖਰਚਾ ਅਨੁਮਾਨਤ ਰਕਮ ਤੋਂ 5 ਪ੍ਰਤੀਸ਼ਤ ਵੱਧ ਨਹੀਂ ਹੈ, ਦੇ ਰਿਕਾਰਡ ਨੂੰ ਘੋਖਵੀਂ ਦ੍ਰਿਸ਼ਟੀ ਨਾਲ ਵਾਚਣਾ ਚਾਹੀਦਾ ਹੈ।
- ਇਹ ਵੀ ਦੇਖਣਾ ਚਾਹੀਦਾ ਹੈ ਕਿ ਪੰਚਾਇਤ ਨੇ ਸਬੰਧਤ ਰਿਕਾਰਡ ਨੂੰ ਇੱਕ ਫਾਈਲ ਵਿਚ ਸੰਭਾਲਿਆ ਗਿਆ ਹੈ ਕਿ ਨਹੀਂ।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਰਤੋਂ ਸਰਟੀਫਿਕੇਟ ਨੂੰ ਘੋਖਣ ਅਤੇ ਆਪਣੇ ਹਸਤਾਖਰ ਕਰਨ ਤੋਂ ਬਾਅਦ ਇਸ ਦੀ ਇੱਕ ਕਾਪੀ ਗਰਾਂਟ ਮਨਜ਼ੂਰ ਕਰਨ ਵਾਲੇ ਅਧਿਕਾਰੀ ਨੂੰ ਭੇਜਦਾ ਹੈ ਅਤੇ ਇਸ ਦੀ ਇੱਕ ਇੱਕ ਪਰਤ ਸਬੰਧਤ ਗਰਾਮ ਪੰਚਾਇਤ ਅਤੇ ਜਿਲ੍ਹਾ ਪ੍ਰੀਸ਼ਦ ਨੂੰ ਭੇਜੀ ਜਾਂਦੀ ਹੈ। ਅਜਿਹੇ ਸਰਟੀਫਿਕੇਟ ਦੀ ਇੱਕ ਕਾਪੀ ਉਹ ਆਪਣੇ ਦਫਤਰ ਵਿੱਚ ਵੀ ਰੱਖਦਾ ਹੈ।

## ਅਧਿਆਇ 9

# ਪੰਚਾਇਤੀ ਰਾਜ ਵਿਵਸਥਾ ਦੀ ਮਜ਼ਬੂਤੀ : ਸਮਾਜਿਕ ਲੇਖਾ-ਜੋਖਾ (ਸ਼ੋਸ਼ਲ ਆਡਿਟ)

ਆਜ਼ਾਦੀ ਤੋਂ 35 ਸਾਲਾਂ ਬਾਅਦ ਸਰਕਾਰ ਨੇ ਆਪਣੇ ਸਮੁਦਾਇਕ ਵਿਕਾਸ ਦੇ ਮਾਡਲ ਦਾ ਮੁਲਾਂਕਣ ਕੀਤਾ ਤਾਂ ਮੁੱਖ ਰੂਪ ਵਿੱਚ ਜੋ ਸਮੱਸਿਆ ਸਾਹਮਣੇ ਆਈ ਉਹ ਸੀ ਕਿ ਪਿੰਡ ਪੱਧਰ ਉੱਤੇ ਯੋਜਨਾ ਤਿਆਰ ਕਰਨ ਵਿੱਚ ਲੋਕਾਂ ਦੀ ਸਮੂਲੀਅਤ/ਭਾਗੀਦਾਰੀ ਦਾ ਨਾ ਹੋਣਾ। ਇਸ ਪਰਕ੍ਰਿਆ ਵਿੱਚ ਵਿਕਾਸ ਦੇ ਮੁੱਦਿਆਂ ਦੀ ਚੋਣ ਅਤੇ ਉਹਨਾਂ ਨੂੰ ਲਾਗੂ ਕਰਨ ਦਾ ਕੰਮ ਆਮ ਤੌਰ ਤੇ ਬਾਹਰੀ ਵਿਅਕਤੀਆਂ/ਅਧਿਕਾਰੀਆਂ ਦੁਆਰਾ ਹੀ ਕੀਤਾ ਜਾਂਦਾ ਹੈ। ਇਸ ਕਾਰਨ ਵਿਕਾਸ ਦੀਆਂ ਕੋਸ਼ਿਸ਼ਾਂ ਦਾ ਲਾਭ ਦਲਿਤ ਅਤੇ ਵੰਚਿਤ ਵਰਗਾਂ ਦੇ ਲੋਕ ਨਹੀਂ ਲੈ ਸਕਦੇ। ਇਸ ਅਸਫਲਤਾ ਦੀ ਪਹਿਚਾਣ ਕੀਤੀ ਗਈ ਅਤੇ ਇਹ ਫੈਸਲਾ ਕੀਤਾ ਗਿਆ ਕਿ ਯੋਜਨਾ ਬਨਾਉਣ ਅਤੇ ਫੈਸਲਾ ਲੈਣ ਦੀ ਪਰਕ੍ਰਿਆ ਵਿੱਚ ਖੁਦ ਜਨਤਾ ਦੀ ਭਾਗੀਦਾਰੀ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ।

ਇਸ ਨਿਰਮਾਣ ਨੂੰ ਸਾਕਾਰ ਕਰਨ ਲਈ ਸੰਵਿਧਾਨ ਦੇ ਅਨੁਛੇਦ 40 ਵਿੱਚ ਸ਼ੋਧ ਕਰਕੇ ਇਹ ਅਧਿਕਾਰ ਸਿੱਧੇ ਸਮੁਦਾਇਕ ਨੂੰ ਸੌਂਪ ਦਿੱਤੇ ਗਏ। ਇਸ ਅਧਿਕਾਰ ਦੇ ਅੰਤਰਗਤ ਸਮੁਦਾਇ ਖੁਦ ਤਹਿ ਕਰਨ ਕਿ ਉਨ੍ਹਾਂ ਦਾ ਵਿਕਾਸ ਕਿਵੇਂ, ਕਿਉਂ ਅਤੇ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਇਸ ਸੋਧ ਨੂੰ 73ਵੀਂ ਸੰਵਿਧਾਨ ਸੋਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ ਕਿ ਲੋਕਤੰਤਰਿਕ ਪਰਕ੍ਰਿਆ ਦੇ ਸ਼ਕਤੀਕਰਨ ਵੱਲੋਂ ਇੱਕ ਇਤਿਹਾਸਕ ਕਦਮ ਹੈ।

ਪੰਚਾਇਤੀ ਰਾਜ ਵਿਵਸਥਾ ਨੂੰ ਸੁਚਾਰੂ ਰੂਪ ਵਿੱਚ ਲਾਗੂ ਕਰਨ ਲਈ ਗਰਾਮ ਪੰਚਾਇਤ ਅਤੇ ਗਰਾਮ ਸਭਾ ਦੀ ਸਥਾਪਨਾ ਕੀਤੀ ਗਈ। ਇਸਦੇ ਅੰਤਰਗਤ ਬਲਾਕ ਪੰਚਾਇਤ ਨੂੰ ਵਿਕਾਸ ਦੇ ਕੰਮਾਂ ਨੂੰ ਕਿਰਿਆਸ਼ੀਲ ਅਤੇ ਲਾਗੂ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ। ਇਸ ਦੇ ਨਾਲ ਗਰਾਮ ਸਭਾ ਨੂੰ ਮੁੱਖ ਰੂਪ ਵਿੱਚ ਪਿੰਡ ਦੀਆਂ ਸਮੱਸਿਆਵਾਂ ਅਤੇ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਨ ਅਤੇ ਪਿੰਡ ਪੱਧਰ ਉੱਤੇ ਸੰਚਾਲਿਤ ਵੱਖ-ਵੱਖ ਵਿਕਾਸ ਕੰਮਾਂ ਨੂੰ ਲਾਗੂ ਕਰਨ ਵਿੱਚ ਸਹਿਯੋਗ ਕਰਨ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦਾ ਕਾਰਜ ਮੁੱਖ ਜ਼ਿੰਮੇਵਾਰੀ ਦੇ ਰੂਪ ਵਿੱਚ ਲਾਗੂ ਕਰਨ ਵਿੱਚ ਸਹਿਯੋਗ ਕਰਨ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦਾ ਕਾਰਜ ਮੁੱਖ ਜ਼ਿੰਮੇਵਾਰੀ ਦੇ ਰੂਪ ਵਿੱਚ ਸੌਂਪੇ ਗਏ।

ਪੰਚਾਇਤੀ ਰਾਜ ਵਿਵਸਥਾ ਦੇ ਸ਼ਕਤੀਕਰਨ ਵਿੱਚ ਸਮਾਜਿਕ ਲੇਖੇ-ਜੋਖੇ ਦੇ ਮਹੱਤਵ ਨੂੰ ਪੂਰਨ ਰੂਪ ਵਿੱਚ ਸਮਝਣ ਤੋਂ ਪਹਿਲਾ ਸਾਨੂੰ ਸਮਾਜਿਕ ਲੇਖੇ-ਜੋਖੇ ਦੀ ਪਰਕ੍ਰਿਆ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ।

### ਸਮਾਜਿਕ ਲੇਖਾ-ਜੋਖਾ ਕੀ ਹੈ?

ਸਮਾਜਿਕ ਲੇਖਾ-ਜੋਖਾ (ਸ਼ੋਸਲ ਆਡਿਟ) ਇੱਕ ਨਿਰੰਤਰ ਚਲਣ ਵਾਲੀ ਪਰਕ੍ਰਿਆ ਹੈ। ਇਸ ਦੁਆਰਾ ਸਥਾਨਕ ਪੱਧਰ ਉੱਤੇ ਸੰਚਾਲਿਤ ਵਿਕਾਸ ਦੇ ਕਾਰਜਾਂ ਵਿੱਚ ਸਾਹਿਤਕ ਨਿਗਰਾਨੀ, ਜਨਤਕ ਜਵਾਬਦੇਹੀ, ਗੁਣਾਤਮਕਤਾ, ਮੁਲਾਂਕਣ ਅਤੇ ਪਾਰਦਰਸ਼ਤਾ ਯਕੀਨੀ ਬਣਦੀ ਹੈ।

ਸਮਾਜਿਕ ਲੇਖੇ-ਜੋਖੇ ਦੀ ਪਰਕ੍ਰਿਆ ਰਾਹੀਂ ਸਾਰੇ ਹਿੱਤ-ਭਾਗੀ ਇੱਕ ਮੰਚ ਉੱਤੇ ਆ ਜਾਂਦੇ ਹਨ ਅਤੇ ਸਮਾਜਿਕ ਅਤੇ ਆਰਥਿਕ ਤੌਰ ਤੇ ਵਾਂਝੇ ਅਤੇ ਦਲਿਤ ਵਰਗ ਦੇ ਸਮੁਦਾਇ ਦੇ ਨੁਮਾਇੰਦੇ ਆਪਣੇ ਮੁੱਦਿਆਂ ਉੱਤ ਜਵਾਬ ਮੰਗਦੇ ਹਨ।

### ਸਮਾਜਿਕ ਲੇਖੇ-ਜੋਖੇ ਦੇ ਉਦੇਸ਼ :

- ਸਥਾਨਕ ਵਿਕਾਸ ਲਈ ਉਪਲੱਬਧ ਸਾਧਨਾਂ ਦੀ ਵਰਤੋਂ ਦਾ ਮੁਲਾਂਕਣ ਕਰਨਾ।
- ਲਾਭਪਾਤਰੀ ਅਤੇ ਹੋਰ ਹਿੱਤ-ਭਾਗੀਆਂ ਦੇ ਵਿੱਚ ਤਾਲਮੇਲ ਲਿਆਉਣਾ ਅਤੇ ਜਾਗਰੂਕ ਕਰਨਾ।
- ਸਥਾਨਕ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਬਨਾਉਣਾ।
- ਵੱਖ-ਵੱਖ ਹਿੱਤ-ਭਾਗੀਆਂ ਨੂੰ ਖਾਸ ਕਰਕੇ ਦਲਿਤ ਜਾਂ ਵਾਂਝੇ ਵਰਗ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਥਾਨਕ ਪੱਧਰ ਉੱਤੇ ਲਏ ਗਏ ਨੀਤੀਗਤ ਫੈਸਲਿਆਂ ਦੀ ਪੜਚੋਲ ਕਰਨਾ।
- ਸਥਾਨਕ ਪੱਧਰ ਉੱਤੇ ਉਪਲੱਬਧ ਸੁਵਿਧਾਵਾਂ ਤੱਕ ਹਿਤਭਾਗੀਆਂ ਦੀ ਪਹੁੰਚ ਨੂੰ ਹੱਲਾਸ਼ੇਰੀ ਦੇਣਾ।
- ਸਮਾਜਿਕ ਲੇਖੇ-ਜੋਖੇ ਦੇ ਉਦੇਸ਼ ਨੂੰ ਅਸੀਂ ਤਿੰਨ ਮੁੱਖ ਉਦੇਸ਼ਾਂ ਵਿੱਚ ਵੰਡ ਸਕਦੇ ਹਾਂ :

## ਸਮਾਜਿਕ ਲੇਖੇ-ਜੋਖੇ ਦੇ ਲਾਭ :

- ਸਥਾਨਕ ਪੱਧਰ ਉੱਤੇ ਯੋਜਨਾਬੰਦੀ ਲਈ ਸਮੁਦਾਇਕ ਸਮਰੱਥਾਂ ਦਾ ਵਿਕਾਸ ਕਰਦਾ ਹੈ।
- ਸਥਾਨਕ ਲੋਕਤੰਤਰ ਦੀ ਪਰਕ੍ਰਿਆ ਨੂੰ ਉਤਸ਼ਾਹਿਤ ਅਤੇ ਮਜ਼ਬੂਤੀ ਪ੍ਰਦਾਨ ਕਰਦਾ ਹੈ।
- ਸਥਾਨਥ ਸਵੈ ਸ਼ਾਸਨ ਦੀ ਪਰਕ੍ਰਿਆ ਵਿੱਚ ਸਮੁਦਾਇ ਦੀ ਭਾਗੀਦਾਰੀ ਨੂੰ ਹੱਲ੍ਹਸ਼ੇਰੀ ਦਿੰਦਾ ਹੈ।
- ਵਿਕਾਸਯੋਗ ਵਿੱਚ ਵੰਚਿਤ ਅਤੇ ਦਲਿਤ ਸਮੂਹ ਦੇ ਵਿਅਕਤੀਆਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਦਾ ਹੈ।
- ਸਮੂਹਿਕ ਨਿਰਣਾ ਲੈਣ ਦੀ ਪਰਕ੍ਰਿਆ ਅਤੇ ਸਮੂਹਿਕ ਸਾਂਝੀਦਾਰੀ ਦੀ ਪਰਕ੍ਰਿਆ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ।
- ਮਨੁੱਖੀ ਸਾਧਨਾਂ ਅਤੇ ਸਮਾਜਿਕ ਪੂੰਜੀ ਵਿੱਚ ਵਾਧਾ ਕਰਦਾ ਹੈ।

## ਸਮਾਜਿਕ ਲੇਖੇ-ਜੋਖੇ ਦੇ ਪੜਾਅ

ਸਮਾਜਿਕ ਲੇਖੇ-ਜੋਖੇ ਦੇ ਮੁੱਖ ਰੂਪ ਵਿੱਚ ਤਿੰਨ ਪੜਾਅ ਹੋ ਸਕਦੇ ਹਨ :

### 1) ਸਮਾਜਿਕ ਲੇਖੇ ਤੋਂ ਪਹਿਲਾ ਦਾ ਪੜਾਅ

**ਰਣਨੀਤੀ:** ਸਮਾਜਿਕ ਲੇਖੇ ਜੋਖੇ ਦੀ ਪਰਕ੍ਰਿਆ ਕਿਵੇਂ ਚਲਾਈ ਜਾਵੇਗੀ ਇਸ ਦੀ ਰਣਨੀਤੀ ਸਮੂਹਿਕ ਰੂਪ ਵਿੱਚ ਤੈਅ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਗਰਾਮ ਸਭਾ ਦੇ ਸਾਰੇ ਮੈਂਬਰ ਪੂਰੀ ਪਰਕ੍ਰਿਆ ਵਿੱਚ ਭਾਗੀਦਾਰੀ ਨਿਭਾ ਸਕਣ ਅਤੇ ਆਪਣੀ ਜ਼ਿੰਮੇਵਾਰੀ ਸਮਝ ਸਕਣ।

**ਆਡਿਟ ਕਮੇਟੀ ਦੀ ਚੋਣ :** ਸਮਾਜਿਕ ਆਡਿਟ ਦੀ ਪਰਕ੍ਰਿਆਨੂੰ ਸਹਿਜ ਪੂਰਣ ਢੰਗ ਨਾਲ ਚਲਾਉਣ ਲਈ ਗਰਾਮ ਸਭਾ ਪੱਧਰ ਉੱਤੇ ਆਡਿਟ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਆਡਿਟ ਕਮੇਟੀ ਵਿੱਚ ਸਮੁਦਾਇ ਦੇ ਸਾਰੇ ਵਰਗਾਂ ਤੇ ਪਿੰਡ ਦੇ ਵਿਕਾਸ ਨਾਲ ਜੁੜੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਦੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ।

**ਪਿੰਡ ਪੱਧਰ ਉੱਤੇ ਸਹਿਯੋਗਪੂਰਣ ਵਾਤਾਵਰਨ ਬਣਾਉਣਾ :** ਆਡਿਟ ਕਮੇਟੀ ਦੇ ਮੈਂਬਰਾਂ ਦੁਆਰਾ ਪਿੰਡ ਪੱਧਰ 'ਤੇ ਸੁਖਮਈ ਵਾਤਾਵਰਣ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਕਿ ਆਡਿਟ ਦੀ ਪਰਕ੍ਰਿਆ ਸੁਚਾਰੂ ਰੂਪ ਵਿੱਚ ਬਿਨਾਂ ਕਿਸੇ ਭੇਦ-ਭਾਵ ਦੇ ਚਲਾਈ ਜਾ ਸਕੇ।

**ਸੂਚਨਾ ਇਕੱਤਰ ਕਰਨਾ :** ਆਡਿਟ ਕਮੇਟੀ ਦੇ ਮੈਂਬਰਾਂ ਦੁਅਰਾ ਪਿੰਡ ਪੱਧਰ 'ਤੇ ਕਰਵਾਏ ਗਏ ਕੰਮਾਂ ਨਾਲ ਸਬੰਧਤ ਵਿਸ਼ੇਸ਼ ਗਤੀਵਿਧੀਆਂ ਅਤੇ ਮੁਸ਼ਕਲਾਂ ਸਬੰਧੀ ਸੂਚਨਾ ਇਕੱਤਰ ਕੀਤੀ ਜਾਣੀ ਚਾਹੀਦੀ ਹੈ।

**ਸੂਚਨਾ ਦੀ ਸਚਾਈ :** ਇਕੱਤਰ ਕੀਤੀ ਗਈ ਸੂਚਨਾ ਨੂੰ ਸੱਚਾ ਸਾਬਤ ਕਰਨਾ ਵੀ ਜ਼ਰੂਰੀ ਹੈ। ਇਸ ਲਈ ਸੂਚਨਾ ਨਾਲ ਸਬੰਧਤ ਦਸਤਾਵਜ਼ਾਂ ਅਤੇ ਤੱਥਾਂ ਨੂੰ ਵੀ ਇਕੱਤਰ ਕਰਨਾ ਚਾਹੀਦਾ ਹੈ ਜਿਸ ਨਾਲ ਕਿ ਆਡਿਟ ਪਰਕ੍ਰਿਆ ਦੀ ਵਿਧਾਨਿਕਤਾ ਬਣੀ ਰਹੇ।

### 2) ਸਮਾਜਿਕ ਆਡਿਟ ਦੇ ਦੌਰਾਨ ਦਾ ਪੜਾਅ :

1) **ਭੌਤਿਕ ਸਚਾਈ**
   - ਸਮੁਦਾਇ ਨਾਲ ਗੱਲਬਾਤ ਅਤੇ ਵਿਚਾਰ ਵਟਾਂਦਰਾ ਕਰਨਾ।
   - ਕੀਤੇ ਗਏ ਕਾਰਜਾਂ ਦੀ ਅਸਲੀਅਤ ਪੇਸ਼ ਕਰਨਾ।
2) **ਜਨ ਸੁਣਵਾਈ**
   - ਉਦਘਾਟਨ, ਜਾਣ-ਪਹਿਚਾਣ
   - ਇਕੱਠੀ ਕੀਤੀ ਜਾਣਕਾਰੀ ਨੂੰ ਪੇਸ਼ ਕਰਨਾ
   - ਵਿਚਾਰ-ਵਟਾਂਦਰਾ ਜਾਂ ਚਰਚਾ
   - ਚਰਚਾ ਦੇ ਦੌਰਾਨ ਉਠਾਏ ਗਏ ਮੁੱਦਿਆਂ ਉਪਰ ਲੋਕ ਨੁਮਾਇੰਦਿਆਂ ਅਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਦੁਆਰਾ ਸਪਸ਼ਟੀਕਰਣ।
   - ਜ਼ਰੂਰੀ ਸੁਧਾਰਾਂ ਲਈ ਰਣਨੀਤੀ ਤੈਅ ਕਰਨਾ।

### 3) ਸਮਾਜਿਕ ਆਡਿਟ ਤੋਂ ਬਾਅਦ ਦਾ ਪੜਾਅ :

- ਜਨ-ਸੁਣਵਾਈ ਦੇ ਦੌਰਾਨ ਉੱਠੇ ਮੁੱਦਿਆਂ ਉੱਤੇ ਚਰਚਾ ਕਰਨਾ।
- ਜਨ-ਸੁਣਵਾਈ ਤੋਂ ਬਾਅਦ ਕੀਤੀ ਗਈ ਕਾਰਵਾਈ ਤੋਂ ਜਨਤਾ ਨੂੰ ਜਾਣੂੰ ਕਰਵਾਉਣਾ
- ਸਮਾਜਿਕ ਭਾਈਚਾਰਾ ਬਣਾਈ ਰੱਖਣਾ
- ਪਿਛਲੀਆਂ ਗਲਤੀਆਂ ਦੀ ਦੁਹਰਾਈ ਨਾ ਹੋਵੇ, ਇਸ ਦੀ ਕੋਸ਼ਿਸ਼ ਕਰਨਾ।
- ਜਨ-ਸੁਣਵਾਈ ਵਿੱਚ ਕੀਤੀ ਗਈ ਵਚਨਬੱਧਤਾ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕਰਨਾ।
- ਸਮਾਜਿਕ ਉਪਲਬਧੀਆਂ ਨੂੰ ਸਾਰੇ ਹਿਤਭਾਗੀਆਂ ਵਿਚਕਾਰ ਪ੍ਰਕਾਸ਼ਿਤ ਕਰਨਾ।

## ਪੰਚਾਇਤ ਰਾਜ ਵਿਵਸਥਾ ਅਤੇ ਸਮਾਜਿਕ ਲੇਖਾ-ਜੋਖਾ

73ਵੇਂ ਸੰਵਿਧਾਨਕ ਸੋਧ ਰਾਹੀਂ ਪੰਚਾਇਤ ਰਾਜ ਵਿਵਸਥਾ ਦੇ ਸ਼ਕਤੀਕਰਣ ਵਿੱਚ ਗਰਾਮ ਸਭਾ ਦੀ ਇੱਕ ਮੁੱਖ ਭੂਮਿਕਾ ਦੇਖੀ ਗਈ ਹੈ। ਇਹ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ ਕਿਉਂਕਿ ਗਰਾਮ ਸਭਾ ਦੀ ਇਹ ਨੈਤਿਕ ਜ਼ਿੰਮੇਵਾਰੀ ਹੋ ਗਈ ਹੈ ਕਿ ਉਹ ਪੰਚਾਇਤ ਪੱਧਰ ਉੱਤੇ ਲਾਗੂ ਕੀਤੀਆਂ ਜਾਂਦੀਆਂ ਵੱਖ-ਵੱਖ ਸਰਕਾਰੀ ਯੋਜਨਾਵਾਂ ਅਤੇ ਹੋਰ ਵਿਕਾਸ ਕਾਰਜਾਂ ਦੀ ਪੜਤਾਲ ਕਰ ਸਕਦੀ ਹੈ ਅਤੇ ਪੰਚਾਇਤ ਪੱਧਰ ਉੱਤੇ ਉਪਲਬਧ ਸਾਰੇ ਸਾਧਨਾਂ ਦੀ ਨਿਗਰਾਨੀ ਕਰ ਸਕਦੀ ਹੈ। ਇਸ ਭੂਮਿਕਾ ਨੂੰ ਦੇਖਦੇ ਹੋਏ ਜ਼ਰੂਰਤ ਪੈਣ ਤੇ ਹੋਰ ਦੂਜੇ ਸਬੰਧਤ ਅਧਿਕਾਰੀਆਂ ਤੋਂ ਸਪਸ਼ਟਕੀਰਣ ਦੀ ਮੰਗ ਕਰ ਸਕਦੀ ਹੈ। ਇਸੇ ਲਈ ਇਸ ਵਿੱਚ ਸਮਾਜਿਕ ਲੇਖੇ ਜੋਖੇ ਦੀ ਪਰਕ੍ਰਿਆ ਦੇ ਤਹਿਤ ਗਰਾਮ ਸਭਾ ਦੁਆਰਾ ਗਰਾਮ ਪੰਚਾਇਤ ਪੱਧਰ ਉੱਤੇ ਉਪਲਬਧ ਸਾਰੇ ਦਸਤਾਵੇਜ਼ਾਂ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਦਸਤਾਵੇਜ਼ਾਂ ਦੀ ਸੂਚੀ ਜਿਸ ਦਾ ਨਿਰੀਖਣ ਗਰਾਮ ਸਭਾ ਦੁਆਰਾ ਕੀਤਾ ਜਾ ਸਕਦਾ ਹੈ ਹੇਠ ਲਿਖੇ ਹਨ :-

- ਗਰਾਮ ਪੰਚਾਇਤ ਦੀ ਆਮਦਨ ਖਰਚ ਦਾ ਲੇਖਾ-ਜੋਖਾ
- ਵੱਖ-ਵੱਖ ਸਰਕਾਰੀ ਪ੍ਰੋਗਰਾਮਾਂ ਦੇ ਲਾਭਪਾਤਰੀਆਂ ਦੀ ਸੂਚੀ
- ਮਸਟਰ ਰੋਲ
- ਬਿਲ ਵਾਊਚਰ
- ਵੱਖ-ਵੱਖ ਸਰਕਾਰੀ ਯੋਜਨਾਵਾਂ ਦੇ ਦਸਤਾਵੇਜ਼

  ਸਮਾਜਿਕ ਆਡਿਟ ਪਰਕ੍ਰਿਆ ਨੂੰ ਲਾਗੂ ਕਰਨ ਸਮੇਂ ਕਿਸੇ ਤਰ੍ਹਾਂ ਦੀ ਵੀ ਕਠਿਨ ਹਾਲਤ ਨੂੰ ਰੋਕਣ ਅਤੇ ਉਸ ਨੂੰ ਦੂਰ ਕਰਨ ਲਈ ਹਰ ਇੱਕ ਪੱਧਰ ਉੱਤੇ ਨਿਯਮਾਂ ਅਨੁਸਾਰ ਚੌਕਸੀ ਅਤੇ ਨਿਗਰਾਨੀ ਨਿਸ਼ਚਿਤ ਕੀਤੀ ਜਾਣੀ ਜ਼ਰੂਰੀ ਹੈ।

## ਅਧਿਆਇ 10

# ਪੰਚਾਇਤੀ ਰਾਜ ਸੰਸਥਾਵਾਂ ਦਾ ਖੇਤੀ ਦੇ ਵਿਕਾਸ ਵਿੱਚ ਯੋਗਦਾਨ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਖੇਤੀ ਅਤੇ ਇਸ ਨਾਲ ਜੁੜੇ ਦੂਸਰੇ ਧੰਦਿਆਂ ਦਾ ਹਿੱਸਾ ਨਿਰੰਤਰ ਤੌਰ ਤੇ ਘਟਦਾ ਜਾ ਰਿਹਾ ਹੈ ਫਿਰ ਵੀ ਪੰਜਾਬ ਦਾ ਖੇਤੀ ਖੇਤਰ ਪੰਜਾਬ ਦੀ ਆਰਥਿਕਤਾ ਦਾ ਕੇਂਦਰ ਬਿੰਦੂ ਹੈ ਅਤੇ ਅੱਜ ਵੀ ਖੇਤੀ ਖੇਤਰ ਪੰਜਾਬ ਦੀ ਵਿਕਾਸ ਪਰਕ੍ਰਿਆ ਨੂੰ ਗਤੀਸ਼ੀਲ ਬਣਾਉਣ ਖਾਤਰ ਮੁੱਢਲਾ ਯੋਗਦਾਨ ਪਾਉਣ ਲਈ ਯਤਨਸ਼ੀਲ ਹੈ। ਪਿਛਲੀ ਸਦੀ ਦੇ ਅੰਤਲੇ ਦਹਾਕਿਆਂ ਦੌਰਾਨ ਆਰਥਿਕ ਉਦਾਰੀਕਰਨ ਨੂੰ ਅਪਣਾਉਣ ਤੋਂ ਬਾਅਦ ਸਮੁੱਚੇ ਵਿਸ਼ਵ ਦੇ ਵਿਕਾਸਸ਼ੀਲ ਦੇਸ਼ਾ (ਸਮੇਤ ਭਾਰਤ) ਦੀ ਖੇਤੀ ਪ੍ਰਭਾਵਿਤ ਹੋਈ ਹੈ। ਖੇਤੀ ਪਰਧਾਨ ਸੂਬਾ ਹੋਣ ਕਰਕੇ ਪੰਜਾਬ ਵੀ ਇਸ ਤੋਂ ਅਣਭਿੱਜਿਆ ਨਹੀਂ ਰਿਹਾ। ਅੰਤਰਰਾਸ਼ਟਰੀ ਪੱਧਰ ਤੇ ਗੈਟ ਅਤੇ ਵਿਸ਼ਵ ਵਪਾਰ ਸੰਸਥਾ ਦੇ ਫੈਸਲਿਆਂ ਦੇ ਲਾਗੂ ਹੋਣ ਤੋਂ ਬਾਅਦ ਸਾਡੀ ਖੇਤੀ ਵਿਵਸਥਾ ਨੂੰ ਇੱਕ ਬੁਨਿਆਦੀ ਤਬਦੀਲੀ ਦੇ ਦੌਰ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਖੇਤੀ ਲਈ ਲੋੜੀਂਦੀਆਂ ਆਮ ਵਸਤੂਆਂ ਜਿਵੇਂ ਬੀਜ, ਖਾਦਾਂ, ਕੀਟਨਾਸ਼ਕ, ਮਸ਼ੀਨਰੀ ਆਦਿ ਬਹੁਕੌਮੀ ਕਾਰਪੋਰੇਸ਼ਨਾਂ ਦੇ ਇਸ਼ਾਰਿਆਂ ਤੇ ਯੋਜਨਾਬੱਧ ਕੀਤੀਆਂ ਜਾ ਰਹੀਆਂ ਹਨ। ਖੇਤੀ ਜਿਣਸਾਂ ਦੇ ਮੰਡੀਕਰਨ ਵਿੱਚ ਵੀ ਉਭਰਵੇਂ ਓਤਾਰ-ਚੜਾਅ ਵੇਖੇ ਜਾ ਸਕਦੇ ਹਨ। ਕਿਸਾਨ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਅਜੇ ਵੀ ਕਮਿਸ਼ਨ ਏਜੰਟਾਂ ਦੇ ਹੱਥ ਵਿੱਚ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਹੋਰ ਚਿੰਤਕਾਂ ਦੇ ਅਧਿਐਨਾਂ ਮੁਤਾਬਿਕ ਅੱਜ ਵੀ ਪੰਜਾਬ ਦਾ ਕਿਸਾਨ ਬਹੁਤ ਵੱਡੇ ਕਰਜ਼ੇ ਦੀ ਮਾਰ ਹੇਠ ਹੈ। ਇੱਥੋਂ ਤੀਕ ਕਿ ਉਸਨੂੰ ਕਰਜ਼ਾ ਨਾ ਮੁੜਦਾ ਦੇਖ ਕੇ ਖੁਦਕੁਸ਼ੀਆ ਦੇ ਰਾਹ ਤੁਰਨਾ ਪੈ ਰਿਹਾ ਹੈ। ਮੁਕਦੀ ਗੱਲ ਇਹ ਹੈ ਕਿ ਪੰਜਾਬ ਦੀ ਡਾਵਾਂਡੋਲ ਹੋ ਰਹੀ ਖੇਤੀ ਆਰਥਿਕਤਾ ਨੂੰ ਬਚਾਉਣ ਖਾਤਰ ਸਰਕਾਰ ਦੇ ਨਾਲ ਨਾਲ ਪੰਚਾਇਤੀ ਰਾਜ ਸੰਸਥਾਵਾਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ।

ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ ਨੂੰ ਜੇਕਰ ਇਤਿਹਾਸਕ ਪਰਿਪੇਖ ਵਿੱਚ ਵਿਚਾਰਿਆ ਜਾਵੇ ਤਾਂ ਸਪਸ਼ਟ ਦਿਖਾਈ ਦਿੰਦਾ ਹੈ ਕਿ ਸਾਡੀਆਂ ਭੂਤਕਾਲੀ ਪੰਚਾਇਤੀ ਸੰਸਥਾਵਾਂ ਨੇ ਰਾਜ ਦੀ ਖੇਤੀ ਦੇ ਵਿਕਾਸ ਲਈ ਇਕ ਠੋਸ ਅਤੇ ਗਤੀਸ਼ੀਲ ਅਧਾਰਸ਼ਿਲਾ ਪ੍ਰਦਾਨ ਕਰਨ ਵਿੱਚ ਭਰਵਾਂ ਯੋਗਦਾਨ ਪਾਇਆ ਹੈ। ਸਮੁਦਾਇ ਵਿਕਾਸ ਪ੍ਰੋਗਰਾਮ ਦੇ ਅੰਤਰਗਤ ਪੰਚਾਇਤਾਂ ਰਾਹੀਂ ਕਿਸਾਨਾਂ ਨੂੰ ਵੱਧ ਝਾੜ ਦੇਣ ਵਾਲੇ ਹਾਈਬਰਿਡ ਬੀਜ, ਆਧੁਨਿਕ ਤਕਨੀਕ ਸੁਧਰੇ ਖੇਤੀ ਸੰਦ, ਕੀਟ ਨਾਸ਼ਕ, ਰਸਾਇਣਿਕ ਖਾਦਾਂ, ਅਨਾਜ ਭੰਡਾਰ ਕਰਨ ਲਈ ਭੰਡਾਰ ਸਾਧਨ, ਸਬਜ਼ੀਆਂ, ਫਲਾਂ ਅਤੇ ਰੁੱਖਾਂ ਨੂੰ ਪ੍ਰਫੁਲਤ ਕਰਨ ਦੇ ਤੌਰ ਤਰੀਕੇ ਅਤੇ ਖੇਤੀ ਖੇਤਰ ਨਾਲ ਜੁੜੇ ਦੂਸਰੇ ਧੰਦਿਆਂ ਜਿਵੇਂ ਦੁਧਾਰੂ ਪਸ਼ੂ ਪਾਲਣ, ਮੱਛੀ ਪਾਲਣ, ਸ਼ਹਿਦ ਦੀਆਂ ਮੱਖੀਆਂ ਪਾਲਣ, ਫੁੱਲਾਂ ਦੀ ਖੇਤੀ ਕਰਨ, ਸਬਜ਼ੀਆਂ ਜੰਗਲਾਤ ਨੂੰ ਉੱਚਾ ਚੁੱਕਣ ਲਈ ਉਤਸ਼ਾਹਤ ਕੀਤਾ ਗਿਆ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਦਾ ਇਹ ਦੌਰ ਕਿਸਾਨੀ ਨੂੰ ਖੁਸ਼ਹਾਲੀ ਪ੍ਰਦਾਨ ਕਰਨ ਦਾ ਦੌਰ ਸੀ। ਕਿਸਾਨੀ ਨੇ ਇਸ ਦੌਰ ਵਿੱਚ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਪੂਰੀ ਵਾਹ ਲਾਈ ਅਤੇ ਕਾਮਯਾਬੀ ਵੀ ਹਾਸਲ ਕੀਤੀ।

73ਵੀਂ ਸੰਵਿਧਾਨਕ ਸੋਧ ਦੇ ਲਾਗੂ ਹੋਣ ਤੋਂ ਬਾਅਦ ਪੰਚਾਇਤੀ ਰਾਜ ਸੰਸਥਾਵਾਂ ਦੀ ਖੇਤੀ ਵਿਕਾਸ ਲਈ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ ਕਿ ਕਿ ਇਸ ਸੋਧ ਦੀ ਗਿਆਰਵੀਂ ਸੂਚੀ ਵਿੱਚ ਦਰਸਾਏ 29 ਵਿਸ਼ਿਆਂ ਦਾ ਲੱਗਪਗ ਤੀਜਾ ਹਿੱਸਾ ਖੇਤੀ ਨਾਲ ਸਬੰਧਤ ਕਿੱਤਿਆਂ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ।

ਇਹਨਾਂ ਵਿਸ਼ਿਆਂ ਰਾਹੀਂ ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਖੇਤੀ ਦੇ ਵਿਕਾਸ ਵਿੱਚ ਭਰਵਾਂ ਯੋਗਦਾਨ ਪਾਉਣ ਦੇ ਨਾਲ ਨਾਲ ਇਹਨਾਂ ਵਿਸ਼ਿਆਂ ਦੀ ਕਾਰਜਸ਼ੈਲੀ ਨੂੰ ਪੰਚਾਇਤਾਂ ਰਾਹੀਂ ਵਿਕਸਤ ਕਰਨ ਦੀ ਗੱਲ ਵੀ ਕੀਤੀ ਗਈ ਹੈ। ਅਜੋਕੀ ਪੰਚਾਇਤੀ ਵਿਵਸਥਾ ਅਧੀਨ ਖੇਤੀ ਦੇ ਵਿਕਾਸ ਨੂੰ ਪੰਚਾਇਤੀ ਰਾਜ ਸੰਸਥਾਵਾਂ ਨਾਲ ਇਸ ਤਰ੍ਹਾਂ ਜੋੜਿਆ ਗਿਆ ਹੈ ਕਿ ਹੁਣ ਖੇਤੀ ਨਾਲ ਜੁੜੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਯਥਾਯੋਗ ਹੱਲ ਲਈ ਪੰਚਾਇਤਾਂ ਗਰਾਮ ਸਭਾ ਦੀ ਸਰਪ੍ਰਸਤੀ ਹੇਠ ਯੋਜਨਾਬੰਦੀ ਦੀ ਬਹੁਪੱਧਰੀ ਪਰਕ੍ਰਿਆ ਰਾਹੀਂ ਸਰਕਾਰ ਨੂੰ ਰਸਮੀ ਤੌਰ ਤੇ ਸੁਝਾਅ ਭੇਜਣ ਲਈ ਪਾਬੰਦ ਹਨ। ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਵਰਤਮਾਨ ਸਮੇਂ ਕਿਸਾਨਾਂ ਨੂੰ ਖੇਤੀ ਨਾਲ ਸਬੰਧਤ ਕੰਮਾਂ ਬਾਰੇ ਵਿਗਿਆਨਕ ਅਤੇ ਤਕਨੀਕੀ ਜਾਣਕਾਰੀ ਪੰਜਾਬ ਦੀ ਖੇਤੀ ਯੂਨੀਵਰਸਿਟੀ, ਖੇਤੀ ਵਿਭਾਗ ਅਤੇ ਖੇਤੀ ਖੇਤਰ ਨਾਲ ਸਬੰਧਤ ਦੂਸਰੇ ਵਿਭਾਗਾਂ ਵੱਲੋਂ ਕਿਸਾਨ ਗੋਸ਼ਟੀਆਂ, ਖੇਤੀ ਮੀਟਿੰਗਾਂ, ਰੇਡੀਓ/ਟੈਲੀਵਿਜ਼ਨ, ਨੁਮਾਇਸ਼ਾਂ ਅਤੇ ਪ੍ਰਦਰਸ਼ਨੀਆਂ ਰਾਹੀਂ ਦਿੱਤੀ ਜਾ ਰਹੀ ਹੈ। ਪ੍ਰੰਤੂ ਇਸ ਪਰਕ੍ਰਿਆ ਦੌਰਾਨ ਇਹ ਸੰਸਥਾਵਾਂ/ਅਦਾਰੇ/ਵਿਭਾਗ ਸੀਮਤ ਦਾਇਰਿਆਂ ਵਿੱਚ ਵਿਚਰਦੇ ਹੋਏ ਸਿਰਫ ਕੁੱਝ ਕੁ ਕਿਸਾਨ ਵੀਰਾਂ ਤੱਕ ਸੀਮਤ ਰਹਿ ਜਾਂਦੇ ਹਨ। ਬਹੁਤ ਸਾਰੇ ਕਿਸਾਨ, ਕਿਸਾਨ ਔਰਤਾਂ ਅਤੇ ਨੌਜਵਾਨ ਬੱਚੇ ਬੱਚੀਆਂ ਖੇਤੀ ਨਾਲ ਸਬੰਧਤ ਇਹੋ ਜਿਹੇ ਸਮਾਗਮਾਂ ਤੋਂ ਵੰਚਿਤ ਰਹਿ ਜਾਂਦੇ ਹਨ। ਇਸ ਵਾਂਝੇਪਣ ਨੂੰ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਂਇੰਦਿਆਂ ਲਈ ਆਯੋਜਤ ਵਰਕਸ਼ਾਪਾਂ ਦੌਰਾਨ ਸਮੱਸਿਆਵਾਂ ਅਤੇ ਵਿਕਾਸ ਸੰਭਾਵਨਾਵਾਂ ਪ੍ਰਤੀ ਬਹੁਤ ਹੀ ਦਿਲਚਸਪੀ ਅਤੇ ਗਹਿਰਾਈ ਬਾਰੇ ਵਿਚਾਰ ਪ੍ਰਗਟਾ ਰਹੇ ਹਨ। ਮਹੱਤਵਪੂਰਨ ਗੱਲ ਇਹ ਵੀ ਹੈ ਕਿ ਲੋੜੋਂ ਵੱਧ ਵਰਤੋਂ, ਫਸਲ ਦੀ ਰਹਿੰਦ ਖੂੰਹਦ ਨੂੰ ਸਾੜਨ ਜਿਹੇ ਨਾਂਹ ਪੱਖੀ ਰੁਝਾਨ ਸਾਡੇ ਸਮੁੱਚੇ ਵਾਤਾਰਨ ਵਿੱਚ ਅਸਾਵਾਂਪਨ ਅਤੇ ਵਿਗਾੜ ਪੈਦਾ ਕਰ ਰਹੇ ਹਨ। ਇਸ ਸਾਰੇ ਪਹਿਲੂ ਨਾ ਸਿਰਫ ਕਿਸਾਨੀ ਸਗੋਂ ਸਮੁੱਚੇ ਲੋਕਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਦੇ ਹੱਲ ਨੂੰ ਸਿਰਫ ਖੇਤੀ ਖੇਤਰ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ ਸਗੋਂ ਇਸਨੂੰ ਸਮੁੱਚੇ ਭਾਈਚਾਰੇ ਦੀ ਭਾਗੀਦਾਰੀ ਦੇ ਉਭਾਰ ਰਾਹੀਂ ਹੀ ਅੱਗੇ ਲਿਆਇਆ ਜਾ ਸਕਦਾ ਹੈ।

## ਖੇਤੀ ਨੂੰ ਦਰਪੇਸ਼ ਮੁਸ਼ਕਲਾਂ

- ਰਵਾਇਤੀ ਫਸਲੀ ਚੱਕਰ (ਕਣਕ-ਝੋਨਾ) ਅਪਣਾਉਣ ਦੇ ਸਿੱਟੇ ਵਜੋਂ ਧਰਤੀ ਹੇਠਲੇ ਪਾਣੀ ਦੀ ਲੋੜੋਂ ਵੱਧ ਵਰਤੋਂ ਹੋਣ ਕਰਕੇ ਹਰ ਸਾਲ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਸੋ ਭਵਿੱਖ ਵਿੱਚ ਨਾ ਸਿਰਫ ਖੇਤੀ ਲਈ ਸਗੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਖੜੀ ਹੋਣ ਦੀਆਂ ਸੰਭਾਵਨਾਵਾਂ ਹਨ।
- ਅੰਤਰ ਰਾਸ਼ਟਰੀ ਵਿਸ਼ਵ ਵਪਾਰ ਸੰਸਥਾ ਦੇ ਅੰਤਰਗਤ ਹੋਏ ਗੈਟ ਸਮਝੌਤੇ ਕਰਕੇ ਰਵਾਇਤੀ ਅਤੇ ਦੂਸਰੀਆਂ ਫਸਲਾਂ ਦੇ ਮੰਡੀਕਰਨ ਨੂੰ ਗੁਣਤਾ ਪੱਖੋਂ ਨਿਰੀਖਣ ਅਤੇ ਪਰਖਣ ਕਰਕੇ ਔਕੜਾਂ ਆ ਸਕਦੀਆਂ ਹਨ।
- ਕੀਟਨਾਸ਼ਕ, ਨਦੀਨ ਨਾਸ਼ਕਾਂ, ਖਾਦਾਂ ਅਤੇ ਹੋਰ ਰਸਾਇਣਾਂ ਦੀ ਲੋੜੋਂ ਵੱਧ ਵਰਤੋਂ ਨੇ ਜ਼ਮੀਨੀ ਸੰਤੁਲਨ ਵਿੱਚ ਵਿਗਾੜ ਪੈਦਾ ਕਰ ਦਿੱਤਾ ਹੈ। ਇਸਦੇ ਫਲਸਰੂਪ ਜ਼ਮੀਨ ਵਿੱਚੋਂ ਪੈਦਾ ਹੋਣ ਵਾਲੀਆਂ ਫਸਲਾਂ, ਸਬਜ਼ੀਆਂ ਅਤੇ ਫਲਾਂ ਉੱਤੇ ਇਹਨਾਂ ਰਸਾਇਣਾਂ ਦਾ ਅਸਰ ਹੋ ਰਿਹਾ ਹੈ। ਇਸ ਕਰਕੇ ਅਨਾਜ ਅਤੇ ਸਬਜ਼ੀਆਂ ਸਾਡੀ ਸਿਹਤ ਲਈ ਹਾਨੀਕਾਰਕ ਸਿੱਧ ਹੋ ਰਹੀਆਂ ਹਨ।
- ਫਸਲਾਂ ਦੀ ਰਹਿੰਦ ਖੂੰਹਦ ਭਾਵ ਕਣਕ ਦਾ ਨਾੜ ਅਤੇ ਪਰਾਲੀ ਦੇ ਸਾੜੇ ਜਾਣ ਨਾਲ ਸਾਡੀ ਹਵਾ ਹੀ ਦੂਸ਼ਿਤ ਨਹੀਂ ਹੋ ਰਹੀ ਸਗੋਂ ਜ਼ਮੀਨ ਦੇ ਉਪਰਲੀ ਤਹਿ ਦੇ ਮਿੱਤਰ ਕੀੜਿਆਂ ਦਾ ਵੀ ਨਾਸ ਹੋ ਰਿਹਾ ਹੈ। ਇਸਦਾ ਪ੍ਰਭਾਵ ਮਨੁੱਖੀ ਸਿਹਤ ਦੇ ਵਿਗਾੜ ਖਾਸ ਕਰਕੇ ਸਾਹ ਅਤੇ ਅੱਖਾਂ ਦੀਆਂ ਬਿਮਾਰੀਆਂ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।
- ਝੋਨੇ ਦੀ ਫਸਲ ਦੀ ਬਹੁਤਾਤ ਕਰਕੇ ਜਮੀਨ ਦੀ ਕੁਦਰਤੀ ਤਾਸੀਰ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ। ਜਮੀਨ ਦੀ ਤਹਿ ਇੰਨੀ ਸਖਤ ਹੋ ਗਈ ਹੈ ਕਿ ਹੁਣ ਬਾਰਸ਼ ਦੇ ਪਾਣੀ ਨੂੰ ਧਰਤੀ ਵਿੱਚ ਜੀਰਨ ਦੀ ਪਰਕ੍ਰਿਆ ਵਿੱਚ ਰੁਕਾਵਟ ਆ ਗਈ ਹੈ। ਇਸ ਸਖਤ ਤਹਿ ਨੇ ਧਰਤੀ ਦੇ ਪਾਣੀ ਚੂਸਣ ਵਾਲੇ ਜ਼ਮੀਨੀ ਰੋਮਾਂ ਨੂੰ ਬੰਦ ਕਰ ਦਿੱਤਾ ਹੈ।

- ਕਿਸਾਨੀ ਪਰਿਵਾਰਾਂ ਦਾ ਸੀਮਾਂਤੀਕਰਨ ਹੋਣ ਕਰਕੇ ਖੇਤੀ ਜੋਤਾਂ ਦਾ ਅਕਾਰ ਵੀ ਘਟ ਰਿਹਾ ਹੈ ਅਤੇ ਬਹੁਤ ਸਾਰੇ ਸੀਮਾਂਤ ਕਿਸਾਨ ਬੇਜ਼ਮੀਨੇ ਹੋ ਰਹੇ ਹਨ। ਇਸ ਦੇ ਫਲਸਰੂਪ ਫਸਲੀ ਕਾਸ਼ਤ ਲਈ ਮਸ਼ੀਨਰੀ ਦੀ ਵਰਤੋਂ ਨਾਲ ਕਿਰਤ ਦੀ ਸੰਭਾਵਨਾ ਪ੍ਰਤੀ ਨਵੀਆਂ ਮੁਸ਼ਕਲਾਂ ਖੜੀਆਂ ਹੋ ਰਹੀਆਂ ਹਨ।
- ਦੁਧਾਰੂ ਪਸ਼ੂ ਪਾਲਣ ਦਾ ਰੁਝਾਨ ਪ੍ਰਬਲ ਹੋਣ ਕਰਕੇ ਦੁੱਧ ਦੀ ਵਿਕਰੀ, ਪਸ਼ੂਆਂ ਲਈ ਚਾਰੇ ਦੀ ਉਪਲਬਧਤਾ, ਪਸ਼ੂਆਂ ਦੀ ਸਾਂਭ ਸੰਭਾਲ ਦੇ ਸਹੀ ਅਤੇ ਤਕਨੀਕੀ ਸਾਧਨਾਂ ਦੀ ਅਣਹੋਂਦ ਕਰਕੇ ਦੁੱਧ ਦੇ ਮੰਡੀਕਰਨ ਨਾਲ ਸਬੰਧਤ ਸਮੱਸਿਆਵਾਂ ਆ ਰਹੀਆਂ ਹਨ।
- ਨਿਰੋਲ ਖੇਤੀ ਖੇਤਰ ਵਿੱਚ ਕਿਰਤ ਦੇ ਯੋਗਦਾਨ ਪੱਖੋਂ ਔਰਤਾਂ ਦਾ ਘਟਣਾ ਹੋਣਾ ਇਕ ਨਾਂਹਪੱਖੀ ਰੁਝਾਨ ਹੈ। ਭਾਵੇਂ ਦੁਧਾਰੂ ਪਸ਼ੂ ਪਾਲਣ, ਸਬਜ਼ੀਆਂ ਅਤੇ ਫਸਲਾਂ ਦੀ ਕਾਸ਼ਤ, ਮੱਖੀ ਪਾਲਣ ਜਹੇ ਧੰਦਿਆਂ ਵਿੱਚ ਔਰਤਾਂ ਦੀ ਭਾਗੀਦਾਰੀ ਵਧੀ ਹੈ, ਪ੍ਰੰਤੂ ਇਹਨਾਂ ਕਿੱਤਿਆਂ ਵਿੱਚ ਵੀ ਨਵੀਂ ਕਿਸਮ ਦੀਆਂ ਔਕੜਾਂ ਦਿਖਾਈ ਦੇਣ ਲੱਗੀਆਂ ਹਨ।
- ਖੇਤੀ ਕਿੱਤੇ ਦੇ ਗੈਰ ਲਾਹੇਵੰਦ ਹੋਣ ਕਰਕੇ ਕਾਸ਼ਤਕਾਰ ਪਰਿਵਾਰਾਂ ਦੀ ਨਵੀਂ ਪੀੜੀ ਵਿੱਚ ਬੇਰੋਜ਼ਗਾਰੀ ਅਤੇ ਲੁਕੀ ਛਿਪੀ ਬੇਰੋਜ਼ਗਾਰੀ ਦੀਆਂ ਅਲਾਮਤਾਂ ਨਜ਼ਰ ਆਉਣ ਲੱਗੀਆਂ ਹਨ। ਨਵੇਂ ਰੋਜ਼ਗਾਰ ਮੌਕਿਆਂ ਦੀ ਥੁੜ ਨੇ ਸਮੁੱਚੇ ਦਿਹਾਤੀ ਭਾਈਚਾਰੇ ਅਤੇ ਖਾਸ ਕਰ ਕਿਸਾਨੀ ਪਰਿਵਾਰਾਂ ਦੀ ਨਵੀਂ ਪੀੜ੍ਹੀ ਵਿੱਚ ਬੇਗਾਨਗੀ ਅਤੇ ਨਿਰਾਸ਼ਤਾ ਫੈਲਾ ਦਿੱਤੀ ਹੈ।
- ਮੌਜੂਦਾ ਆਰਥਿਕ ਪ੍ਰਵਿਰਤੀਆਂ ਨੇ ਵੱਡੇ ਸ਼ਹਿਰਾਂ ਨੇੜੇ ਵਸਦੇ ਕਿਸਾਨਾਂ ਦੀ ਜ਼ਮੀਨ ਦਾ ਮੁੱਲ ਮਹਿੰਗਾ ਕਰ ਦਿੱਤਾ ਹੈ ਜਿਸਦੇ ਫਲਸਰੂਪ ਇਹ ਕਿਸਾਨ ਪਰਿਵਾਰ ਸ਼ਹਿਰਾਂ ਤੋਂ ਦੂਰ ਵਸਦੇ ਕਰਜ਼ਈ ਕਿਸਾਨਾਂ ਦੀ ਜ਼ਮੀਨ ਖਰੀਦ ਵੇਚ ਖੇਤੀ ਕਰਨ ਲਈ ਨਹੀਂ ਸਗੋਂ ਵਪਾਰਿਕ ਨਜ਼ਰੀਏ ਤੋਂ ਲਾਭ ਕਮਾਉਣ ਲਈ ਕਰ ਰਹੇ ਹਨ।
- ਅਸਾਵੇਂ ਉਦਯੋਗੀਕਰਨ ਦੀ ਬਦੌਲਤ ਸ਼ਹਿਰਾਂ ਅਤੇ ਵੱਡੇ ਵਪਾਰਕ ਕੇਂਦਰਾਂ ਦੇ ਨੇੜੇ ਦਿਹਾਤੀ ਖੇਤਰਾਂ ਦੀ ਖੇਤੀ ਅਤੇ ਖੇਤੀ ਨਾਲ ਸਬੰਧਤ ਧੰਦਿਆਂ ਉਤੇ ਪੈ ਰਹੇ ਮਾਰੂ ਪ੍ਰਭਾਵਾਂ ਕਰਕੇ ਕਿਸਾਨੀ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਸਾਲ ਵਜੋਂ ਰੋਪੜ ਅਤੇ ਬਠਿੰਡੇ ਦੇ ਥਰਮਲ ਪਲਾਂਟ ਫਸਲਾਂ, ਬਾਗਾਂ, ਜੰਗਲਾਤ ਇਥੋਂ ਤੀਕ ਕਿ ਪਸ਼ੂ ਧਨ ਦੇ ਨਾਲ ਨਾਲ ਮਨੁੱਖੀ ਜਾਨਾਂ ਉਤੇ ਵੀ ਮਾਰੂ ਅਤੇ ਗੈਰ ਸਿਹਤਮੰਦ ਪ੍ਰਭਾਵ ਪਾ ਰਹੇ ਹਨ।
- ਖੰਡ ਮਿੱਲਾਂ, ਗੱਤਾ ਮਿੱਲਾਂ, ਰੰਗਾਈ ਉਦਯੋਗ ਅਤੇ ਰਸਾਇਣ ਅਧਾਰਤ ਉਦਯੋਗਾਂ ਵੱਲੋਂ ਦਰਿਆਵਾਂ ਅਤੇ ਨਹਿਰਾਂ ਵਿੱਚ ਪਾਏ ਰਸਾਇਣ ਯੁਕਤ ਜ਼ਹਿਰੀਲੇ ਪਾਣੀ ਨਾਲ ਖੇਤਾਂ ਵਿੱਚ ਲਗਦੇ ਨਹਿਰੀ ਪਾਣੀ ਨੇ ਜ਼ਮੀਨ ਦੀ ਉਪਰਲੀ ਤਹਿ ਖਰਾਬ ਕਰਨ ਦੇ ਨਾਲ ਨਾਲ ਧਰਤੀ ਹੇਠਲੇ ਪਾਣੀ ਨੂੰ ਵੀ ਦੂਸ਼ਿਤ ਕਰ ਦਿਤਾ ਹੈ। ਸਿੱਟੇ ਵਜੋਂ ਬਹੁਤ ਸਾਰੇ ਮਿੱਤਰ ਕੀੜਿਆਂ, ਦਰਿਆਵਾਂ ਅਤੇ ਨਹਿਰਾਂ ਵਿਚਲੀਆਂ ਮੱਛੀਆਂ ਉਤੇ ਵੀ ਮਾਰੂ ਅਸਰ ਪੈ ਰਿਹਾ ਹੈ। ਇਸ ਨਾਲ ਚੁਗਿਰਦੇ ਦੀ ਸ਼ੁੱਧਤਾ ਵੀ ਪ੍ਰਭਾਵਿਤ ਹੋ ਰਹੀ ਹੈ।
- ਕਿਸਾਨੀ ਪਰਿਵਾਰ ਦਿਨ ਬਦਿਨ ਆੜ੍ਹਤੀਆਂ ਅਤੇ ਸਰਕਾਰੀ ਵਿੱਤੀ ਸੰਸਥਾਵਾਂ ਭਾਵ ਸਹਿਕਾਰੀ ਅਤੇ ਵਪਾਰਕ ਬੈਕਾਂ ਦੇ ਕਰਜ਼ੇ ਥੱਲੇ ਜਾ ਰਹੇ ਹਨ। ਇਸ ਦੇ ਸਿੱਟੇ ਵਜੋਂ ਕਿਸਾਨਾਂ ਵਿੱਚ ਨਿਰਾਸ਼ਤਾ ਅਤੇ ਬੇਗਾਨਗੀ ਦਾ ਆਲਮ ਵੱਡੇ ਪੱਧਰ ਤੇ ਭਾਰੂ ਹੋ ਰਿਹਾ ਹੈ। ਵਿੱਤੀ ਦੁਸ਼ਵਾਰੀਆਂ ਕਰਕੇ ਕਿਸਾਨ ਖੁਦਕੁਸ਼ੀਆਂ ਦਾ ਰਸਤਾ ਵੀ ਅਖਤਿਆਰ ਕਰ ਰਹੇ ਹਨ।
- ਖੇਤੀ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ ਬਾਬਤ ਖੇਤੀਬਾੜੀ ਯੂਨੀਵਰਸਿਟੀ ਅਤੇ ਸਬੰਧਤ ਵਿਭਾਗਾਂ ਵੱਲੋਂ ਆਯੋਜਤ ਟ੍ਰੇਨਿੰਗ ਪ੍ਰੋਗਰਾਮ, ਕਿਸਾਨ ਮੇਲੇ, ਪ੍ਰਦਰਸ਼ਨੀਆਂ ਆਦਿ ਕਿਸਾਨੀ ਲਈ ਇਕ ਹੱਦ ਤੀਕ ਮਦਦਗਾਰ ਹਨ ਅਤੇ ਖੇਤੀ ਦੇ ਬਦਲਦੇ ਅੰਤਰਰਾਸ਼ਟਰੀ ਪਰਿਪੇਖ ਵਿੱਚ ਇਨ੍ਹਾਂ ਯਤਨਾਂ ਦੀ ਕੀ ਸਾਰਥਕਤਾ ਹੈ, ਇਹ ਵੀ ਅੱਜ ਦੀ ਕਿਸਾਨੀ ਲਈ ਇਕ ਪ੍ਰਸ਼ਨ ਚਿੰਨ ਬਣ ਗਿਆ ਹੈ।

## ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ

ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਖੇਤੀ ਸਬੰਧੀ ਬਦਲਦੀ ਪਹੁੰਚ ਅਨੁਸਾਰ ਫਸਲਾਂ, ਸਬਜ਼ੀਆਂ ਅਤੇ ਫਲਾਂ ਦੀ ਪੈਦਾਵਾਰ ਅਤੇ ਖੇਤੀ ਜਿਣਸਾਂ ਦੇ ਸਹੀ ਮੰਡੀਕਰਨ ਬਾਬਤ ਸਬੰਧਤ ਵਿਭਾਗਾਂ ਦੀ ਮਦਦ ਨਾਲ ਪੰਚਾਇਤ ਪੱਧਰ ਤੇ ਜਾਗਰੂਕਤਾ ਕੈਂਪ ਆਯੋਜਤ ਕਰਕੇ ਵਿਚਾਰ ਵਟਾਂਦਰੇ ਨੂੰ ਅੱਗੇ ਤੋਰਨ।

- ਖੇਤੀ ਵਿਭਾਗ ਅਤੇ ਬਾਗਬਾਨੀ ਵਿਭਾਗ ਦੇ ਸੰਪਰਕ ਨਾਲ ਪੰਚਾਇਤਾਂ ਕਿਸਾਨਾਂ ਅਤੇ ਖਾਸ ਕਰ ਕਿਸਾਨ ਬੀਬੀਆਂ ਨੂੰ ਬਹੁਫਸਲੀ ਖੇਤੀ, ਕਿਚਨ ਗਾਰਡਨ, ਜੰਗਲਾਤ, ਬਾਗਬਾਨੀ ਤੇ ਸਬਜ਼ੀਆਂ ਦੀ ਕਾਸ਼ਤ ਅਤੇ ਆਚਾਰ ਤੇ ਮੁਰੱਬਾ ਬਣਾਉਣ ਜਿਹੇ ਕਿੱਤਿਆਂ ਨੂੰ ਉਤਸ਼ਾਹਤ ਕਰਨ ਲਈ ਭੂਮਿਕਾ ਨਿਭਾ ਸਕਦੀਆਂ ਹਨ।
- ਖੇਤੀ ਨਾਲ ਸਬੰਧਤ ਕਿੱਤਿਆਂ ਨੂੰ ਅਪਣਾਉਣ ਖਾਤਰ ਪੰਚਾਇਤ ਐਕਟ ਵਿੱਚ ਦਰਸਾਈ ਉਤਪਾਦਨ ਕਮੇਟੀ ਦਾ ਗਠਨ ਕਰਕੇ ਪੰਚਾਇਤਾਂ ਮੱਖੀ ਪਾਲਣ, ਦੁਧਾਰੂ ਪਸ਼ੂ ਪਾਲਣ, ਖੁੰਬਾਂ ਉਗਾਉਣ, ਮੈਡੀਸਨਲ ਪਲਾਂਟ ਪੈਦਾ ਕਰਨ ਅਤੇ ਸਮਾਜਕ ਜੰਗਲਾਤ ਬਾਰੇ ਸਬੰਧਤ ਵਿਭਾਗਾਂ ਦੀ ਸਰਪ੍ਰਸਤੀ ਹੇਠਾਂ ਲੋੜਵੰਦ ਔਰਤ ਅਤੇ ਮਰਦ ਕਿਸਾਨਾਂ ਨੂੰ ਸਿਖਿਅਤ ਕਰਕੇ ਵਿਕਾਸ ਨਾਲ ਸਬੰਧਤ ਸਰਕਾਰੀ ਪ੍ਰੋਗਰਾਮਾਂ ਦਾ ਫਾਇਦਾ ਉਠਾਉਣ ਵਿੱਚ ਸਹਿਯੋਗੀ ਭੂਮਿਕਾ ਅਦਾ ਕਰ ਸਕਦੀਆਂ ਹਨ।
- ਨਵੀਨ ਤਕਨਾਲੋਜੀ, ਆਧੁਨਿਕ ਮਸ਼ੀਨਰੀ, ਸੁਧਰੇ ਬੀਜਾਂ, ਖਾਦਾਂ ਅਤੇ ਦਵਾਈਆਂ ਦੀ ਸਹੀ ਵਰਤੋਂ, ਸਹਿਕਾਰੀ ਅਤੇ ਵਪਾਰਕ ਬੈਂਕਾਂ ਰਾਹੀਂ ਵਿੱਤੀ ਸਹੂਲਤਾਂ ਦੀ ਪ੍ਰਾਪਤੀ, ਕਿਰਤ ਸ਼ਕਤੀ ਦੀ ਉਚਿਤ ਵਰਤੋਂ, ਸਹਿਕਾਰੀ ਖੇਤੀ ਸੋਸਾਇਟੀਆਂ ਰਾਹੀਂ ਖੇਤੀ ਸੰਦਾਂ ਦੀ ਉਪਲਬਧਤਾ ਸਬੰਧੀ ਖੇਤੀ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਤਾਲਮੇਲ ਨਾਲ ਟ੍ਰੇਨਿੰਗ ਵਰਕਸ਼ਾਪਾਂ ਆਯੋਜਤ ਕਰਕੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਵਾ ਸਕਦੀਆਂ ਹਨ।
- ਸਿੰਚਾਈ ਤਕਨੀਕਾਂ ਨੂੰ ਸੁਧਾਰਨ, ਬਾਗਬਾਨੀ ਨੂੰ ਵਿਕਸਤ ਕਰਨ, ਬੰਜਰ ਜ਼ਮੀਨ ਨੂੰ ਵਿਕਸਤ ਕਰਨ, ਸਮਾਜਕ ਜੰਗਲਾਤ ਨੂੰ ਵਧਾਉਣ ਅਤੇ ਛੋਟੇ ਤੇ ਸੀਮਾਂਤ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਪਜਾਊ ਬਣਾਉਣ ਖਾਤਰ ਪੰਚਾਇਤਾਂ ਨਰੇਗਾ ਜਿਹੇ ਰੋਜ਼ਗਾਰ ਪ੍ਰੋਗਰਾਮ ਨੂੰ ਉਪਰੋਕਤ ਕਾਰਜਾਂ ਨਾਲ ਜੋੜਨ ਦੇ ਉਪਰਾਲੇ ਕਰ ਸਕਦੀਆਂ ਹਨ।
- ਕੇਂਦਰ ਅਤੇ ਰਾਜ ਸਰਕਾਰ ਵੱਲੋਂ ਪ੍ਰਯੋਜਿਤ ਖੇਤੀ ਵਿਕਾਸ ਪ੍ਰੋਗਰਾਮਾਂ ਦੇ ਅੰਤਰਗਤ ਮਿਲਣ ਵਾਲੀਆਂ ਸਬਸਿਡੀਆਂ ਦੀ ਸਹੀ ਵਰਤੋਂ ਦੇ ਸਬੰਧ ਵਿੱਚ ਪੰਚਾਇਤਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ ਕਿਉਂਕਿ ਉਪਰੋਕਤ ਵਿਕਾਸ ਪ੍ਰੋਗਰਾਮਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਕੇ ਹੀ ਖੇਤੀ ਖੇਤਰ ਵਿੱਚ ਲੁਕੀ ਛਿਪੀ ਬੇਰੋਜ਼ਗਾਰੀ ਘਟ ਸਕਦੀ ਹੈ। ਇਸ ਨਾਲ ਖੇਤੀ ਵਿਭਿੰਨਤਾ ਦਾ ਮਾਡਲ ਵੀ ਮਜ਼ਬੂਤ ਹੋਵੇਗਾ। ਇਹ ਯਤਨ ਦਿਹਾਤੀ ਆਰਥਿਕਤਾ ਵਿੱਚ ਵਿਕਾਸ ਦੇ ਰੁਝਾਨ ਨੂੰ ਪ੍ਰਬਲ ਕਰਨ ਲਈ ਸਹਾਈ ਹੋਣਗੇ।
- ਖੇਤੀ ਅਤੇ ਖੇਤੀ ਸਬੰਧਤ ਕਿੱਤਿਆਂ ਵਿੱਚ ਸਥਾਨਕ ਖੇਤ ਮਜ਼ਦੂਰਾਂ ਦੀ ਭਾਗੀਦਾਰੀ ਘਟਣ ਦੇ ਕਾਰਨਾਂ ਨੂੰ ਦੇਖਦਿਆਂ ਪਿੰਡ ਪੱਧਰ ਤੇ ਲੋੜੀਂਦੇ ਗੈਰ ਖੇਤੀ ਕਿੱਤਿਆਂ ਵਿੱਚ ਰੋਜ਼ਗਾਰ ਮੌਕੇ ਉਪਲਬਧ ਕਰਵਾਉਣ ਅਤੇ ਸਰਕਾਰ ਵੱਲੋਂ ਪੰਚਾਇਤਾਂ ਪਿੰਡ ਪੱਧਰ ਤੇ ਕੋਸ਼ਿਸ਼ਾਂ ਕਰ ਸਕਦੀਆਂ ਹਨ।
- ਖੇਤੀ ਖੇਤਰ ਵਿੱਚ ਆ ਰਹੀ ਵਿਭਿੰਨਤਾ ਖਾਸ ਕਰਕੇ ਦੁੱਧ ਉਤਪਾਦਨ ਅਤੇ ਸਹਿਕਾਰੀ ਤੇ ਨਿੱਜੀ ਸੰਸਥਾਵਾਂ ਰਾਹੀਂ ਦੁੱਧ ਦੇ ਮੰਡੀਕਰਨ ਬਾਬਤ ਪੰਚਾਇਤਾਂ ਸਬੰਧਤ ਵਿਭਾਗ ਨਾਲ ਰਲਕੇ ਟ੍ਰੇਨਿੰਗ ਪ੍ਰੋਗਰਾਮ ਆਯੋਜਤ ਕਰ ਸਕਦੀਆਂ ਹਨ। ਇਹੋ ਜਿਹੇ ਟ੍ਰੇਨਿੰਗ ਪ੍ਰੋਗਰਾਮ ਆਯੋਜਤ ਕਰ ਸਕਦੀਆਂ ਹਨ। ਇਹੋ ਜਿਹੇ ਟ੍ਰੇਨਿੰਗ ਪ੍ਰੋਗਰਾਮਾਂ ਵਿੱਚ ਦੁੱਧ ਉਤਪਾਦਨ ਵਿੱਚ ਵਰਤੀਆਂ ਜਾਣ ਵਾਲੀਆਂ ਤਕਨੀਕਾਂ, ਚਾਰੇ ਦੀ ਵਿਵਸਥਾ, ਪਸ਼ੂਆਂ ਦੀ ਸੰਭਾਲ, ਪਸ਼ੂਆਂ ਦਾ ਮੰਡੀਕਰਨ, ਸਰਕਾਰ ਤੋਂ ਪ੍ਰਾਪਤ ਸਬਸਿਡੀਆਂ ਅਤੇ ਬੈਂਕਾਂ ਤੋਂ ਕਰਜ਼ਾ ਪ੍ਰਾਪਤ ਕਰਨ ਦੇ ਢੰਗ ਤਰੀਕਿਆਂ ਬਾਰੇ ਦਿੱਤੀ ਜਾਣਕਾਰੀ ਕਿਸਾਨਾਂ ਲਈ ਵਰਦਾਨ ਸਿੱਧ ਹੋ ਸਕਦੀ ਹੈ।

- ਖੇਤੀ ਨਾਲ ਸਬੰਧਤ ਕਿੱਤਿਆਂ ਵਿੱਚ ਔਰਤਾਂ ਅਤੇ ਬੱਚਿਆਂ ਵੱਲੋਂ ਨਿਭਾਏ ਕਾਰਜਾਂ ਸਦਕਾ ਇਹਨਾਂ ਵਰਗਾਂ ਨੂੰ ਦਰਪੇਸ਼ ਔਕੜਾਂ ਅਤੇ ਉਹਨਾਂ ਦੇ ਹੱਲ ਬਾਰੇ ਜਾਣਕਾਰੀ ਅਤੇ ਚੇਤਨਾ ਪ੍ਰਦਾਨ ਕਰਨਾ ਪੰਚਾਇਤਾਂ ਦੀ ਜ਼ਿੰਮੇਵਾਰੀ ਹੈ। ਨਵੀਆਂ ਪਰਸਥਿਤੀਆਂ ਵਿੱਚ ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਪੰਚਾਇਤਾਂ ਸਬੰਧਤ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਤਾਲਮੇਲ ਨਾਲ ਪਿੰਡ ਪੱਧਰੀ ਵਰਕਸ਼ਾਪਾਂ ਆਯੋਜਤ ਕਰਕੇ ਉਹਨਾਂ ਦੇ ਹੱਕਾਂ ਦੀ ਰਾਖੀ ਦੇ ਨਾਲ ਉਹਨਾਂ ਦੇ ਸ਼ਕਤੀਕਰਨ ਨੂੰ ਉਭਾਰਨ ਵਿੱਚ ਮਦਦਗੀਰ ਭੂਮਿਕਾ ਨਿਭਾ ਸਕਦੀਆਂ ਹਨ।
- ਸਮੁੱਚੇ ਪਰਿਵਾਰ ਦੀ ਕਿਰਤ ਸ਼ਕਤੀ ਨੂੰ ਭਾਈਚਾਰਕ ਯਤਨਾਂ ਰਾਹੀਂ ਖੇਤੀ ਨਾਲ ਸਬੰਧਤ ਛੋਟੇ ਛੋਟੇ ਕਿੱਤਿਆਂ ਜਿਵੇਂ ਖੁੰਭਾਂ ਪੈਦਾ ਕਰਨ, ਮੱਖੀ ਪਾਲਣ ਜਾਂ ਹੋਰ ਕਿੱਤਿਆਂ ਵੱਲ ਉਤਸ਼ਾਹਤ ਕਰਨ ਲਈ ਪੰਚਾਇਤਾਂ ਪਿੰਡ ਪੱਧਰਾ ਤੇ ਗੋਸ਼ਟੀਆਂ ਆਯੋਜਤ ਕਰ ਸਕਦੀਆਂ ਹਨ। ਇਹਨਾਂ ਗੋਸ਼ਟੀਆਂ ਵਿੱਚ ਸਵੈ ਸਹਾਇਤਾ ਸਮੂਹ ਦੇ ਮਹੱਤਵ ਨੂੰ ਵੀ ਉਭਾਰਿਆ ਜਾ ਸਕਦਾ ਹੈ।
- ਖੇਤੀ ਉੱਤੇ ਹੋ ਰਹੇ ਅਣਉਤਪਾਦਕ ਖਰਚਿਆਂ ਨੂੰ ਘਟਾਉਣ, ਗੰਡੋਆ ਖਾਦ ਦੀ ਵਰਤੋਂ, ਆਈ ਪੀ ਐਮ ਤੇ ਆਈ ਐਨ ਐਮ ਤਕਨੀਕਾਂ ਨੂੰ ਅਪਣਾਉਣਾ, ਘੱਟ ਵਾਹੀ ਕਰਕੇ ਵੱਧ ਉਤਪਾਦਨ ਪ੍ਰਾਪਤ ਕਰਨ, ਜ਼ਮੀਨ ਨੂੰ ਪੱਧਰ ਕਰਨ ਲਈ ਲੇਜਰ ਲੈਵਲਰ ਦੀ ਵਰਤੋਂ, ਪਾਣੀ ਦੀ ਸਹੀ ਵਰਤੋਂ ਲਈ ਟੈਸੀਓਮੀਟਰ ਅਪਣਾਉਣ, ਇੱਕੋ ਖੇਤ ਵਿੱਚ ਇੱਕੋ ਸਮੇਂ ਇੱਕ ਤੋਂ ਵੱਧ ਫਸਲਾਂ ਪੈਦਾ ਕਰਨ ਅਤੇ ਰੂੜੀ ਅਤੇ ਹਰੀ ਖਾਦ ਦੀ ਵੱਧ ਤੋਂ ਵੱਧ ਵਰਤੋਂ ਕਰਨ ਜਿਹੇ ਪਹਿਲੂਆਂ ਬਾਰੇ ਪੰਚਾਇਤਾਂ ਸਬੰਧਤ ਵਿਭਾਗਾਂ ਦੇ ਸਹਿਯੋਗ ਨਾਲ ਕਿਸਾਨਾਂ ਦੀ ਮਦਦ ਕਰ ਸਕਦੀਆਂ ਹਨ।
- ਪੰਚਾਇਤਾਂ ਦੀ ਸਭ ਤੋਂ ਮਹੱਤਵਪੂਰਨ ਜ਼ਿੰਮੇਵਾਰੀ ਹੈ ਕਿਸਾਨੀ ਨੂੰ ਨਿਰਾਸ਼ਤਾ ਦੇ ਆਲਮ ਵਿੱਚੋਂ ਬਾਹਰ ਕੱਢਣਾ, ਨਸ਼ੇਖੋਰੀ, ਭਰੂਣ ਹੱਤਿਆ, ਦਾਜ ਅਤੇ ਬੇਲੋੜੇ ਕਰਜ਼ੇ ਦੀਆਂ ਕੁਰਹਿਤਾਂ ਬਾਬਤ ਚੇਤੰਨ ਕਰਨਾ। ਪੰਚਾਇਤਾਂ ਕਿਸਾਨੀ ਨੂੰ ਇਹ ਵੀ ਦੱਸਣ ਕਿ ਇਕ ਮਾਂ ਜਨਮ ਦੇਣ ਵਾਲੀ ਹੁੰਦੀ ਹੈ ਅਤੇ ਦੂਸਰੀ ਰੋਟੀ ਦੇਣ ਵਾਲੀ। ਜ਼ਮੀਨ ਕਿਸਾਨ ਨੂੰ ਰੋਟੀ ਦੇਣ ਵਾਲੀ ਮਾਂ ਹੈ। ਆਓ, ਦੋਵਾਂ ਮਾਵਾਂ ਦੀ ਕਦਰ ਕਰੀਏ। ਇਸ ਤੋਂ ਇਲਾਵਾਂ ਪੰਚਾਇਤਾਂ ਅਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਕਿਸਾਨੀ ਪ੍ਰਤੀ ਗੰਭੀਰ ਹੋਈਏ।

## ਅਧਿਆਇ 11

# ਪੰਚਾਇਤੀ ਰਾਜ ਸੰਸਥਾਵਾਂ ਦਾ ਵਾਤਾਵਰਣ ਦੀ ਸੰਭਾਲ ਵਿੱਚ ਯੋਗਦਾਨ

ਵਾਤਾਵਰਣ ਕਿਸੇ ਸਮੁੱਚੇ ਖੇਤਰ ਜਾਂ ਵਿਸ਼ੇਸ਼ ਖੇਤਰ ਦੀਆਂ ਜਾਨਦਾਰ ਅਤੇ ਬੇਜਾਨ ਵਸਤੂਆਂ ਦੇ ਆਪਸੀ ਰਿਸ਼ਤਿਆਂ ਦਾ ਪ੍ਰਗਟਾਵਾ ਹੈ। ਮਨੁੱਖ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਅਤੇ ਜੀਵਨ ਦੀਆਂ ਮਹੱਤਵਪੂਰਣ ਸਰਗਰਮੀਆਂ ਨੂੰ ਸਹੀ, ਸਮੱਰਥ ਅਤੇ ਤਰਕਮਈ ਸੇਧ ਦੇਣ ਵਿੱਚ ਵਾਤਾਵਰਣ ਦੀ ਅਹਿਮ ਭੂਮਿਕਾ ਹੁੰਦੀ ਹੈ। ਉਪਰੋਕਤ ਵਿਚਾਰਾਂ ਨੂੰ ਦ੍ਰਿਸ਼ਟੀ ਗੋਚਰ ਕਰਦਿਆਂ ਜੂਨ 1972 ਦੌਰਾਨ ਸਵੀਡਨ ਵਿੱਚ ਹੋਈ ਮਨੁੱਖੀ ਵਾਤਾਵਰਣ ਸਬੰਧੀ ਕਾਨਫਰੰਸ ਵੱਲੋਂ ਹਰੇਕ ਸਾਲ 5 ਜੂਨ ਨੂੰ ਸੰਸਾਰ ਵਾਤਾਵਰਣ ਦਿਵਸ ਮਨਾਉਣ ਦਾ ਫੈਸਲਾ ਲੈ ਗਿਆ ਹੈ।

### ਵਾਤਾਵਰਣ ਦੀ ਸਾਂਭ ਸੰਭਾਲ

ਉਨੀਵੀਂ ਸਦੀ ਦੇ ਮੱਧ ਵਿੱਚ ਹੋਏ ਤਕਨੀਕੀ ਵਿਕਾਸ ਅਤੇ ਵੀਹਵੀਂ ਸਦੀ ਵਿੱਚ ਵਿਗਿਆਨ ਤੇ ਉਦਯੋਗ ਦੇ ਖੇਤਰ ਵਿਚਲੀ ਤਰੱਕੀ ਨੇ ਭਾਵੇਂ ਆਰਥਿਕ ਪੱਖੋਂ ਤਾਂ ਵਿਸ਼ਵ ਨੂੰ ਮਜ਼ਬੂਤੀ ਬਖਸ਼ੀ ਹੈ ਪ੍ਰੰਤੂ ਇਸ ਤਰੱਕੀ ਦੇ ਨਾਂਹਪੱਖੀ ਪ੍ਰਭਾਵਾਂ ਨੇ ਵਾਤਾਵਰਣ ਦੇ ਸੰਤੁਲਨ ਨੂੰ ਪ੍ਰਭਾਵਤ ਕੀਤਾ ਹੈ। ਮਨੁੱਖੀ ਜੀਵਨ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਅਸੀਂ ਕੁਦਰਤੀ ਸਾਧਨਾਂ ਦੀ ਅਸਾਵੀਂ ਵਰਤੋਂ ਕਰਕੇ ਕੁਦਰਤੀ ਵਾਤਾਵਰਣ ਨੂੰ ਵਿਗਾੜਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸਿੱਟੇ ਵਜੋਂ ਗੰਭੀਰ ਵਾਤਾਵਰਣਕ ਸਮੱਸਿਆਵਾਂ ਮਨੁੱਖੀ ਜੀਵਨ ਦੀ ਬੇਹਤਰੀ ਵਿੱਚ ਰੋੜਾ ਬਣ ਕੇ ਖੜੋ ਗਈਆਂ ਹਨ। ਅੱਜ ਲੋੜ ਬਣ ਗਈ ਹੈ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਤੇ ਸੰਤੁਲਿਤ ਵਰਤੋਂ ਕੀਤੀ ਜਾਵੇ।

ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਉਹ ਪਰਕ੍ਰਿਆ ਹੈ ਜਿਸ ਰਾਹੀਂ ਕੁਦਰਤੀ ਸੋਮਿਆਂ ਦੀ ਸਹੀ ਵਿਵਸਥਾ ਅਤੇ ਸੁੱਰਖਿਆ ਦਾ ਪ੍ਰਬੰਧ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਮਨੁੱਖ ਨੂੰ ਇਹ ਸੋਮੇ ਜ਼ਰੂਰਤ ਅਨੁਸਾਰ ਉਪਲਬਧ ਹੋ ਸਕਣ। ਇਸ ਲਈ ਅੱਜ ਦੇ ਸਮੇਂ ਦਾ ਮੁੱਖ ਸਵਾਲ ਹੈ ਕਿ ਕੁਦਰਤੀ ਸੋਮਿਆਂ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇ ਅਤੇ ਇਹਨਾਂ ਦੀ ਸੰਭਾਲ ਸਹੀ ਢੰਗ ਨਾਲ ਕਿਵੇਂ ਹੋਵੇ।

ਅੱਜ ਸਾਨੂੰ ਸਹਿਜ ਤੇ ਟਿਕਾਊ ਵਿਕਾਸ ਦੀ ਲੋੜ ਹੈ। ਟਿਕਾਊ ਵਿਕਾਸ ਉਹ ਵਿਕਾਸ ਹੁੰਦਾ ਹੈ ਜਿਹੜਾ ਚਿੰਰਜੀਵੀ ਹੋਵੇ ਅਤੇ ਅਜੋਕੇ ਸਮੇਂ ਦੀਆਂ ਲੋੜਾਂ ਨੂੰ ਵੀ ਧਿਆਨ ਵਿੱਚ ਰੱਖੇ ਅਤੇ ਇਹ ਵਿਕਾਸ ਬਿਨ੍ਹਾਂ ਕਿਸੇ ਨੁਕਸਾਨ ਤੋਂ ਕੀਤਾ ਜਾਵੇ।

ਅੱਜ ਦੇ ਸਮੇਂ ਦੀ ਮੰਗ ਹੈ ਕਿ ਮਨੁੱਖ ਕੁਦਰਤੀ ਸੋਮਿਆਂ ਦੀ ਦੇਖ ਭਾਲ ਕਰੇ ਅਤੇ ਵਾਤਾਵਰਣ ਦੇ ਮੌਲਿਕ ਸਰੂਪ ਨੂੰ ਬਚਾਵੇ। ਚਾਹੀਦਾ ਤਾਂ ਇਹ ਹੈ ਕਿ ਮਨੁੱਖ ਵਿਕਾਸ ਅਤੇ ਸੁਰੱਖਿਆ ਵਿਚਾਲੇ ਇੱਕ ਇਹੋ ਜਿਹੀ ਦੋਸਤੀ ਸਥਾਪਤ ਕਰੇ ਜਿਹੜੀ ਵਾਤਾਵਰਣਕ ਉਥਲ ਪੁਥਲ ਨਾ ਹੋਣ ਦੇਵੇ। ਵਾਤਾਵਰਣ ਦੀ ਸੁਰੱਖਿਆ ਅਤੇ ਸੰਭਾਲ ਦੀ ਲੋੜ ਇਸ ਕਰਕੇ ਵੀ ਹੈ ਕਿ ਇਸ ਧਰਤੀ ਉੱਤੇ ਭਵਿੱਖ ਦਾ ਜੀਵਨ ਬਰਕਰਾਰ ਰਹੇ ਅਤੇ ਮਨੁੱਖੀ ਜੀਵਨ ਲਈ ਲੋੜੀਦੇ ਕੁਦਰਤੀ ਸੋਮਿਆਂ ਨੂੰ ਬਰਬਾਦੀ ਤੋਂ ਬਚਾਇਆ ਜਾ ਸਕੇ। ਇਹ ਸਾਰੀਆਂ ਗੱਲਾਂ ਇੱਕ ਦੂਜੇ ਤੇ ਨਿਰਭਰ ਹਨ। ਆਓ, ਇੱਕਠੇ ਹੋ ਕੇ ਸੋਚੀਏ ਅਤੇ ਵਾਤਾਵਰਣ ਦੀ ਸੰਭਾਲ ਕਰੀਏ।

## ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ

ਹਰੇ ਇਨਕਲਾਬ ਦੀ ਬਦੌਲਤ ਪੰਜਾਬ ਚ ਵੱਡੇ ਪੱਧਰ ਤੇ ਖੁਸ਼ਹਾਲੀ ਦੀ ਵਾਤਾਵਰਣ ਪ੍ਰਫੁੱਲਤ ਹੋਇਆ ਹੈ। ਸਿੰਚਾਈ, ਸੜਕੀ ਆਵਾਜਾਈ, ਬਿਜਲੀ, ਨਿਰਮਾਣ ਕਾਰਜ, ਦੂਰਸੰਚਾਰ ਅਤੇ ਉਪਗ੍ਰਹਿ ਦੀਆਂ ਸਹੂਲਤਾਂ ਨੇ ਇਸ ਸੂਬੇ ਦੇ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਤਕਨੀਕੀ ਤਾਣੇ ਬਾਣੇ ਵਿੱਚ ਵਿਕਾਸਮੁਖੀ ਤਬਦੀਲੀਆਂ ਲਿਆਂਦੀਆਂ ਹਨ। ਪ੍ਰੰਤੂ ਇਹਨਾਂ ਵਿਕਾਸ ਮੁਖੀ ਤਬਦੀਲੀਆਂ ਦੇ ਨਾਲ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਵੀ ਸਾਹਮਣੇ ਆਈਆਂ ਹਨ। ਇਹ ਸਮੱਸਿਆਵਾਂ ਆਰਥਿਕਤਾ, ਮਨੋਵਿਗਿਆਨਕ, ਸਮਾਜਿਕ ਅਤੇ ਨੈਤਿਕ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ। ਵਾਤਾਵਰਣ ਦੀ ਸਮੱਸਿਆ ਪ੍ਰਦੂਸ਼ਣ ਨਾਲ ਜੁੜੀ ਹੋਈ ਹੈ। ਇਸ ਨੇ ਨਾ ਸਿਰਫ ਸ਼ਹਿਰੀ, ਸਗੋਂ ਦਿਹਾਤੀ ਖੇਤਰਾਂ ਨੂੰ ਵੀ ਪ੍ਰਭਾਵਤ ਕੀਤਾ ਹੈ। ਜ਼ਮੀਨ, ਪਾਣੀ, ਹਵਾ, ਖੁਰਾਕੀ ਵਸਤੂਆਂ ਅਤੇ ਸ਼ੋਰ ਸ਼ਰਾਬੇ ਦੀ ਦ੍ਰਿਸ਼ਟੀ ਤੋਂ ਸਾਡਾ ਸਮੁੱਚਾ ਵਾਤਾਵਰਣ ਕਾਫੀ ਹੱਦ ਤੱਕ ਦੂਸ਼ਿਤ ਹੋ ਚੁੱਕਾ ਹੈ। ਜ਼ਮੀਨ ਵਿਚ ਖਾਦਾਂ ਅਤੇ ਕੀਟਨਾਸ਼ਕਾਂ ਦੀ ਲੋੜੋਂ ਵੱਧ ਵਰਤੋਂ ਸਦਕਾ ਧਰਤੀ ਹੇਠਲੇ ਪਾਣੀ ਵਿਚ ਫਾਸਫਰੋਸ, ਨਾਈਟਰੇਟ ਅਤੇ ਹੋਰ ਜ਼ਹਿਰੀਲੇ ਰਸਾਇਣਾਂ ਦੀ ਮਾਤਰਾ ਕਾਫੀ ਹੱਦ ਤੱਕ ਵੱਧ ਗਈ ਹੈ। ਪੀਣ ਵਾਲੇ ਪਾਣੀ ਵਿਚ ਵੀ ਨਾਈਟਰੇਟ ਅਤੇ ਹੋਰ ਜ਼ਹਿਰੀਲੇ ਤੱਤਾਂ ਦੀ ਲੋੜੋਂ ਵੱਧ ਮਿਕਦਾਰ ਮਨੁੱਖੀ ਸਿਹਤ ਨੂੰ ਪ੍ਰਭਾਵਤ ਕਰ ਰਹੀ ਹੈ। ਝੋਨੇ ਦੀ ਪਰਾਲੀ ਅਤੇ ਕਣਕ ਦੇ ਨਾੜ ਨੂੰ ਸਾੜਨ ਸਦਕਾ ਹਵਾ ਦੂਸ਼ਿਤ ਹੋ ਰਹੀ ਹੈ ਜਿਸ ਕਰਕੇ ਸਾਹ ਅਤੇ ਦਮੇ ਜਿਹੀਆਂ ਬਿਮਾਰੀਆਂ ਨੇ ਮਨੁੱਖੀ ਸਿਹਤ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਕਣਕ, ਚੌਲ, ਦਾਲਾਂ, ਸਬਜੀਆਂ, ਫਲਾਂ, ਮੀਟ, ਅੰਡੇ, ਦੁੱਧ ਅਤੇ ਦੁੱਧ ਨਾਲ ਸਬੰਧਿਤ ਵਸਤੂਆਂ ਤੋਂ ਪ੍ਰਾਪਤ ਨਮੂਨੇ ਦੱਸ ਰਹੇ ਹਨ ਕਿ ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਦੀ ਲੋੜੋਂ ਵੱਧ ਵਰਤੋਂ ਸਦਕਾ ਉਪਰੋਕਤ ਖੁਰਾਕੀ ਵਸਤੂਆਂ ਵਿੱਚ ਜ਼ਹਿਰੀਲੇ ਤੱਤਾਂ ਦੀ ਮਿਕਦਾਰ ਹੱਦੋਂ ਜ਼ਿਆਦਾ ਵਧ ਗਈ ਹੈ। ਸਿੱਟੇ ਵਜੋਂ ਇਹ ਖਾਧ ਪਦਾਰਥ ਸਿੱਧੇ ਰੂਪ ਵਿੰਚ ਮਨੁੱਖੀ ਸਿਹਤ ਵਿੱਚ ਵਿਗਾੜ ਪੈਦਾ ਕਰ ਰਹੇ ਹਨ। ਖੇਤੀ ਮਸ਼ੀਨਰੀ ਅਤੇ ਆਵਾਜਾਦੀ ਮਸ਼ੀਨਰੀ ਦੀ ਵੱਡੀ ਭਾਰੀ ਗਿਣਤੀ ਵਾਤਾਵਰਣ ਵਿੱਚ ਸ਼ੋਰ ਸ਼ਰਾਬੇ ਪੱਖੋਂ ਪ੍ਰਦੂਸ਼ਣ ਫੈਲਾ ਰਹੀ ਹੈ। ਇਸ ਤੋਂ ਇਲਾਵਾ ਰਵਾਇਤੀ ਫਸਲੀ ਚੱਕਰ (ਝੋਨਾ ਅਤੇ ਕਣਕ) ਅਪਣਾਉਣ ਕਰਕੇ ਵਾਤਾਵਰਣ ਚ ਵੱਖਰੀ ਕਿਸਮ ਦਾ ਪ੍ਰਦੂਸ਼ਤ ਮਾਹੌਲ ਵਿਕਸਤ ਹੋ ਰਿਹਾ ਹੈ। ਬਹੁ ਫਸਲੀ ਚੱਕਰ ਨਾ ਅਪਣਾਉਣ ਕਰਕੇ ਬਹੁਤ ਸਾਰੇ ਪੌਦਿਆਂ ਅਤੇ ਜਾਨਵਰਾਂ ਦੀਆਂ ਨਸਲਾਂ ਇਸ ਧਰਤੀ ਤੋਂ ਸਦਾ ਲਈ ਖਤਮ ਹੋ ਰਹੀਆਂ ਹਨ, ਇੱਥੋਂ ਤੱਕ ਕਿ ਮਿੱਤਰ ਕੀੜੇ ਵੀ ਜ਼ਹਿਰੀਲੀਆਂ ਦਵਾਈਆਂ ਦੀ ਵਰਤੋਂ ਕਰਕੇ ਖਤਮ ਹੋ ਰਹੇ ਹਨ। ਉਪਰੋਕਤ ਰੁਝਾਨਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੁਣ ਸਾਰਿਆਂ ਤੋਂ ਵੱਡੀ ਜ਼ਿੰਮੇਵਾਰੀ ਪੰਚਾਇਤਾਂ ਦੇ ਸਿਰ ਆ ਪੈਂਦੀ ਹੈ ਕਿ ਉਹ ਇਸ ਪ੍ਰਦੂਸ਼ਤ ਮਾਹੌਲ ਨੂੰ ਸੁਧਾਰਨ ਅਤੇ ਸ਼ੁੱਧ ਵਾਤਾਵਰਣ ਦੀ ਨਵ ਉਸਾਰੀ ਲਈ ਸਮਾਜਿਕ ਪੱਖੋਂ ਬਣਦਾ ਯੋਗਦਾਨ ਪਾਉਣ। ਤਕਨੀਕੀ ਪੱਖੋ ਇਹ ਜ਼ਰੂਰੀ ਹੋਵੇਗਾ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਹਾਇਤਾ ਨਾਲ ਪੰਚਾਇਤਾਂ ਪਿੰਡ, ਸੰਮਤੀ ਅਤੇ ਜ਼ਿਲਾ ਪੱਧਰੀ ਫੋਰਮਾਂ ਤੇ ਹਰ ਕਿਸਮ ਦੇ ਸੰਚਾਰ ਮਾਧਿਅਮਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਗੇ ਆਉਣ। ਪਿੰਡ ਪੱਧਰ ਤੇ ਪੰਚਾਇਤਾਂ ਹੇਠ ਲਿਖੇ ਕਾਰਜ ਨਿਭਾ ਸਕਦੀਆਂ ਹਨ।

- ਖਾਲੀ ਪਈ ਸ਼ਾਮਲਾਟ ਜ਼ਮੀਨ, ਖੇਤਾਂ ਦੇ ਆਲੇ ਦੁਆਲੇ, ਸਕੂਲਾਂ ਅਤੇ ਹੋਰ ਪਿੰਡ ਪੱਧਰੀ ਸੰਸਥਾਵਾਂ ਨਾਲ ਸਬੰਧਤ ਥਾਵਾਂ ਉਤੇ ਨਿੰਮ, ਕਿੱਕਰ, ਟਾਹਲੀ, ਬੇਰੀ, ਪਿੱਪਲ, ਸ਼ਰੀਂਹ, ਬੋਹੜ, ਤੂਤ, ਧਰੇਕ ਜਿਹੇ ਰਵਾਇਤੀ ਰੁੱਖ ਲਾਉਣ ਲਈ ਪੰਚਾਇਤਾਂ ਪਿੰਡ ਵਾਸੀਆਂ ਨੂੰ ਪ੍ਰੇਰਿਤ ਕਰਨ ਕਿਉਂਕਿ ਇਹ ਰੁੱਖ ਵਾਤਾਵਰਣ ਨੂੰ ਸ਼ੁੱਧ ਕਰਦੇ ਹਨ।
- ਕੁਦਰਤੀ ਫੁੱਲ ਬੂਟਿਆਂ ਅਤੇ ਦੇਸੀ ਜਾਨਵਰਾਂ ਦੇ ਰੱਖ ਰਖਾਅ ਲਈ ਪੰਚਾਇਤਾਂ ਗਰਾਮ ਸਭਾ ਨੂੰ ਚੇਤਨ ਕਰਨ।
- ਖੇਤੀ ਦੀ ਵਿਭਿੰਨਤਾ ਵਾਤਾਵਰਣ ਦੇ ਰੱਖ ਰਖਾਅ ਲਈ ਮਦਦਗਾਰ ਸਿੱਧ ਹੋ ਸਕਦੀ ਹੈ। ਪੰਚਾਇਤਾਂ ਕਿਸਾਨਾਂ ਨੂੰ ਅਗੇਤਾ ਝੋਨਾ ਲਾਉਣ ਤੋਂ ਵਰਜਣ ਕਿਉਂਕਿ ਅਗੇਤਾ ਝੋਨਾ ਸਿਰਫ ਪਾਣੀ ਹੀ ਜ਼ਿਆਦਾ ਨਹੀਂ ਮੰਗਦਾ ਸਗੋਂ ਵਾਤਾਵਰਣ

'ਚ ਨਮੀ ਦੀ ਮਿਕਦਾਰ ਵਧਾ ਕੇ ਬਹੁਤ ਸਾਰੇ ਹਾਨੀਕਾਰਕ ਕੀੜੇ ਮਕੌੜਿਆਂ ਨੂੰ ਪਲਣ ਲਈ ਸੁਖਾਵਾਂ ਮਾਹੌਲ ਪੈਦਾ ਕਰਦਾ ਹੈ। ਇਹ ਕੀੜੇ ਫਸਲਾਂ ਅਤੇ ਮਨੁੱਖੀ ਸਰੀਰ ਲਈ ਬੀਮਾਰੀਆਂ ਚ ਵਾਧਾ ਕਰਦੇ ਹਨ।

- ਖੇਤੀਬਾੜੀ ਵਿਭਾਗ ਅਤੇ ਖੇਤੀਬਾੜੀ ਯੂਨੀਵਰਸਿਟੀ ਦੀ ਮੱਦਦ ਨਾਲ ਪੰਚਾਇਤਾਂ ਲੋਕਾਂ ਨੂੰ ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੀ ਵਰਤੋਂ ਸਹੀ ਮਿਕਦਾਰ ਅਤੇ ਸਹੀ ਢੰਗ ਨਾਲ ਕਰਨ ਲਈ ਪਿੰਡ ਪੱਧਰ ਤੇ ਟ੍ਰੇਨਿੰਗ ਕੈਂਪ ਆਯੋਜਤ ਕਰਵਾ ਕੇ ਜਾਗਰਿਤ ਕਰਨ।
- ਵਧ ਰਹੇ ਸ਼ੋਰ ਸ਼ਰਾਬੇ ਨੂੰ ਘੱਟ ਕਰਨ ਲਈ ਬਚਾਉ ਸਾਧਨਾਂ ਵਜੋਂ ਲੋਕਾਂ ਨੂੰ ਲੋੜੀਂਦੇ ਯਤਨਾਂ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਪੰਚਾਇਤਾਂ ਉਪਰਾਲੇ ਕਰਨ। ਖੇਤੀ ਮਸ਼ੀਨਰੀ ਦੀ ਵਰਤੋਂ ਦੌਰਾਨ ਕੰਨਾਂ ਅਤੇ ਮੂੰਹ ਲਈ ਬਚਾਅ ਸਾਧਨਾਂ ਦੀ ਵਰਤੋਂ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।
- ਝੋਨੇ ਦੀ ਪਰਾਲੀ ਅਤੇ ਕਣਕ ਦੇ ਨਾੜ ਦੇ ਸਾੜਨ ਤੋਂ ਪੈਦਾ ਹੋਣ ਵਾਲੇ ਦੂਸ਼ਿਤ ਵਾਤਾਵਰਣ ਪ੍ਰਤੀ ਲੋਕਾਂ ਨੂੰ ਚੇਤੰਨ ਕਰਨਾ ਪੰਚਾਇਤਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ।
- ਧੂੰਆਂ ਰਹਿਤ ਚੁੱਲ੍ਹਿਆਂ ਦੀ ਵਰਤੋਂ ਰਾਹੀਂ ਨਾ ਸਿਰਫ ਬਾਲਣ ਦੀ ਬੱਚਤ ਹੁੰਦੀ ਹੈ ਸਗੋਂ ਦਿਹਾਤੀ ਸੁਆਣੀਆਂ ਬਹੁਤ ਸਾਰੇ ਪ੍ਰਦੂਸ਼ਤ ਰੋਗਾਂ ਤੋਂ ਵੀ ਬਚ ਸਕਦੀਆਂ ਹਨ। ਵਾਤਾਵਰਣ ਦੀ ਸ਼ੁੱਧਤਾ ਲਈ ਔਰਤਾਂ ਨੂੰ ਵੱਡੇ ਪੱਧਰ ਤੇ ਚੇਤੰਨ ਕਰਨ ਦੀ ਜ਼ਰੂਰਤ ਹੈ ਕਿਉਂਕਿ ਧੂੰਏਂ ਕਰਕੇ ਅੱਖਾਂ, ਸਾਹ ਅਤੇ ਇਥੋਂ ਤੀਕ ਕਿ ਟੀ.ਬੀ. ਵਰਗੀਆਂ ਨਾ ਮੁਰਾਦ ਬਿਮਾਰੀਆਂ ਲੱਗਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ।
- ਟੋਭਿਆਂ ਦੀ ਗੰਦਗੀ, ਪਿੰਡ ਦੀਆਂ ਫਿਰਨੀਆਂ ਜਾਂ ਖੁੱਲੇ ਥਾਵਾਂ ਤੇ ਜੰਗਲ ਪਾਣੀ ਜਾਣ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਬਦੌਲਤ ਹੋਣ ਵਾਲੇ ਰੋਗਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਮੀਂਹ ਦੌਰਾਨ ਇੱਕਠੇ ਹੋਏ ਪਾਣੀ ਦੇ ਨਿਕਾਸ ਲਈ ਉਚਿਤ ਪ੍ਰਬੰਧ ਕਰਨ ਲਈ ਪੰਚਾਇਤਾਂ ਗਰਾਮ ਸਭਾ ਦੇ ਮੈਂਬਰਾਂ ਨੂੰ ਸਮੇਂ ਸਮੇਂ ਤੇ ਜਾਗਰੂਕ ਅਤੇ ਸੁਚੇਤ ਕਰਨ ਲਈ ਅੱਗੇ ਆਉਣ ਅਤੇ ਗਰਾਮ ਸਭਾ ਦੇ ਮੈਂਬਰਾਂ ਨੂੰ ਆਪਣੀਆਂ ਕਾਰਜ ਯੋਜਨਾਵਾਂ ਵਿੱਚ ਬਣਦਾ ਸਥਾਨ ਦੇਣ ਲਈ ਯਤਨ ਕਰਨ। ਇਸ ਪੱਖੋਂ ਪਿੰਡ ਪੰਚਾਇਤਾਂ ਲੋੜੀਂਦੇ ਪਖਾਨੇ ਬਣਾ ਕੇ ਵਾਤਾਵਰਣ ਦੀ ਸ਼ੁੱਧਤਾ ਵਿੱਚ ਸਹਾਈ ਸਿੱਧ ਹੋ ਸਕਦੀਆਂ ਹਨ।

ਪੰਚਾਇਤਾਂ 73ਵੀਂ ਸੋਧ ਵਿੱਚ ਦਰਜ ਵਿਸ਼ਿਆਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਖੇਤੀ, ਖੇਤੀ ਸੁਧਾਰ ਅਤੇ ਸਿੰਚਾਈ ਪ੍ਰਬੰਧ ਵਿੱਚ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਨ, ਸਮਾਜਿਕ ਅਤੇ ਨਿੱਜੀ ਜੰਗਲਾਤ ਲਈ ਜਾਗਰੂਕਤਾ ਮੁਹਿੰਮ ਦਾ ਆਰੰਭ ਕਰਨ, ਪੀਣ ਵਾਲੇ ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ, ਬਾਲਣ ਤੇ ਚਾਰੇ ਦੀ ਵਿਵਸਥਾ ਕਰਨ ਅਤੇ ਗਰੀਬੀ ਹਟਾਉਣ ਤੇ ਯਤਨਾਂ ਵੱਜੋਂ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਗੇ ਆਉਣ। ਪੰਚਾਇਤਾਂ ਲਈ ਇਹ ਵੀ ਲਾਜ਼ਮੀ ਹੈ ਕਿ ਉਹ ਆਪਣੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਵਿੱਚ ਵਾਤਾਵਰਣ ਅਤੇ ਪ੍ਰਦੂਸ਼ਣ ਦੇ ਨੁਕਤਿਆਂ ਨੂੰ ਹਰ ਵਕਤ ਪਹਿਲ ਦੇ ਅਧਾਰ ਤੇ ਖਿਆਲ 'ਚ ਰੱਖਣ।

# ਅਧਿਆਇ 12

# ਪੰਚਾਇਤੀ ਰਾਜ ਸੰਸਥਾਵਾਂ ਦਾ ਪਾਣੀ ਦੀ ਸੰਭਾਲ ਵਿੱਚ ਯੋਗਦਾਨ

ਕਣਕ ਝੋਨੇ ਦੇ ਰਵਾਇਤੀ ਫਸਲੀ ਚੱਕਰ ਦੀ ਬਦੌਲਤ ਪੰਜਾਬ ਨੂੰ ਵਿਭਿੰਨ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਪੰਜਾਬ ਦੇ ਝੋਨਾ ਉਤਪਾਦਨ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ ਅਤੇ ਮੋਗਾ ਆਦਿ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ।ਅਸੀਂ ਅਕਸਰ ਹੀ ਸੁਣਦੇ ਹਾਂ ਕਿ ਪਰਿਵਾਰਕ ਪੱਧਰ ਤੇ ਲਏ ਗਏ ਰੋਜ਼ਾਨਾ ਦੇ ਫੈਸਲੇ ਬੱਚੇ ਦੇ ਜੀਵਨ ਦੀ ਸੰਭਵਤਾ, ਸੁੱਰਖਿਆ, ਵਿਕਾਸ ਅਤੇ ਚਿੰਰਜੀਵਤਾ ਉੱਤੇ ਭਰਵਾਂ ਪ੍ਰਭਾਵ ਪਾਉਂਦੇ ਹਨ ਅਤੇ ਬੱਚੇ ਦੇ ਸਰਬਪੱਖੀ ਵਿਕਾਸ ਅਤੇ ਮਾਨਵੀ ਸਮਰੱਥਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਲੇ ਸੂਚਕਾਂ ਨੂੰ ਬਿਹਤਰ ਸਿੱਖਿਆ, ਸਮਾਜਿਕ ਜਾਗਰੂਕਤਾ, ਟ੍ਰੇਨਿੰਗ ਅਤੇ ਭਾਈਚਾਰਕ ਸਾਂਝ ਤੇ ਸ਼ਮੂਲੀਅਤ ਰਾਹੀਂ ਬਲ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਸਾਰਕ ਮੁਲਕਾਂ ਦੇ ਇਕੱਠ ਵੱਲੋਂ 1999 ਦੌਰਾਨ ਕਲੰਬੋ ਮਤੇ ਰਾਹੀਂ ਦਰਸਾਇਆ ਗਿਆ ਹੈ ਕਿ ਔਰਤਾਂ ਅਤੇ ਬੱਚਿਆਂ ਨੂੰ ਬਹੁਤ ਸਾਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿਹਤ ਪੱਖੋ ਔਰਤਾਂ ਅਤੇ ਬੱਚਿਆਂ ਨੂੰ ਬਹੁਤ ਸਾਰੀਆਂ ਲਾਇਲਾਜ ਬਿਮਾਰੀਆਂ ਨੇ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ। ਜਿਸ ਕੁਰਹਿਤ ਨੇ ਔਰਤ ਨੂੰ ਸਭ ਤੋਂ ਜ਼ਿਆਦਾ ਪ੍ਰਭਾਵ ਕੀਤਾ ਹੈ ਉਹ ਹੈ ਮਾਂ ਦੇ ਗਰਭ ਵਿੱਚ ਅਣਜੰਮੀ ਬੱਚੀ ਵਜੋਂ ਪਲ ਰਹੀ ਭਵਿੱਖ ਦੀ ਔਰਤ ਨੂੰ ਗਰਭਪਾਤ ਰਾਹੀਂ ਖਤਮ ਕਰਨਾ। ਉਦਾਰੀਕ੍ਰਿਤ ਸੰਸਾਰ ਦੀਆਂ ਆਧੁਨਿਕ ਤਕਨੀਕਾਂ ਦੇ ਅੰਤਰਗਤ ਲਿੰਗ ਟੈਸਟ ਤੋਂ ਬਾਅਦ ਮਾਂ ਦੇ ਗਰਭ ਵਿੱਚ ਪਲ ਰਹੀ ਬੱਚੀ ਦਾ ਗਰਭਪਾਤ ਬਹੁਤ ਹੀ ਵੱਡੇ ਪੱਧਰ ਉਤੇ ਕੀਤਾ ਜਾ ਰਿਹਾ ਹੈ। ਧੀ ਦੀ ਬਜਾਏ ਪੁੱਤਰ ਪ੍ਰਾਪਤੀ ਦੀ ਝਾਕ ਲਈ ਅਕਸਰ ਹੀ ਮਾਂ ਦੇ ਗਰਭ ਵਿਚ ਪਲ ਰਹੀ ਬੱਚੀ ਦਾ ਲਿੰਗ ਟੈਸਟ ਕਰਵਾਉਣ ਤੋਂ ਬਾਅਦ ਗਰਭਪਾਤ ਕਰ ਦਿੱਤੇ ਜਾਣ ਦਾ ਰੁਝਾਨ ਆਮ ਦੇਖਿਆ ਜਾ ਸਕਦਾ ਹੈ।

ਦੱਖਣ ਏਸ਼ਿਆਈ ਖਿੱਤੇ ਦੇ ਸਭ ਤੋਂ ਵੱਡੇ ਮੁਲਕ ਭਾਰਤ ਦੇ ਛੋਟੇ ਜਿਹੇ ਸੂਬੇ ਪੰਜਾਬ ਦਾ ਜ਼ਿਕਰ ਕਰਦਿਆਂ ਰੌਂਗਟੇਂ ਖੜੇ ਹੋ ਜਾਂਦੇ ਹਨ। ਇਸ ਰਾਜ ਵਿੱਚ ਔਰਤ ਦੇ ਸਤਿਕਾਰ ਦਾ ਸਭ ਤੋਂ ਵੱਧ ਘਾਣ ਹੋਇਆ ਹੈ। ਭਾਰਤ ਦੇ ਕਰੀਬ ਸਾਢੇ ਬੱਤੀ ਲੱਖ ਵਰਗ ਕਿਲੋਮੀਟਰ ਦੇ ਰਕਬੇ ਵਿੱਚ ਪੰਜਾਬ ਦਾ ਖੇਤਰਫਲ ਸਿਰਫ ਪੰਜਾਹ ਕੁ ਹਜ਼ਾਰ ਵਰਗ ਕਿਲੋਮੀਟਰ ਹੈ। ਪੰਜਾਬ ਪ੍ਰਾਂਤ ਦੀ ਅਬਾਦੀ 2001 ਦੇ ਅੰਕੜਿਆਂ ਮੁਤਾਬਿਕ ਕਰੀਬ ਦੋ ਕਰੋੜ ਤਰਤਾਲੀ ਲੱਖ ਸੀ। 2001 ਦੀ ਜਨਗਣਨਾ ਅਨੁਸਾਰ ਪਿੰਡਾਂ ਵਿੱਚ ਵਸਣ ਵਾਲਿਆਂ ਦੀ ਗਿਣਤੀ 66 ਪ੍ਰਤੀਸ਼ਤ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੀਆਂ ਦੀ ਤਦਾਦ 34 ਪ੍ਰਤੀਸ਼ਤ ਸੀ। ਇਥੋਂ ਤਕ ਕਿ ਸ਼ਹਿਰੀ ਅਬਾਦੀ ਵੀ ਕੁਝ ਕੁ ਸ਼ਹਿਰਾਂ ਵਿੱਚ ਸੀਮਤ ਹੁੰਦੀ ਜਾ ਰਹੀ ਹੈ। ਪੰਜਾਬ ਦੀ ਕੁਲ ਸ਼ਹਿਰੀ ਅਬਾਦੀ ਦਾ 46 ਪ੍ਰਤੀਸ਼ਤ ਤਿੰਨ ਜ਼ਿਲਿਆਂ ਭਾਵ ਲੁਧਿਆਣਾ (20.51), ਅੰਮ੍ਰਿਤਸਰ (14.91) ਅਤੇ ਜਲੰਧਰ (11.24) ਵਿੱਚ ਹੀ ਵਸ ਰਿਹਾ ਹੈ ਜਿਸ ਦੀ ਬਦੌਲਤ ਇਨ੍ਹਾਂ ਜ਼ਿਲ੍ਹਿਆਂ ਦੀ ਸ਼ਹਿਰੀ ਅਬਾਦੀ ਵਿੱਚ ਜੀਵਨ ਦੀ ਗੁਣਵੱਤਾ ਪੱਖੋਂ ਕਾਫੀ ਭਿੰਨਤਾਵਾਂ ਸਾਹਮਣੇ ਆ ਰਹੀਆਂ ਹਨ। ਇਕ ਪਾਸੇ ਸ਼ਹਿਰੀ ਅਮੀਰੀ ਦਾ ਪ੍ਰਗਟਾਵਾ ਹੋ ਰਿਹਾ ਹੈ ਅਤੇ ਦੂਸਰੇ ਪਾਸੇ ਝੁੱਗੀਆਂ ਝੌਂਪੜੀਆਂ ਦਾ ਬੇਤਹਾਸ਼ਾ ਪਾਸਾਰ ਹੋ ਰਿਹਾ ਹੈ। ਇੱਥੇ ਔਰਤ ਦੇ ਸਤਿਕਾਰ ਨੂੰ ਸਭ ਤੋਂ ਜ਼ਿਆਦਾ ਠੇਸ ਪਹੁੰਚੀ ਹੈ।

ਉਦਾਰਵਾਦੀ ਪਹੁੰਚ ਨੂੰ ਅਪਣਾਉਣ ਤੋਂ ਬਾਅਦ ਔਰਤ ਪ੍ਰਤੀ ਅਪਣਾਈ ਸਮਾਜਕ ਅਤੇ ਸਭਿਆਚਾਰਕ ਦ੍ਰਿਸ਼ਟੀ ਪੱਖੋਂ ਅਪਣਾਈ ਪਰਕ੍ਰਿਆ ਦਾ ਔਰਤ ਤੇ ਪੈ ਰਿਹਾ ਪ੍ਰਭਾਵ ਸਿੱਧੇ ਤੌਰ ਤੇ ਉਜਾਗਰ ਹੋ ਰਿਹਾ ਹੈ। ਇਕ ਵਿਰੋਧਾਭਾਸੀ ਨਜ਼ਰੀਆ ਉਭਰਦਾ ਨਜ਼ਰ ਆ ਰਿਹਾ ਹੈ। ਪੰਜਾਬ ਸਬੰਧੀ ਅੰਕੜਾਸਾਰ ਦਰਸਾਉਂਦਾ ਹੈ ਕਿ ਇਨ੍ਹਾਂ ਦਹਾਕਿਆਂ ਦੌਰਾਨ

ਔਰਤਾਂ ਵਿੱਚ ਪੜ੍ਹਾਈ ਦੀ ਦਰ ਵੀ ਵਧੀ ਹੈ, ਸ਼ਹਿਰੀਕਰਨ ਵੀ ਹੋਇਆਹੈ, ਔਰਤ ਅਤੇ ਬੱਚੇ (ਖਾਸ ਕਰਕੇ ਬਾਲੜੀ) ਦੀ ਸਿਹਤ ਵਿੱਚ ਮੁਕਾਬਲਤਨ ਸੁਧਾਰ ਵੀ ਹੋਇਆ ਹੈ, ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿੱਚ ਔਰਤਾਂ ਵਿਕਾਸਮੁਖੀ ਕਾਰਜ ਪਰਕ੍ਰਿਆਵਾਂ ਵਿੱਚ ਮੋਢੀ ਭੂਮਿਕਾ ਵੀ ਨਿਭਾ ਰਹੀਆਂ ਹਨ। ਸਥਾਨਕ ਸ਼ਹਿਰੀ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਨੂੰ ਪ੍ਰਧਾਨਾਂ/ ਸਰਪੰਚਾਂ ਵਜ਼ੋਂ ਭਰਵੀਂ ਨੁਮਾਇੰਦਗੀ ਵੀ ਹਾਸਲ ਹੋਈ ਹੈ। ਸਿੱਖਿਆ ਦੇ ਖੇਤਰ ਵਿਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਕਾਰਗੁਜ਼ਾਰੀ ਬਹੁਤ ਹੀ ਜ਼ਿਆਦਾ ਪ੍ਰਭਾਵਸ਼ਾਲੀ ਹੈ। ਪਰਿਵਾਰ ਤੇ ਭਾਈਚਾਰਾ ਰੂਪੀ ਸਮਾਜਕ ਸੰਸਥਾਵਾਂ ਵਿੱਚ ਔਰਤਾਂ ਫੈਸਲਾਕੁਨ ਭੂਮਿਕਾ ਨਿਭਾਉਣ ਦੇ ਸਮੱਰਥ ਵੀ ਹੋ ਰਹੀਆਂ ਹਨ ਪ੍ਰੰਤੂ ਉਪਰੋਕਤ ਹਾਂਪੱਖੀ ਰੁਝਾਨਾਂ ਦੇ ਬਾਵਜੂਦ ਔਰਤਾਂ ਨਾਲ ਛੇੜ ਛਾੜ, ਮਖੌਲਬਾਜ਼ੀ, ਅਗਵਾਕਾਰੀ ਅਤੇ ਬਲਾਤਕਾਰੀ ਦੀਆਂ ਗੈਰ ਇਨਸਾਨੀ ਪ੍ਰਵਿਰਤੀਆਂ ਵਿੱਚ ਵੀ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਖਪਤ ਸੱਭਿਆਚਾਰ ਦੀਆਂ ਪ੍ਰਵਿਰਤੀਆਂ ਨੇ ਔਰਤ ਨੂੰ ਮੰਡੀ ਦੀ ਵਸਤੂ ਬਣਾ ਕੇ ਰੱਖ ਦਿੱਤਾ ਹੈ। ਔਰਤ ਨੂੰ ਇਨਸਾਨ ਨਾਲੋਂ ਜ਼ਿਆਦਾ ਕਿਸੇ ਭੋਗਣ ਵਾਲੀ ਵਸਤੂ ਦੇ ਰੂਪ ਵਿਚ ਦੇਖਿਆ ਜਾਣ ਲੱਗਾ ਹੈ। ਅਜੋਕੀ ਮੰਡੀ ਵਿਵਸਥਾ ਨੇ ਦੁਕਾਨਾਂ, ਪਬਲਿਕ ਕਾਲ ਬੂਥਾਂ, ਸੇਲਜ ਕੰਪਨੀਆਂ, ਗੈਰ ਸਰਕਾਰੀ ਵਪਾਰਕ ਅਦਾਰਿਆਂ ਇਥੋਂ ਤੱਕ ਕਿ ਸਿੱਖਿਆ ਅਦਾਰਿਆਂ ਵਿੱਚ ਵੀ ਔਰਤ ਦੀ ਸੀਰਤ (ਸਿਆਣਪ) ਨਾਲੋਂ ਸੂਰਤ ਦਾ ਮੁੱਲ ਪਾਉਣ ਨੂੰ ਉਤਸ਼ਾਹਤ ਕੀਤਾ ਹੈ ਤਾਂ ਕਿ ਖਪਤ ਸੱਭਿਆਚਾਰ ਦੇ ਵਪਾਰ ਨੂੰ ਹੁਲਾਰਾ ਦੇਣ ਖਾਤਰ ਔਰਤ ਨੂੰ ਵਸਤੂ ਦੇ ਰੂਪ ਵਿੱਚ ਵਰਤਿਆ ਜਾ ਸਕੇ। ਪੰਜਾਬ ਦੀ 2001 ਦੀ ਜਨਗਣਨਾ ਦੇ ਅੰਕੜੇ ਔਰਤ ਪ੍ਰਤੀ ਸਾਡੇ ਨਜ਼ਰੀਏ ਨੂੰ ਝੂਠਾ ਹੀ ਸਾਬਤ ਨਹੀਂ ਕਰਦੇ ਸਗੋਂ ਸਾਨੂੰ ਮਾਂ ਦੇ ਗਰਭ ਵਿੱਚ ਪਲ ਰਹੀ ਬੱਚੀ ਦੇ ਗਰਭਪਾਤ ਕਰਾਉਣ ਦਾ ਦੋਸ਼ੀ ਵੀ ਸਿੱਧ ਕਰ ਰਹੇ ਹਨ। 1991 ਦੀ ਜਨਗਣਨਾ ਦੌਰਾਨ 0-6 ਸਾਲ ਦੀ ਉਮਰ ਦੇ ਕੁੱਲ ਬੱਚਿਆਂ ਵਿੱਚ ਇੱਕ ਹਜ਼ਾਰ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ 875 ਸੀ, ਭਾਵ ਲੜਕਿਆਂ ਅਤੇ ਲੜਕੀਆਂ ਦੀ ਗਿਣਤੀ ਵਿੱਚ 125 ਲੜਕੀਆਂ ਘੱਟ ਸਨ। ਇਸ ਦਾ ਮਤਲਬ ਹੈ ਕਿ ਕਰੀਬ ਵੀਹ ਸਾਲ ਪਹਿਲਾਂ ਵੀ ਅਸੀਂ ਲੜਕੇ ਅਤੇ ਲੜਕੀ ਵਿਚਕਾਰ ਸਮਾਜਕ ਤੌਰ ਤੇ ਦਵੈਤ ਭਾਵਨਾ ਦੇ ਸ਼ਿਕਾਰ ਸਾਂ ਅਤੇ ਬੱਚੀਆਂ ਨੂੰ ਘ੍ਰਿਣਾ ਦੇ ਨਜ਼ਰੀਏ ਤੋਂ ਵੇਖਦੇ ਸਾਂ। ਇਸ ਕਰਕੇ ਜਨਮ ਸਮੇਂ ਅਤੇ ਉਸ ਤੋਂ ਬਾਅਦ ਦੇ ਛੇ ਸਾਲਾਂ ਤੱਕ ਬੱਚੀ ਦੀ ਸਿਹਤ ਪ੍ਰਤੀ ਲੋੜੀਂਦਾ ਧਿਆਨ ਦੇਣ ਤੋਂ ਹਮੇਸ਼ਾ ਮੁਨਕਰ ਰਹੇ ਹਾਂ। ਹੋਰ ਵੀ ਚਿੰਤਾ ਵਾਲੀ ਗੱਲ ਹੈ ਕਿ ਅਸੀਂ ਬੱਚੀ ਪ੍ਰਤੀ ਆਪਣਾ ਨਜ਼ਰੀਆ ਨਹੀਂ ਬਦਲਿਆ। ਭਾਵੇਂ ਅਸੀਂ ਬੱਚੀ ਦੀ ਤੰਦਰੁਸਤ ਸਿਹਤ ਲਈ ਬਹੁਤ ਸਾਰੇ ਉਪਰਾਲੇ ਵੀ ਅਰੰਭੇ ਹਨ ਅਤੇ ਉਪਰੋਕਤ ਵਿਚਾਰਾਂ ਨਾਲ ਸਹਿਮਤੀ ਵੀ ਪ੍ਰਗਟਾਈ ਹੈ ਅਤੇ ਲੋੜੀਂਦੇ ਯਤਨ ਕਰਨ ਦਾ ਭਰੋਸਾ ਵੀ ਦਿੱਤਾ ਹੈ। ਔਰਤਾਂ ਅਤੇ ਬੱਚਿਆਂ ਦੀ ਬਿਹਤਰੀ ਲਈ ਹਰ ਸਾਲ ਔਰਤਾਂ ਅਤੇ ਬੱਚਿਆਂ ਲਈ ਖਾਸ ਦਿਨ ਮਨਾਉਣੇ ਵੀ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਦਿਨਾਂ ਦੌਰਾਨ ਸਮੁੱਚੀ ਦੁਨੀਆਂ ਦੇ ਵਸਨੀਕ ਔਰਤਾਂ ਅਤੇ ਬੱਚਿਆਂ ਦੇ ਬਿਹਤਰ ਜੀਵਨ ਦੀ ਕਾਮਨਾ ਕਰਦੇ ਹਨ। ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਦੇ ਸੁਧਾਰ ਲਈ ਭੌਤਿਕ, ਸਮਾਜਕ, ਮਾਨਸਿਕ ਅਤੇ ਸੱਭਿਆਚਾਰਕ ਪਹਿਲੂਆਂ ਨੂੰ ਪ੍ਰਸਾਰਤ ਕਰਦੇ ਪ੍ਰੋਗਰਾਮ ਵੀ ਉਲੀਕਦੇ ਹਨ। ਸੰਚਾਰ ਦੇ ਵਿਭਿੰਨ ਮਧਿਅਮਾਂ ਰਾਹੀਂ ਇਨ੍ਹਾਂ ਕੋਸ਼ਿਸ਼ਾਂ ਦੀ ਵਿਸਥਾਰਤ ਚਰਚਾ ਵੀ ਕਰਦੇ ਹਨ। ਟੈਲੀਵਿਜ਼ਨ, ਅਖਬਾਰਾਂ, ਰੇਡੀਓ ਜਾਂ ਆਧੁਨਿਕ ਸੰਚਾਰ ਮਾਧਿਅਮਾਂ ਰਾਹੀਂ ਜੱਚਾ ਤੇ ਬੱਚਾ ਦੀ ਸਿਹਤ ਨਾਲ ਸਬੰਧਤ ਪ੍ਰੋਗਰਾਮਾਂ ਜਾਂ ਫਿਰ ਔਰਤਾਂ ਨੂੰ ਰੁਜ਼ਗਾਰ ਦੇਣ ਦੇ ਯਤਨਾਂ ਦਾ ਜ਼ਿਕਰ ਤੇ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ।

ਔਰਤ ਪ੍ਰਤੀ ਅਪਣਾਈ ਇਸ ਮਾਨਵਵਾਦੀ ਪਹੁੰਚ ਦਾ ਅਸਰ ਸਪਸ਼ਟਤਾ ਨਾਲ ਉਜਾਗਰ ਵੀ ਹੋਇਆ ਹੈ ਜਾਂ ਨਹੀਂ? ਪੰਜਾਬ ਦੇ ਸੰਦਰਭ ਵਿਚ ਇਸ ਨੂੰ ਵਾਚਣ ਦੀ ਸਖਤ ਜ਼ਰੂਰਤ ਹੈ। ਪੰਜਾਬ ਦੀ ਜਨਗਣਨਾ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ (1981-91) ਦੇ ਦਹਾਕੇ ਨਾਲੋਂ (1991-2001) ਦੇ ਦਹਾਕੇ ਦੌਰਾਨ ਸਮੁੱਚੇ ਭਾਰਤ ਦੇ ਮੁਕਾਬਲੇ ਪੰਜਾਬ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘਟੀ ਹੈ। ਪਹਿਲੇ ਦਹਾਕੇ (1981-91) ਦੌਰਾਨ ਭਾਰਤ ਵਿੱਚ ਇਕ ਹਜ਼ਾਰ ਮਰਦਾਂ ਦੇ ਪਿਛੇ 927 ਔਰਤਾਂ ਸਨ ਅਤੇ ਪੰਜਾਬ ਵਿੱਚ ਇਹ ਤਾਦਾਦ

ਇੱਕ ਹਜ਼ਾਰ ਪਿਛੇ 922 ਸੀ। ਦੂਸਰੇ ਦਹਾਕੇ (1991-2001) ਦੌਰਾਨ ਭਾਰਤ ਵਿੱਚ ਔਰਤਾਂ ਦੀ ਗਿਣਤੀ ਵਧ ਕੇ 933 ਹੋਈ ਹੈ ਪ੍ਰੰਤੂ ਪੰਜਾਬ ਵਿੱਚ ਇਹ ਘਟ ਕੇ 874 ਰਹਿ ਗਈ ਹੈ। ਭਾਰਤ ਦੇ ਉਤਰ ਪੱਛਮੀ ਰਾਜਾਂ ਯਾਨਿ ਪੰਜਾਬ, ਹਰਿਆਣਾ, ਗੁਜਰਾਤ, ਦਿੱਲੀ, ਚੰਡੀਗੜ੍ਹ ਆਦਿ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਘਟੀ ਹੈ। ਦੂਸਰੇ ਪਾਸੇ ਕੇਰਲਾ ਪ੍ਰਾਂਤ ਵਿੱਚ ਇਸ ਦਹਾਕੇ ਦੌਰਾਨ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ 1058 ਹੈ ਜਿਹੜੀ ਕਿ ਪਹਿਲੇ ਦਹਾਕੇ ਦੇ ਆਲੇ ਦੁਆਲੇ ਹੀ ਰਹੀ ਹੈ। ਭਾਵੇਂ ਭਾਰਤ ਦੀ 2001 ਦੀ 103 ਕਰੋੜ ਦੀ ਅਬਾਦੀ ਵਿੱਚ ਪੰਜਾਬ ਦੀ ਅਬਾਦੀ ਦਾ ਪ੍ਰਤੀਸ਼ਤ ਸਿਰਫ 2.3 ਬਣਦਾ ਹੈ, ਪ੍ਰੰਤੂ ਇਹ ਫਿਕਰ ਵਾਲੀ ਗੱਲ ਹੈ ਕਿ ਪੰਜਾਬ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਸੰਖਿਆ ਨਿਰੰਤਰ ਘਟਦੀ ਹੀ ਜਾ ਰਹੀ ਹੈ। ਜਨਗਣਨਾ ਦੇ ਅੰਕੜਿਆਂ ਨੂੰ ਵਿਸ਼ਲੇਸ਼ਤ ਕਰਦਿਆਂ ਅਸੀਂ ਕਈ ਸੂਚਕਾਂ ਦੇ ਹਵਾਲੇ ਦੇ ਕੇ ਇਸ ਗੱਲੋਂ ਖੁਸ਼ ਹੋ ਜਾਂਦੇ ਹਾਂ ਕਿ ਸ਼ਹਿਰੀਕਰਨ ਦੀ ਗਤੀ ਤੇਜ਼ ਹੋਈ ਹੈ। ਸਾਖਰਤਾ ਦੀ ਦਰ (ਖਾਸ ਕਰ ਔਰਤਾਂ ਵਿਚ) ਵਿੱਚ ਸੁਧਾਰ ਹੋਇਆ ਹੈ, ਸਿਹਤ ਸੂਚਕਾਂ ਵਿੱਚ ਗੁਣਾਤਮਕ ਤਬਦੀਲੀ ਆਈ ਹੈ ਅਤੇ ਸਥਾਨਕ ਸਵੈ ਸਰਕਾਰਾਂ ਭਾਵ ਸਥਾਨਕ ਸ਼ਹਿਰੀ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਨੂੰ ਮਿਲੇ ਰਾਖਵਾਂਕਰਨ ਸਦਕਾ ਪੰਜਾਬ ਰਾਜ ਵਿੱਚ ਔਰਤਾਂ ਦੇ ਸਤਿਕਾਰ ਵਿੱਚ ਵਾਧਾ ਵੀ ਹੋਇਆਹੈ। ਅੰਕੜਾਸਾਰ ਵੇਖਦਿਆਂ ਉਪਰੋਕਤ ਕਥਨ ਦੀ ਪ੍ਰੋੜਤਾ ਹੁੰਦੀ ਵੀ ਪ੍ਰਤੀਤ ਹੁੰਦੀ ਹੈ। ਪੰਜਾਬ ਦੇ ਛੋਟੇ ਵੱਡੇ ਸ਼ਹਿਰਾਂ ਵਿਚਲੀਆਂ ਕਾਰਪੋਰੇਸ਼ਨਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਅਤੇ ਪੰਚਾਇਤਾਂ ਰਾਹੀਂ ਔਰਤਾਂ ਨੂੰ ਕ੍ਰਮਵਾਰ ਸ਼ਹਿਰੀ ਪ੍ਰਧਾਨਾਂ ਅਤੇ ਪੰਚਾਇਤਾਂ ਦੇ ਸਰਪੰਚਾਂ ਦੇ ਰੂਪ ਵਿਚ ਇਕ ਤਿਹਾਈ ਦੀ ਪ੍ਰਤੀਨਿਧਤਾ ਰਸਮੀ ਤੌਰ ਤੇ ਮਿਲੀ ਹੋਈ ਹੈ। ਔਰਤਾਂ ਵਿੰਚ ਸਾਖਰਤਾ ਦੀ ਦਰ 1991 ਦੇ 51 ਪ੍ਰਤੀਸ਼ਤ ਦੇ ਮੁਕਾਬਲੇ 2001 ਵਿੱਚ 64 ਪ੍ਰਤੀਸ਼ਤ ਹੋ ਗਈ ਹੈ। ਦਿਹਾਤੀ ਖੇਤਰਾਂ ਵਿੱਚ ਵੀ ਔਰਤਾਂ ਦੀ ਸਾਖਰਤਾ ਦਰ 1991 ਦੇ 44 ਪ੍ਰਤੀਸ਼ਤ ਦੇ ਮੁਕਾਬਲੇ 2001 ਵਿੱਚ 58 ਪ੍ਰਤੀਸ਼ਤ ਹੋ ਗਈ ਹੈ। ਸ਼ਿਸ਼ੂ ਮੌਤ ਦਰ ਅਤੇ ਬੱਚਾ ਮੌਤ ਦਰ ਵਿੱਚ ਵੀ ਕਾਫੀ ਕਮੀ ਆਈ ਹੈ। ਗਰਭ ਦੌਰਾਨ ਜਾਂ ਫਿਰ ਜਣੇਪੇ ਦੌਰਾਨ ਮਾਵਾਂ ਦੀ ਮੌਤ ਦਰ ਵੀ ਘਟੀ ਹੈ। ਬਾਲੜੀਆਂ ਦੀ ਮੌਤ ਦਰ ਵਿੱਚ ਕਾਫੀ ਸੁਧਾਰ ਹੋਇਆ ਹੈ।

ਉਪਰੋਕਤ ਅੰਕੜਾਸਾਰ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਜਾਪਦਾ ਹੈ ਕਿ ਲੋਕ ਪ੍ਰਤੀਨਿਧ ਸੰਸਥਾਵਾਂ ਵਿੱਚ ਔਰਤਾਂ ਫੈਸਲਾਕੁੰਨ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਗਈਆਂ ਹਨ। ਸੂਚਨਾ ਤਕਨਾਲੋਜੀ, ਮੈਡੀਕਲ ਅਤੇ ਇੰਜੀਨੀਅਰਿੰਗ ਦੇ ਖੇਤਰਾਂ ਵਿੱਚ ਔਰਤਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਹੈ, ਰਾਜਨੀਤੀ, ਪ੍ਰਸ਼ਾਸ਼ਨ, ਫੌਜ, ਪੁਲੀਸ ਜਿਹੀਆਂ ਸੇਵਾਵਾਂ ਦੇ ਖੇਤਰਾਂ ਵਿੱਚ ਔਰਤਾਂ ਦੀ ਦਿਲਚਸਪੀ ਅਤੇ ਭਾਗੀਦਾਰੀ ਵਧੀ ਹੈ ਅਤੇ ਹੋਰ ਕਿੰਨੇ ਹੀ ਖੇਤਰਾਂ ਵਿੱਚ ਔਰਤਾਂ ਅੱਗੇ ਆਈਆਂ ਹਨ। ਪਰ ਇਸ ਸਭ ਕੁੱਝ ਦੇ ਬਾਵਜੂਦ ਸਮੁੱਚੇ ਭਾਰਤ ਵਿੱਚ ਆਮ ਕਰਕੇ ਅਤੇ ਪੰਜਾਬ ਵਿੱਚ ਖਾਸ ਕਰਕੇ ਔਰਤ ਦੇ ਸਤਿਕਾਰ ਨੂੰ ਮਾਂ ਦੇ ਗਰਭ ਵਿੱਚ ਪਲ ਰਹੀ ਬੱਚੀ, ਬਾਲੜੀ ਤੇ ਅਲੜ ਧੀ, ਗ੍ਰਹਿਸਥੀ ਜੀਵਨ ਵਿੱਚ ਬੱਚਿਆਂ ਨੂੰ ਜਨਮ ਦੇ ਰਹੀ ਮਾਂ, ਬੁਢਾਪਾ ਭੋਗਦੀ ਬੇਬੇ ਜਾਂ ਦਾਦੀ ਦੇ ਸਤਿਕਾਰ ਨੂੰ ਇਸ ਦੌਰ ਵਿੱਚ ਭਰਵਾਂ ਖੋਰਾ ਲੱਗਿਆ ਹੈ ਅਤੇ ਭਵਿੱਖ ਦੀ ਜਨਮਦਾਤੀ ਭਾਵ ਮਾਂ ਦੇ ਗਰਭ ਵਿਚ ਪਲ ਰਹੀ ਬੱਚੀ ਬਾਰੇ ਸਾਡੀ ਸੋਚਣੀ ਵਿਚ ਪਿਛਾਖੜੀ ਤਬਦੀਲੀ ਆਈ ਹੈ। ਵਿਭਿੰਨ ਫੋਰਮਾਂ ਤੇ ਅਸੀਂ ਔਰਤਾਂ ਅਤੇ ਬਾਲੜੀਆਂ ਦੀ ਸੁਧਰਦੀ ਹਾਲਤ ਬਾਰੇ ਬਹੁਤ ਹੀ ਫਖਰ ਨਾਲ ਗੱਲਾਂ ਕਰਦੇ ਨਹੀਂ ਥੱਕਦੇ ਪ੍ਰੰਤੂ ਅਸਲੀਅਤ ਇਹ ਹੈ ਕਿ ਦਿਨ ਬ ਦਿਨ ਔਰਤ ਪ੍ਰਤੀ ਅਤੇ ਗਰਭ ਵਿਚ ਪਲ ਰਹੀ ਬੱਚੀ ਬਾਬਤ ਅਸੀ ਆਪਣੇ ਫਰਜ਼ਾਂ ਤੋਂ ਭੱਜ ਰਹੇ ਹਾਂ। ਹੋਰ ਵੀ ਚਿੰਤਾ ਵਾਲੀ ਗੱਲ ਹੈ ਕਿ ਬੱਚੀ ਪ੍ਰਤੀ ਅਸੀਂ ਆਪਣਾ ਨਜ਼ਰੀਆ ਅਜੇ ਤੱਕ ਨਹੀਂ ਬਦਲਿਆ।

ਸਾਡੀਆਂ ਕੋਠੀਆਂ ਕਾਰਾਂ ਵੱਲ ਰੁਚੀਆਂ ਪ੍ਰਬਲ ਹੋਈਆਂ ਹਨ। ਅਸੀਂ ਵਧੀਆ ਕੱਪੜੇ ਪਾਉਣ ਦੇ ਕਾਫੀ ਸ਼ੌਕੀਨ ਹੋ ਗਏ ਹਾਂ, ਘਰਾਂ ਵਿੱਚ ਉੱਠਣ ਬੈਠਣ, ਪਹਿਨਣ, ਖਾਣ ਪੀਣ, ਘੁੰਮਣ ਫਿਰਨ ਦੇ ਆਧੁਨਿਕ ਢੰਗ ਤਰੀਕੇ ਅਪਣਾ ਲਏ ਹਨ। ਇੱਥੋਂ ਤੱਕ ਕਿ ਵਿਚਾਰਾਂ ਪੱਖੋਂ ਅਸੀਂ ਆਪਣੇ ਆਪ ਨੂੰ ਅਗਾਂਹਵਧੂ ਹੋਣ ਦਾ ਭਰਮ ਪਾਲਣ ਵਿੱਚ ਵੀ ਮੋਹਰੀ ਹੋ ਗਏ ਹਾਂ। ਪ੍ਰੰਤੂ 2001 ਦੇ ਜਨਗਣਨਾ ਦੇ ਅੰਕੜਿਆਂ ਨੇ ਸਾਡੀ ਨਾਮ ਨਿਹਾਦ ਸੂਝ ਅਤੇ ਸੋਚਣੀ ਉੱਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ

ਹੈ। ਪੰਜਾਬ ਦੀ ਇਸ ਜਨਗਣਨਾ ਦੌਰਾਨ 0-6 ਸਾਲ ਦੇ ਕੁੱਲ ਬੱਚਿਆਂ ਵਿੱਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਘਟ ਕੇ ਸਿਰਫ 793 ਰਹਿ ਗਈ, ਭਾਵ ਲੜਕਿਆਂ ਨਾਲੋਂ ਲੜਕੀਆਂ ਦੀ ਗਿਣਤੀ 207 ਘੱਟ ਹੈ। ਆਉਣ ਵਾਲੇ ਸਮੇਂ ਵਿੱਚ ਅਸੀਂ ਭੈਣ, ਮਾਸੀ ਅਤੇ ਭੂਆ ਦੇ ਰਿਸ਼ਤੇ ਤੋਂ ਵਾਂਝੇ ਹੋਣ ਜਾ ਰਹੇ ਹਾਂ। ਸਮਾਜਕ ਭਾਈਚਾਰੇ ਦੀਆਂ ਭਾਈਚਾਰਕ ਤੰਦਾਂ ਵਿੱਚ ਧੀਆਂ ਭੈਣਾਂ ਦੇ ਰਿਸ਼ਤਿਆਂ ਨੂੰ ਖਤਮ ਕਰਨ ਵੱਲ ਰੁਚਿਤ ਹੋ ਰਹੇ ਹਾਂ। ਸਾਂਝੇ ਪਰਿਵਾਰ ਦੀ ਪਰੰਪਰਾ ਨੂੰ ਇਕਹਿਰੇ ਪਰਿਵਾਰ ਵਿੱਚ ਤਾਂ ਅਸੀਂ ਬਦਲ ਹੀ ਲਿਆ ਹੈ ਹੁਣ ਹੋਰ ਅੱਗੇ ਕਿੱਥੇ ਜਾਣਾ ਹੈ?

ਮਾਂ ਦੀ ਸੁਲੱਖੀ ਕੁੱਖ ਵਿੱਚੋਂ ਪੁੱਤਰ ਦੀ ਪ੍ਰਾਪਤੀ ਦੀ ਕਾਮਨਾ ਕਰਨਾ ਮਾੜੀ ਗੱਲ ਨਹੀਂ ਹੈ ਪ੍ਰੰਤੂ ਜੇਕਰ ਸੁੱਲਖਣੀ ਕੁੱਖ ਹੀ ਨਹੀਂ ਹੋਵੇਗੀ ਤਾਂ ਕੀ ਅਸੀਂ ਪੁੱਤਰ ਪਰਖ ਨਲੀ ਰਾਹੀਂ ਪ੍ਰਾਪਤ ਕਰਾਂਗੇ? ਇਹ ਇਕ ਗੰਭੀਰ ਸਵਾਲ ਹੈ। ਔਰਤ ਅਤੇ ਮਰਦ ਵਿਚਕਾਰ ਬਦਲਦੇ ਲਿੰਗ ਅਨੁਪਾਤ ਨੂੰ ਦੇਖਦਿਆ ਇਸ ਤਰ੍ਹਾਂ ਜਾਪਦਾ ਹੈ ਕਿ ਪੰਜਾਬੀ ਸਮਾਜ ਵਿਚਲੀਆਂ ਮਾਨਵੀ ਕਦਰਾਂ ਕੀਮਤਾਂ ਨੂੰ ਆਧੁਨਿਕਤਾਵਾਦੀ ਸੋਚ ਨੂੰ ਪ੍ਰਣਾਈਆਂ ਅਤੇ ਨਾਮ ਨਿਹਾਦੀ ਮੰਡੀ ਰੂਪੀ ਸ਼ਕਤੀਆਂ ਨੇ ਨਿਗਲ ਲਿਆ ਹੈ।

ਪੰਜਾਬ ਦੇ ਦਿਹਾਤੀ ਖੇਤਰਾਂ ਵਿੱਚ ਲੜਕੀਆਂ ਪ੍ਰਤੀ ਵਤੀਰਾ ਸ਼ਹਿਰਾਂ ਨਾਲੋਂ ਵੀ ਬਦਤਰ ਹੋ ਰਿਹਾ ਹੈ। ਜੇਕਰ ਪੰਜਾਬ ਦੇ ਦਿਹਾਤੀ ਖੇਤਰਾਂ ਬਾਰੇ ਅੰਕੜਿਆਂ ਅਨੁਸਾਰ ਗੱਲ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਦਿਹਾਤੀ ਖੇਤਰਾਂ ਵਿੱਚ ਵੀ 0-6 ਸਾਲ ਦੇ ਬੱਚਿਆਂ ਵਿੱਚ ਇਕ ਹਜ਼ਾਰ ਲੜਕਿਆਂ ਪਿਛੇ 795 ਲੜਕੀਆਂ ਹਨ, ਭਾਵ ਲੜਕਿਆਂ ਨਾਲੋਂ 205 ਲੜਕੀਆਂ ਘੱਟ ਹਨ। ਦਿਹਾਤੀ ਜ਼ਿਲ੍ਹੇ ਫਤਹਿਗੜ੍ਹ ਸਾਹਿਬ ਵਿਚ ਇਹ ਗਿਣਤੀ 754 ਹੈ। ਹੈਰਾਨੀ ਦੀ ਗੱਲ ਹੈ ਕਿ ਫਤਹਿਗੜ੍ਹ ਸਾਹਿਬ ਜ਼ਿਲੇ ਵਿੱਚ 1991 ਦੌਰਾਨ 0-6 ਸਾਲ ਦੇ ਬੱਚਿਆਂ ਵਿੱਚ ਇਕ ਹਜ਼ਾਰ ਲੜਕਿਆਂ ਪਿਛੇ 874 ਲੜਕੀਆਂ ਸਨ ਜੋ 2001 ਵਿੱਚ ਘਟ ਕੇ 754 ਰਹਿ ਗਈਆਂ ਅਰਥਾਤ 1991 ਵਿੱਚ ਵੀ ਲੜਕਿਆਂ ਦੇ ਮੁਕਾਬਲੇ 126 ਲੜਕੀਆਂ ਘੱਟ ਸਨ, ਪ੍ਰੰਤੂ 2001 ਵਿੱਚ ਇਹ ਘੱਟ ਕੇ 246 ਰਹਿ ਗਈਆਂ ਹਨ ਭਾਵ ਇਕ ਦਹਾਕੇ ਵਿੱਚ ਹੀ 120 ਲੜਕੀਆਂ ਹੋਰ ਘਟ ਗਈਆਂ ਹਨ।

ਹਰੇ ਇਨਕਲਾਬ ਤੋਂ ਬਾਅਦ ਦਾ ਪੰਜਾਬ ਉਦਾਰੀਕ੍ਰਿਤ ਯੁੱਗ ਦੀ ਸੰਚਾਰ ਤੇ ਤਕਨਾਲੋਜੀ ਨੀਤੀ ਤੋਂ ਪ੍ਰਭਾਵਤ ਹੋ ਕੇ ਉਤਰ ਆਧੁਨਿਕਤਾਵਾਦ ਦੇ ਸੰਕਲਪ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਇਆ ਹੈ। ਇਸ ਨਜ਼ਰੀਏ ਨੇ ਪੰਜਾਬੀਆਂ ਦੇ ਮਨਾਂ ਵਿੱਚ ਪਦਾਰਥਕ ਭੁੱਖ ਅਤੇ ਨਿੱਜਵਾਦੀ ਰੁਚੀਆਂ ਨੂੰ ਇਥੋਂ ਤੀਕ ਪੁਚਾ ਦਿੱਤਾ ਹੈ ਕਿ ਉਹ ਜੀਵਨ ਦੇ ਸਮਾਜਕ, ਨੈਤਿਕ, ਧਾਰਮਿਕ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਤਿਲਾਂਜਲੀ ਦੇ ਕੇ ਵਸਤੂਗਤ ਅਤੇ ਆਰਥਿਕ ਪੱਖਾਂ ਨੂੰ ਤਰਜੀਹ ਦੇਣ ਲੱਗ ਪਏ ਹਨ। ਇਸ ਦੌਰ ਵਿੱਚ ਇਕ ਬਹੁਤ ਹੀ ਖਤਰਨਾਕ ਵਰਤਾਰਾ ਵਾਪਰਦਾ ਦਿਖਾਈ ਦੇ ਰਿਹਾ ਹੈ ਜਿਸ ਅਧੀਨ ਅਸੀਂ ਦਿਖਾਵੇ ਵਜੋਂ ਤਾਂ ਭਾਵੇਂ ਭਾਈਚਾਰਕ ਸਾਂਝ ਨੂੰ ਦਰਸਾਉਂਦੀਆਂ ਸਮਾਜਕ, ਨੈਤਿਕ, ਧਾਰਮਿਕ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਮੁਦਈ ਬਣ ਰਹੇ ਹਾਂ, ਪ੍ਰੰਤੂ ਅਸਲੀਅਤ ਵਿਚ ਅਸੀਂ ਮਾਨਵ ਵਿਰੋਧੀ ਕੁਰੀਤੀਆਂ ਨੂੰ ਉਭਾਰ ਕੇ ਆਪਣੇ ਵਸਤੂਗਤ ਲਾਭਾਂ ਪਿਛੇ ਭੱਜ ਰਹੇ ਹਾਂ। ਉਪਰੋਕਤ ਸੋਚ ਸਦਕਾ ਹੀ ਸਾਡੇ ਜੀਵਨ ਵਿਚੋਂ ਔਰਤ ਦਾ ਇੱਕ ਇਨਸਾਨ ਵਜੋਂ ਸਤਿਕਾਰ ਘਟਿਆ ਹੈ। ਇਨ੍ਹਾਂ ਵਸਤੂਗਤ ਲਾਲਚਾਂ ਨੇ ਔਰਤ ਵਰਗ ਦੇ ਵੱਡੇ ਹਿੱਸੇ ਨੂੰ ਵੀ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ। ਇਸ ਕਰਕੇ ਮਾਂ ਦੇ ਗਰਭ ਵਿੱਚ ਪਲ ਰਹੀ ਬਾਲੜੀ ਦਾ ਗਰਭਪਾਤ ਕਰਵਾਉਣ ਵਿੱਚ ਅਕਸਰ ਹੀ ਪਰਿਵਾਰ ਦੀਆਂ ਔਰਤਾਂ ਦਾ ਵੀ ਭਰਵਾਂ ਯੋਗਦਾਨ ਹੁੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਉਦਾਰੀਕਰਨ ਦੀ ਇਸ ਪਰਕ੍ਰਿਆ ਤੋਂ ਸਭ ਨਾਲੋਂ ਜ਼ਿਆਦਾ ਪ੍ਰਭਾਵਤ ਪੰਜਾਬ ਦੇ ਕੇਂਦਰੀ ਜ਼ਿਲੇ ਲੁਧਿਆਣਾ, ਫਤਹਿਗੜ੍ਹ ਸਾਹਿਬ, ਰੋਪੜ, ਜਲੰਧਰ, ਅੰਮ੍ਰਿਤਸਰ, ਮੋਗਾ ਆਦਿ ਮਾਂ ਦੇ ਗਰਭ ਵਿੱਚ ਪਲ ਰਹੀ ਬੱਚੀ ਦਾ ਗਰਭਪਾਤ ਕਰਵਾਉਣ ਪੱਖੋਂ ਅਰਧ ਪਹਾੜੀ ਅਤੇ ਪਿਛੜੇ ਜ਼ਿਲਿਆ ਭਾਵ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਅਤੇ ਜਗੀਰੂ ਵਿਚਾਰਧਾਰਾ ਨੂੰ ਪ੍ਰਣਾਏ ਕਹੇ ਜਾਂਦੇ ਪੰਜਾਬ ਦੇ ਘੱਟ ਵਿਕਸਤ ਦੱਖਣੀ ਜ਼ਿਲੇ ਸੰਗਰੂਰ, ਮਾਨਸਾ, ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ ਨੂੰ ਪਿਛਲੇ ਦਹਾਕੇ ਦੌਰਾਨ ਕਾਫੀ ਪਿੱਛੇ ਛੱਡ ਗਏ ਹਨ।

ਇਸ ਵਰਤਾਰੇ ਬਾਰੇ ਵਿਚਾਰ ਕਰਨ ਤੇ ਬਹੁਤ ਹੀ ਦੁਖਦਾਈ ਤੇ ਰੌਂਗਟੇ ਖੜ੍ਹੇ ਕਰਨ ਵਾਲੇ ਪੱਖ ਸਾਹਮਣੇ ਆਉਂਦੇ ਹਨ। ਇਨ੍ਹਾਂ ਪੱਖਾਂ ਦਾ ਵਿਸ਼ਲੇਸ਼ਣ ਕਰਦਿਆਂ ਪੰਜਾਬ ਦੀ ਆਰਥਿਕ੍ਸਮਾਜਕ ਬਣਤਰ ਦੇ ਬਣਦੇ ਬਦਲਦੇ ਸਰੋਕਾਰਾਂ ਦਾ ਸਿੱਟਾਮਾਨਵੀ ਰੁਝਾਨ ਪ੍ਰਤੱਖ ਦਿਖਾਈ ਦਿੰਦੇ ਹਨ। ਮਾਂ ਦੇ ਗਰਭ ਧਾਰਨ ਕਰਨ ਤੋਂ ਤੁਰੰਤ ਬਾਅਦ ਗਰਭ ਵਿਚ ਪਲ ਰਹੇ ਬੱਚੇ ਨੂੰ ਜਾਇਦਾਦ ਜਾਂ ਦੇਣਦਾਰੀ ਵਜੋਂ ਦੇਖਣਾ ਸਾਡੇ ਮੌਜੂਦਾ ਸਿਸਟਮ ਦੇ ਦੀਵਾਲੀਏਪਣ ਨੂੰ ਉਜਾਗਰ ਕਰਦਾ ਹੈ। ਬੱਚੇ ਦੀ ਸਿੱਖਿਆ ਅਤੇ ਸਿਹਤ ਨੂੰ ਵਸਤੂਗਤ ਰੂਪ ਵਿੱਚ ਨਿਹਾਰਨਾ ਸਾਡੀ ਢਹਿ ਰਹੀ ਆਰਥਿਕਤਾ ਦੀ ਤਬਾਹੀ ਦਾ ਸੂਚਕ ਹੈ। ਰਿਸ਼ਤੇ ਜੋੜਨ ਵਕਤ ਲੜਕੀ ਨੂੰ ਵਸਤੂ ਵਜੋਂ ਤੋਲਣਾ, ਦਾਜ ਤਹਿ ਕਰਨਾ, ਲੜਕੀ ਵਾਲਿਆਂ ਦੀ ਆਰਥਿਕ ਸਥਿਤੀ ਨੂੰ ਮਾਪਣਾ, ਵੱਡੇ ਵੱਲੇ ਵਿਆਹ ਸਮਾਗਮ ਰਚਾ ਕੇ ਲੜਕੀ ਨੂੰ ਵਸਤੂ ਰੂਪੀ ਲਾੜੀ ਦੇ ਰੂਪ ਵਿੱਚ ਸਜਾ ਕੇ ਅਮੀਰੀ ਦਾ ਪ੍ਰਗਟਾਵਾ ਕਰਨਾ ਇਸ ਤੋਂ ਵੀ ਅੱਗੇ ਜਾਕੇ ਵਿਆਹ ਰੂਪੀ ਪਵਿੱਤਰ ਰਸਮ ਨੂੰ ਕਿਸੇ ਨੁਕਰੇ ਬੈਠ ਕੇ ਜਾਂ ਫਿਰ ਗਿਣਤੀ ਦੇ ਰਿਸ਼ਤੇਦਾਰਾਂ ਵੱਲੋਂ ਮਿੰਟਾਂ ਸਕਿੰਟਾਂ ਦੀਆਂ ਧਾਰਮਿਕ ਰੀਤਾਂ ਨਾਲ ਸਮੇਟਣਾ ਅਤੇ ਲਾੜੀ ਵਜੋਂ ਸਹੁਰੇ ਘਰ ਪਹੁੰਚੀ ਵਹੁਟੀ ਨੂੰ ਦਾਜ ਦੀ ਕਸਵੱਟੀ ਮੁਤਾਬਕ ਸਤਿਕਾਰ ਦੇਣ ਜਿਹੇ ਮਾਨਵ ਵਿਰੋਧੀ ਰੁਝਾਨ ਸਾਡੇ ਸਮੁੱਚੇ ਪਰਿਵਾਰਕ ਤਾਣੇ ਬਾਣੇ ਅਤੇ ਸਮਾਜਕ ਆਰਥਿਕ ਪ੍ਰਬੰਧ ਦੇ ਨਿਘਾਰ ਨੂੰ ਪ੍ਰਦਰਸ਼ਿਤ ਕਰਦੇ ਹਨ।

ਉਸ ਬਜ਼ੁਰਗ ਬੇਬੇ ਦੇ ਇਹ ਬੋਲ ਧੂਹ ਪਾਉਣ ਵਾਲੇ ਸਨ ਜਦੋਂ ਗਰਭਪਾਤ ਕਰਵਾਉਣ ਤੋਂ ਬਾਅਦ ਦੂਸਰੀ ਵਾਰ ਦਵਾਈ ਲੈਣ ਆਈ ਮਲੂਕੜੀ ਜਿਹੀ ਕਿਸੇ ਧੀ/ਨੂੰਹ ਨੂੰ ਉਸ ਬੇਬੇ ਨੇ ਕਹੇ ਸਨ। ਆਪਣੀ ਵਾਰੀ ਨੂੰ ਉਡੀਕਦੀ ਉਸ ਬੀਬੀ ਨੂੰ ਬੇਬੇ ਕਹਿ ਰਹੀ ਸੀ, "ਨਾ ਮੇਰੀ ਬੀਬੀ ਧੀ", ਕਾਹਨੂੰ ਅੱਖਾਂ ਚੋਂ ਨੀਰ ਵਹਾਉਂਦੀ ਐਂ, ਜ਼ਨਾਨੀ ਦੀ ਤਾਂ ਧੀਏ ਕਿਸਮਤ ਹੀ ਇਹੋ ਜਿਹੀ ਹੁੰਦੀ ਐ, ਦਾਤੇ ਨੇ ਧੁਰੋਂ ਸਾਡੇ ਲੇਖ ਈ ਇਹੇ ਜਿਹੇ ਲਿਖੇ ਨੇ, ਭੁੱਲ ਜਾ ਜੋ ਕੁਝ ਹੋਇਆ ਮੇਰੀ ਬੀਬੀ ਧੀ"। ਅੱਖਾਂ ਵਿਚੋਂ ਪਰਲ ਪਰਲ ਹੰਝੂ ਕੇਰਦੀ ਉਸ ਮਲੂਕੜੀ ਜਿਹੀ ਧੀ ਦੇ ਬੋਲ ਭੁਲਦੀ ਤਾਂ ਬਥੇਰੀ ਆਂ ਬੇਬੇ, ਪਰ ਭੁੱਲ ਵੀ ਨੀ ਸਕਦੀ, ਧੀ ਤਾਂ ਮਾਂ ਦਾ ਅੱਗਾ ਹੁੰਦੀ ਐ", ਸਾਡੇ ਸਮੁੱਚੇ ਸਿਸਟਮ ਦੇ ਨਿਘਾਰ ਅਤੇ ਦਕੀਆਨੂਸੀ ਸੋਚ ਦਾ ਵਿਸ਼ਲੇਸ਼ਣ ਕਰਦੇ ਹਨ।

ਸਵਾਲ ਉਠਦਾ ਹੈ ਕਿ ਸਾਡੀਆਂ ਮੌਜੂਦਾ ਧਾਰਮਿਕ, ਸਮਾਜਕ, ਰਾਜਨੀਤਕ ਅਤੇ ਸੱਭਿਆਚਾਰਕ ਸੰਸਥਾਵਾਂ ਸਰਕਾਰੀ ਜਾਂ ਗੈਰ ਸਰਕਾਰੀ ਯਤਨਾਂ ਰਾਹੀਂ ਬੱਚੀ ਦੇ ਗਰਭਪਾਤ ਦੇ ਖਿਲਾਫ ਲੋਕਾਂ ਨੂੰ ਚੇਤੰਨ ਕਰਨ ਲਈ ਕਿੰਨੇ ਕੁ ਸਾਰਥਕ ਯਤਨ ਕਰ ਰਹੀਆਂ ਹਨ? ਅਜੇ ਤੀਕ ਜਵਾਬ ਬਹੁਤਾ ਆਸ਼ਾਵਾਦੀ ਨਹੀਂ ਹੈ।

## ਸੰਸਥਾਗਤ ਪੱਧਰ ਉਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ

- ਸਮਾਜਿਕ ਤੌਰ ਤੇ ਔਰਤ ਦੇ ਸਤਿਕਾਰ ਨੂੰ ਬੁਲੰਦ ਕਰਨ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਸਮੁੱਚਾ ਭਾਈਚਾਰਾ ਪਰਿਵਾਰ ਅਤੇ ਭਾਈਚਾਰੇ ਦੇ ਪੱਧਰ ਤੇ ਤੰਦਰੁਸਤ ਮਾਂ ਅਤੇ ਤੰਦਰੁਸਤ ਧੀ ਦੇ ਸੰਕਲਪ ਨੂੰ ਸਮਾਜਿਕ ਵਿਕਾਸ ਦਾ ਮੁੱਖ ਉਦੇਸ਼ ਬਣਾਵੇ। ਇਸ ਮੰਤਵ ਦੀ ਪੂਰਤੀ ਪੰਚਾਇਤੀ ਰਾਜ ਸੰਸਥਾਵਾਂ, ਖਾਸ ਕਰਕੇ ਗਰਾਮ ਸਭਾ ਦੀਆਂ ਮੀਟਿੰਗਾਂ ਵਿੱਚ ਔਰਤ ਦੀ ਸਮਾਜਕ ਬੇਹਤਰੀ ਬਾਰੇ ਵਿਚਾਰ ਵਟਾਂਦਰੇ ਤੋਂ ਬਾਅਦ ਫੈਸਲਾ ਲੈ ਕੇ ਕੀਤੀ ਜਾ ਸਕਦੀ ਹੈ।
- ਔਰਤਾਂ ਉਪਰ ਕਿਸੇ ਵੀ ਕਿਸਮ ਦਾ ਜ਼ੁਲਮ ਤੇ ਤਸ਼ੱਦਦ ਨਾ ਹੋਵੇ ਪੰਚਾਇਤ ਇਸ ਗੱਲ ਨੂੰ ਯਕੀਨੀ ਬਣਾਵੇ। ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗਰਾਮ ਸਭਾ ਦੀ ਸਰਪ੍ਰਸਤੀ ਅਧੀਨ ਅਪਰਾਧੀਆਂ ਉੱਤੇ ਪਰਿਵਾਰਕ ਅਤੇ ਸਮਾਜਿਕ ਦਬਾਅ ਪਾਵੇ। ਜੇਕਰ ਲੋੜ ਪਵੇ ਤਾਂ ਕਾਨੂੰਨ ਅਨੁਸਾਰ ਪੁਲੀਸ ਦੀ ਮਦਦ ਲੈਣ ਅਤੇ ਸਬੰਧਿਤ ਮੁਜਰਮ ਦਾ ਸਮਾਜਿਕ ਬਾਈਕਾਟ ਕਰਨ ਜਿਹੇ ਤਰੀਕੇ ਅਪਣਾਉਣ ਲਈ ਪੰਚਾਇਤ ਯਤਨ ਕਰੇ ਤਾਂ ਕਿ ਔਰਤ ਦੇ ਅਧਿਕਾਰਾਂ ਦੀ ਸੁੱਰਖਿਆ ਯਕੀਨੀ ਬਣਾਈ ਜਾ ਸਕੇ।

- ਕੀ ਸਾਰੀਆਂ ਔਰਤਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਭਾਵ ਪੌਸ਼ਟਿਕ ਖੁਰਾਕ ਅਤੇ ਸਰੀਰਕ ਸਫਾਈ ਬਾਬਤ ਬੁਨਿਆਦੀ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ? ਉਹਨਾਂ ਨੂੰ ਇਹ ਅਹਿਸਾਸ ਵੀ ਕਰਵਾਇਆ ਜਾ ਰਿਹਾ ਹੈ ਕਿਆਉਣ ਵਾਲੇ  ਮਾਂ ਦੇ ਗਰਭ ਵਿੱਚ ਪਲ ਰਹੀ ਬੱਚੀ ਦਾ ਗਰਭਪਾਤ ਅਮਾਨਵੀ ਹੀ ਨਹੀਂ ਸਗੋਂ ਗਰਭਪਾਤ ਕਰਵਾਉਣ ਵਾਲੀ ਮਾਂ ਲਈ ਬਹੁਤ ਸਾਰੀਆਂ ਲਾਇਲਾਜ ਬੀਮਾਰੀਆਂ ਦਾ ਖਤਰਾ ਵੀ ਪੈਦਾ ਕਰ ਸਕਦਾ ਹੈ? ਔਰਤਾਂ ਦੇ ਨਾਲ ਨਾਲ ਸਮੁੱਚੇ ਭਾਈਚਾਰੇ ਨੂੰ ਮਾਂ ਦੇ ਗਰਭ ਵਿਚ ਪਲ ਰਹੀ ਬੱਚੀ ਨੂੰ ਖਤਮ ਕਰਨ ਦੇ ਮਾਨਵ ਵਿਰੋਧੀ ਰੁਝਾਨ ਪ੍ਰਤੀ ਚੇਤੰਨ ਕਰਨ ਅਤੇ ਜਾਣਕਾਰੀ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਪੰਚਾਇਤ ਮੈਂਬਰਾਂ ਨੂੰ ਨਿਭਾਉਣੀ ਚਾਹੀਦੀ ਹੈ।
- ਪੰਚਾਇਤ ਵਿਭਿੰਨ ਵਿਭਾਗਾਂ ਦੇ ਸਹਿਯੋਗ ਨਾਲ ਔਰਤਾਂ ਨੂੰ ਰੋਜ਼ਗਾਰ ਪ੍ਰੋਗਰਾਮਾਂ ਬਾਰੇ ਪ੍ਰਬੰਧਕੀ ਤੇ ਤਕਨੀਕੀ ਜਾਣਕਾਰੀ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਨਿਭਾਵੇ।
- ਪੰਚਾਇਤ ਲਈ ਇਹ ਦੇਖਣਾ ਵੀ ਜ਼ਰੂਰੀ ਹੈ ਕਿ ਨਵਜਾਤ ਸ਼ਿਸ਼ੂਆਂ, ਬੱਚਿਆਂ, ਅੱਲੜ੍ਹ ਮੁਟਿਆਰਾਂ ਅਤੇ ਗਰਭਵਤੀ ਮਾਵਾਂ ਲਈ ਪੌਸ਼ਟਿਕ ਖੁਰਾਕ ਦੀ ਲੋੜੀਂਦੀ ਮਾਤਰਾ ਵਿੱਚ ਜ਼ਰੂਰਤ ਪੂਰੀ ਹੋ ਰਹੀ ਹੈ ਜਾਂ ਨਹੀਂ। ਜੇ ਨਹੀਂ ਤਾਂ ਸਿਹਤ ਵਿਭਾਗ ਨਾਲ ਸੰਪਰਕ ਕਰਕੇ ਯਤਨ ਕਰਕੇ ਇਹ ਪੰਚਾਇਤ ਦੀ ਜ਼ਿੰਮੇਵਾਰੀ ਹੈ।
- ਮਾਂ ਦੇ ਗਰਭ ਵਿੱਚ ਪਲ ਰਹੀ ਬੱਚੀ ਨੂੰ ਗਰਭਪਾਤ ਰਾਹੀਂ ਖਤਮ ਕਰਨ ਦੇ ਕੋਝੇ ਯਤਨਾਂ ਬਾਬਤ ਕਾਨੂੰਨੀ ਅਤੇ ਸਮਾਜਿਕ ਪੱਖੋ ਲੋਕਾਂ ਨੂੰ ਚੇਤੰਨ ਕਰਨਾ ਬਹੁਤ ਹੀ ਜ਼ਰੂਰੀ ਹੈ। ਯਾਦ ਰਹੇ ਕਿ ਭਰੂਣ ਹੱਤਿਆ ਨਿਰੋਧਕ ਐਕਟ ਮੁਤਾਬਿਕ ਮਾਂ ਦੇ ਗਰਭ ਵਿੱਚ ਪਲ ਰਹੇ ਬੱਚੇ ਦੀ ਬਿਨਾ ਕਾਰਨ ਹੱਤਿਆ ਘੋਰ ਅਪਰਾਧ ਹੈ ਅਤੇ ਇਸ ਅਪਰਾਧ ਕਰਨ ਵਾਲੇ ਨੂੰ ਕਾਨੂੰਨੀ ਤੌਰ ਤੇ ਸਜ਼ਾ ਦਿੱਤੀ ਜਾ ਸਕਦੀ ਹੈ।
- ਲਿੰਗ ਪਰਖ ਟੈਸਟਾਂ ਰਾਹੀਂ ਮਾਂ ਦੇ ਗਰਭ ਵਿੱਚ ਪਲ ਰਹੇ ਬੱਚੇ ਦੇ ਲਿੰਗ ਨੂੰ ਜ਼ਾਹਰ ਕਰਨਾ ਕਾਨੂੰਨ ਦੀ ਉਲੰਘਣਾ ਹੈ। ਉਲੰਘਣਾਂ ਕਰਨ ਵਾਲਾ ਕਾਨੂੰਨੀ ਕਾਰਵਾਈ ਦਾ ਭਾਗੀ ਬਣ ਸਕਦਾ ਹੈ।

# ਅਧਿਆਇ 13

# ਪੰਚਾਇਤੀ ਰਾਜ ਸੰਸਥਾਵਾਂ ਦਾ ਨਸ਼ਾਖੋਰੀ ਦੇ ਖਾਤਮੇ ਸਬੰਧੀ ਯੋਗਦਾਨ

ਨਸ਼ਾ ਇਹੋ ਜਿਹੀ ਵਸਤੂ ਹੈ ਜਿਸ ਦੀ ਵਰਤੋਂ ਕਰਕੇ ਸ਼ੁਰੂ ਸ਼ੁਰੂ ਵਿੱਚ ਵਿਅਕਤੀ ਅਰਾਮ ਮਹਿਸੂਸ ਕਰਦਾ ਹੈ ਅਤੇ ਹੌਲੀ ਹੌਲੀ ਇਸ ਦਾ ਆਦੀ ਹੋ ਜਾਂਦਾ ਹੈ। ਨਸ਼ੇ ਉਪਰੰਤ ਸੰਤੁਸ਼ਟੀ ਦਾ ਅਹਿਸਾਸ ਮਨੁੱਖ ਵਿੱਚ ਨਸ਼ੇ ਦੀ ਆਦਤ ਪੈਦਾ ਕਰਦਾ ਹੈ ਅਤੇ ਵਾਰ ਵਾਰ ਨਸ਼ਾ ਕਰਨ ਦੀ ਇੱਛਾ ਹੁੰਦੀ ਹੈ। ਇਹ ਇੱਛਾ ਅਤੇ ਨਸ਼ੇ ਦੀ ਮਾਤਰਾ ਹੌਲੀ ਹੌਲੀ ਵਧਦੀ ਜਾਂਦੀ ਹੈ ਕਿਉਂਕਿ ਲੰਮਾ ਸਮਾਂ ਨਸ਼ਾ ਕਰਨ ਨਾਲ ਨਸ਼ੇ ਦੀ ਸੀਮਤ ਮਾਤਰਾ ਨਸ਼ਾਖੋਰ ਵਿਅਕਤੀ ਤੇ ਅਸਰ ਕਰਨਾ ਘੱਟ ਕਰ ਦਿੰਦੀ ਹੈ ਸਿੱਟੇ ਵਜੋਂ ਨਸ਼ੇ ਦਾ ਲਗਾਤਾਰ ਇਸਤੇਮਾਲ ਕਰਨ ਨਾਲ ਮਨੁੱਖ ਬਹੁਤ ਸਾਰੀਆਂ ਗੰਭੀਰ ਸਮੱਸਿਆਵਾਂ ਵਿੱਚ ਫਸ ਜਾਂਦਾ ਹੈ। ਭਾਵੇਂ ਵਿਅਕਤੀ ਇਹ ਜਾਣਦਾ ਹੁੰਦਾ ਹੈ ਕਿ ਜੇਕਰ ਉਹ ਨਸ਼ਾ ਛੱਡ ਦੇਵੇ ਤਾਂ ਉਸਦਾ ਬਹੁਤ ਸਾਰੀਆਂ ਬਿਮਾਰੀਆਂ ਤੋਂ ਛੁਟਕਾਰਾ ਹੋ ਜਾਵੇਗਾ ਫਿਰ ਵੀ ਉਹ ਨਸ਼ਾ ਜਾਰੀ ਰੱਖਦਾ ਹੈ। ਉਸਨੂੰ ਇਹ ਡਰ ਲੱਗਿਆ ਰਹਿੰਦਾ ਹੈ ਕਿ ਨਸ਼ਾ ਛੱਡਣ ਨਾਲ ਉਸਨੂੰ ਮਾਨਸਿਕ ਅਤੇ ਸਰੀਰਿਕ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਸ ਡਰ ਦੇ ਕਾਰਨ ਹੀ ਉਹ ਨਸ਼ਾ ਕਰਦਾ ਰਹਿੰਦਾ ਹੈ। ਜੇਕਰ ਕੋਈ ਨਸ਼ਈ ਨਸ਼ੇ ਦੀ ਮਾਤਰਾ ਵੱਧ ਕਰ ਦਿੰਦਾ ਹੈ ਤਾਂ ਉਸ ਵਿੱਚ ਕਈ ਪ੍ਰਕਾਰ ਦੇ ਰੋਗ ਪੈਦਾ ਹੋ ਜਾਂਦੇ ਹਨ ਜਿਹੜੇ ਉਸ ਦੀਆਂ ਪਰਿਵਾਰ ਸਮਾਜ, ਰੋਜ਼ਗਾਰ ਨਾਲ ਜੁੜੀਆਂ ਜ਼ਿੰਮੇਵਾਰੀਆਂ ਅਤੇ ਆਪਸੀ ਮੇਲ ਮਿਲਾਪ ਨੂੰ ਪ੍ਰਭਾਵਿਤ ਕਰਦੇ ਹਨ। ਵਿਸ਼ਵ ਸਿਹਤ ਸੰਸਥਾ ਨੇ 1992 ਵਿੱਚ ਨਸ਼ਿਆ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ।

- ਤੰਬਾਕੂ,
- ਸ਼ਰਾਬ (ਬੀਅਰ, ਸਪਿਰਟ ਅਤੇ ਵਾਈਨ),
- ਅਫੀਮ, ਬਰਾਊਨ, ਸ਼ੂਗਰ, ਹੈਰੋਇਨ ਆਦਿ,
- ਭੰਗ, ਸੁਲਫਾ, ਗਾਂਜਾ, ਚਰਸ ਆਦਿ,
- ਨੀਂਦ ਦੀਆਂ ਗੋਲੀਆਂ,
- ਉਤਸ਼ਾਹ ਵਧਾਉਣ ਵਾਲੇ ਖਾਧ ਪਦਾਰਥ ਜਿਵੇਂ ਚਾਹ, ਕੌਫੀ ਅਤੇ ਕੈਫੀਨ ਆਦਿ,
- ਜਲਣਸ਼ੀਲ ਪਦਾਰਥ ਜਿਵੇਂ ਪੈਟਰੋਲੀਅਮ ਪਦਾਰਥ, ਰੰਗ ਰੋਗਨ, ਪਾਲਿਸ਼ ਆਦਿ ਅਤੇ
- ਕੋਕੀਨ।

ਇਹ ਭਲੀ ਭਾਂਤ ਸਿੱਧ ਹੋ ਚੁਕਿਆ ਹੈ ਕਿ ਕਿਸੇ ਵਿਅਕਤੀ ਦੀ ਨਸ਼ੇ ਉਤੇ ਨਿਰਭਰਤਾ ਇਕ ਦੀਰਘ ਰੋਗ ਹੈ ਅਤੇ ਇਸ ਰੋਗ ਦਾ ਇਲਾਜ ਕੀਤਾ ਜਾ ਸਕਦਾ ਹੈ। ਇਲਾਜ ਦੇ ਦੋ ਪਹਿਲੂ ਹਨ ਪਹਿਲਾ ਸਰੀਰਕ ਇਲਾਜ ਜੋ ਦਵਾਈਆਂ ਨਾਲ ਸੰਭਵ ਹੈ ਤੇ ਦੂਸਰਾ ਮਨੋਵਿਗਿਆਨਕ ਇਲਾਜ ਜੋ ਮਨੋਵਿਗਿਆਨੀ ਦੁਆਰਾ ਮਰੀਜ਼ ਨੂੰ ਸਲਾਹ ਮਸ਼ਵਰਾ ਅਤੇ ਹੋਰ ਵਿਧੀਆਂ ਰਾਹੀਂ ਸਮਝਾ ਕੇ ਕੀਤਾ ਜਾ ਸਕਦਾ ਹੈ।

ਨਸ਼ਾ ਦੇ ਸੇਵਨ ਨੂੰ ਹੇਠ ਲਿਖੇ ਕਾਰਕ ਉਤਸ਼ਾਹਤ ਕਰਦੇ ਹਨ

- ਪਾਰਟੀਆਂ ਜਾਂ ਸਮਾਜਿਕ ਕਾਰਜ ਜਿਵੇਂ ਵਿਆਹ, ਕੁੜਮਾਈ ਦੌਰਾਨ,
- ਦੋਸਤਾਂ, ਮਿੱਤਰਾਂ ਦੀ ਰੀਸ ਕਰਨੀ,
- ਅੱਛੀ ਨੀਂਦ ਲੈਣੀ,
- ਭੁੱਖ ਵਧਾਉਣ ਲਈ,

- ਸ਼ੁਹਰਤ, ਅਕੇਵੇਂ ਆਦਿ ਤੋਂ ਬਚਣ ਲਈ,
- ਮਾਂ ਬਾਪ ਜਾਂ ਦੋਸਤਾਂ ਦੀ ਨਕਲ ਕਰਦਿਆਂ,
- ਆਤਮ ਵਿਸ਼ਵਾਸ ਵਧਾਉਣ ਲਈ,
- ਸਰੀਰਕ ਅਤੇ ਮਾਨਸਿਕ ਤਣਾਓ ਨੂੰ ਦੂਰ ਕਰਨ ਲਈ ਅਤੇ
- ਇੱਕਲੇਪਣ ਨੂੰ ਦੂਰ ਕਰਨ ਲਈ।

ਅਕਸਰ ਇਹ ਦੇਖਿਆ ਗਿਆ ਹੈ ਕਿ ਜ਼ਿਆਦਾਤਰ ਨੌਜਵਾਨਾਂ ਵਿੱਚ ਨਸ਼ਿਆਂ ਦੀ ਆਦਤ ਆਪਣੇ ਦੋਸਤਾਂ ਮਿੱਤਰਾਂ ਦੀ ਨਾਮ ਨਿਹਾਦ ਸੰਗਤ ਵਿਚੋਂ ਪੈਦਾ ਹੁੰਦੀ ਹੈ। ਅਕਸਰ ਦੋਸਤ ਮਿੱਤਰ ਹੀ ਆਪਣੇ ਸਾਥੀਆਂ ਨੂੰ ਨਸ਼ਾ ਕਰਨ ਲਈ ਉਕਸਾਉਂਦੇ ਹਨ, ਉਨ੍ਹਾਂ ਤੋਂ ਪੈਸੇ ਲੈਂਦੇ ਹਨ ਅਤੇ ਇਸ ਨਾਲ ਉਹ ਆਪਣਾ ਨਸ਼ਾ ਵੀ ਚਲਾਉਂਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਭਾਰਤ ਦੇ ਉੱਤਰੀ ਰਾਜਾਂ ਖਾਸ ਕਰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸ਼ਰਾਬ ਦੀ ਵਰਤੋਂ ਦਿਨੋ ਦਿਨ ਵਧਦੀ ਜਾ ਰਹੀ ਹੈ ਅਤੇ ਸਮਾਜਿਕ ਤੌਰ ਤੇ ਇਸ ਦੀ ਖੁੱਲ ਵੀ ਹੈ। ਸ਼ਰਾਬ ਤੋਂ ਬਿਨਾਂ ਹੋਰ ਨਸ਼ੇ ਜਿਵੇਂ ਨਸ਼ੇ ਵਾਲੀਆਂ ਗੋਲੀਆਂ, ਤੰਬਾਕੂ, ਅਫੀਮ, ਭੁੱਕੀ ਆਦਿ ਦਾ ਨਸ਼ਾ ਵੀ ਕਾਫੀ ਮਾਤਰਾ ਵਿੱਚ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਵਿੱਚ ਨਸ਼ਾ ਬਹੁਤ ਸਾਰੀਆਂ ਲਾਇਲਾਜ ਬੀਮਾਰੀਆਂ ਨੂੰ ਜਨਮ ਦੇ ਰਿਹਾ ਹੈ। ਉਦਾਹਰਣ ਦੇ ਤੌਰ ਤੇ ਜਿਹੜਾ ਵਿਅਕਤੀ ਜ਼ਿਆਦਾ ਸ਼ਰਾਬ ਪੀਂਦਾ ਹੈ, ਉਸਨੂੰ ਜਿਗਰ ਨਾਲ ਸਬੰਧਤ ਬਿਮਾਰੀਆਂ ਦਾ ਹੋਣਾ ਸੁਭਾਵਿਕ ਹੈ। ਇਸੇ ਤਰ੍ਹਾਂ ਜਿਹੜੇ ਵਿਅਕਤੀ ਸਰਿੰਜਾਂ ਨਾਲ ਨਸ਼ਾ ਕਰਦੇ ਹਨ, ਉਹਨਾਂ ਵਿੱਚ ਏਡਜ਼, ਹੈਪੇਟਾਇਟਸ ਆਦਿ ਬੀਮਾਰੀਆਂ ਦੇ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਸਰਿੰਜਾਂ ਰਾਹੀਂ ਨਸ਼ਾ ਲੈਣ ਵਾਲੇ ਜਿਹੜੇ ਵਿਅਕਤੀ ਬਿਨ੍ਹਾਂ ਉਬਾਲੀਆਂ ਸੂਈਆਂ ਦੀ ਵਰਤੋਂ ਕਰਦੇ ਹਨ ਉਹਨਾਂ ਦੀਆਂ ਨਸਾਂ ਵਿੱਚ ਖੂਨ ਦੇ ਲੋਥੜੇ ਬਣ ਜਾਂਦੇ ਹਨ ਜਿਹੜੇ ਸਰੀਰ ਦੇ ਦੂਜੇ ਭਾਗਾਂ ਵਿੱਚ ਦਾਖਲ ਹੋ ਕੇ ਖੂਨ ਦੀ ਸੰਚਾਰ ਪ੍ਰਣਾਲੀ ਵਿੱਚ ਰੁਕਾਵਟ ਪੈਦਾ ਕਰ ਦਿੰਦੇ ਹਨ, ਜਿਸ ਕਰਕੇ ਹਾਰਟ ਅਟੈਕ ਅਤੇ ਅਧਰੰਗ ਹੋ ਸਕਦਾ ਹੈ। ਇਸੇ ਤਰ੍ਹਾਂ ਤੰਬਾਕੂ ਦਾ ਜ਼ਿਆਦਾ ਸੇਵਨ ਫੇਫੜਿਆਂ ਦੇ ਕੈਂਸਰ, ਦਿਲ ਦੀਆਂ ਬੀਮਾਰੀਆਂ, ਬਲੱਡ ਪ੍ਰੈਸ਼ਰ ਆਦਿ ਬੀਮਾਰੀਆਂ ਨੂੰ ਜਨਮ ਦਿੰਦਾਹੈ। ਨਸ਼ਿਆਂ ਦੀ ਵਰਤੋਂ ਕਾਰਨ ਮਾਨਸਿਕ, ਸਮਾਜਿਕ ਅਤੇ ਪਰਿਵਾਰਿਕ ਜੀਵਨ ਦਾ ਪ੍ਰਭਾਵਤ ਹੋਣਾ ਯਕੀਨੀ ਹੈ। ਨਸ਼ੇ ਦਾ ਆਦੀ ਵਿਅਕਤੀ ਸਮਾਜਿਕ ਤੌਰ ਤੇ ਕੋਈ ਵੀ ਜ਼ਿੰਮੇਵਾਰੀ ਲੈਣ ਤੋਂ ਅਸਮਰੱਥ ਮਹਿਸੂਸ ਕਰਦਾ ਹੈ। ਉਹ ਇਹ ਵੀ ਨੀਂ ਸੋਚਦਾਕਿ ਉਸਦਾ ਪਰਿਵਾਰਕ ਜੀਵਨ ਸੰਕਟਗ੍ਰਸਤ ਹੋ ਚੁੱਕਾ ਹੈ। ਉਸਨੂੰ ਤਾਂ ਕੇਵਲ ਆਪਣੇ ਨਸ਼ੇ ਬਾਰੇ ਹੀ ਚਿੰਤਾ ਰਹਿੰਦੀ ਹੈ। ਅਜਿਹੇ ਵਿਅਕਤੀ ਅਕਸਰ ਹੀ ਅਸ਼ਾਂਤ, ਚਿੜਚਿੜੇ, ਇਕੱਲੇ ਰਹਿਣ ਦੇ ਆਦੀ, ਢਾਹੂ ਵਿਚਾਰਾਂ ਦੇ ਮਾਲਕ ਅਤੇ ਦੋਸਤਾਂ ਮਿੱਤਰਾਂ ਤੋਂ ਦੂਰ ਰਹਿਣ ਵਾਲੇ ਬਣ ਜਾਂਦੇ ਹਨ। ਉਹਨਾਂ ਦੇ ਖਾਣ ਪੀਣ ਅਤੇ ਸੌਣ ਦੇ ਤੌਰ ਤਰੀਕਿਆਂ ਵਿੱਚ ਵੀ ਬਦਲਾਓ ਵੇਖਿਆ ਜਾ ਸਕਦਾ ਹੈ।

ਭਾਰਤ ਦੇ ਕਿਸੇ ਵੀ ਰਾਜ ਵਿੱਚ ਨਸ਼ਿਆਂ ਦਾ ਉਤਪਾਦਨ, ਪੂਰਤੀ, ਖਰੀਦ ਵੇਚ ਅਤੇ ਵਰਤੋਂ ਕਾਨੂੰਨੀ ਤੌਰ ਤੇ ਇੱਕ ਅਪਰਾਧ ਹੈ। ਕਾਨੂੰਨ ਮੁਤਾਬਿਕ ਭਾਰਤ ਸਰਕਾਰ ਸ਼ਰਾਬ ਨੂੰ ਛੱਡ ਕੇ ਬਾਕੀ ਸਾਰੇ ਨਸ਼ਿਆਂ ਤੇ ਰੋਕ ਲਗਾਉਣ ਲਈ ਵਚਨਬੱਧ ਹੈ ਅਤੇ ਕਾਨੂੰਨ ਤਹਿਤ ਸਿਰਫ ਸਜ਼ਾ ਹੀ ਨਹੀਂ ਦਿੱਤੀ ਜਾਂਦੀ ਬਲਕਿ ਨਸ਼ੇ ਦੇ ਕਿੱਤੇ ਨਾਲ ਸਬੰਧਤ ਵਿਅਕਤੀਆਂ ਦਾ ਸਾਥ ਦੇਣਾ ਵੀ ਅਪਰਾਧ ਹੈ। ਸਰਕਾਰ ਨੇ ਇਸ ਅਪਰਾਧ ਦੇ ਖਾਤਮੇ ਲਈ ਕਈ ਯੋਜਨਾਵਾਂ ਵੀ ਉਲੀਕੀਆਂ ਹਨ। ਸਿਹਤ ਅਤੇ ਭਲਾਈ ਮੰਤਰਾਲਿਆਂ ਵੱਲੋਂ ਵੱਖੋ ਵੱਖ ਰਾਜਾਂ ਵਿੱਚ ਬਹੁਤ ਸਾਰੇ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ। ਇਹ ਕੇਂਦਰ ਨਸ਼ਈਆਂ ਦਾ ਇਲਾਜ ਤਾਂ ਕਰਦੇ ਹੀ ਹਨ ਅਤੇ ਨਾਲ ਨਾਲ ਨਸ਼ਿਆਂ ਦੇ ਫੈਲਾਅ ਨੂੰ ਰੋਕਣ ਲਈ ਜਾਗਰੂਕਤਾ ਪ੍ਰੋਗਰਾਮ ਵੀ ਚਲਾਉਂਦੇ ਹਨ।

## ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ

ਉਪਰੋਕਤ ਵਿਚਾਰ ਚਰਚਾ ਇਹ ਸਿੱਧ ਕਰਦੀ ਹੈ ਕਿ ਨਸ਼ਾਖੋਰੀ ਇਕ ਗੰਭੀਰ ਸਮੱਸਿਆ ਹੈ ਜੋ ਕਿ ਸਾਡੇ ਸਮਾਜ ਲਈ ਇਕ ਵੱਡੀ ਚੁਣੌਤੀ ਬਣ ਕੇ ਉੱਭਰੀ ਹੈ। ਇਸ ਸਥਿਤੀ ਵਿੱਚ ਸਮੁੱਚੇ ਸਮਾਜ ਅਤੇ ਪੰਚਾਇਤੀ ਰਾਜ ਸੰਸਥਾਵਾਂ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਇਸ ਸਮੱਸਿਆ ਦੇ ਹੱਲ ਲਈ ਗੰਭੀਰ ਅਤੇ ਉਸਾਰੂ ਯਤਨ ਕਰਨ ਤਾਂ ਜੋ ਸਮਾਜਿਕ ਭਾਈਚਾਰੇ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਜਾ ਸਕੇ। 73ਵੀਂ ਸੰਵਿਧਾਨਿਕ ਸੋਧ ਵਿੱਚ ਸਿਹਤ ਸੰਭਾਲ ਬਾਰੇ ਪੰਚਾਇਤਾਂ ਨੂੰ ਬਹੁਤ ਸਾਰੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਨਸ਼ੇ ਦੀ ਰੋਕਥਾਮ ਲਈ ਪੰਚਾਇਤਾਂ ਵੱਲੋਂ ਹੇਠ ਲਿਖੇ ਕਾਰਜਾਂ ਵੱਲ ਖਾਸ ਧਿਆਨ ਦੇਣਾ ਬਣਦਾ ਹੈ :

- ਨਸ਼ਿਆਂ ਨਾਲ ਸਬੰਧਤ ਸਮੱਸਿਆਵਾਂ, ਕਾਰਨਾਂ ਅਤੇ ਇਲਾਜ ਲਈ ਪੰਚਾਇਤ ਨੂੰ ਗਰਾਮ ਸਭ ਦੀ ਮੀਟਿੰਗ ਸੱਦਣੀ ਚਾਹੀਦੀ ਹੈ ਅਤੇ ਇਸ ਉੱਤੇ ਵਿਸ਼ੇਸ ਚਰਚਾ ਹੋਣੀ ਚਾਹੀਦੀ ਹੈ।
- ਪੰਚਾਇਤਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨੌਜਵਾਨਾਂ ਵਿੱਚ ਖੇਡਾਂ ਲਈ ਦਿਲਚਸਪੀ ਪੈਦਾ ਕਰਨ ਅਤੇ ਇਸੇ ਤਹਿਤ ਸਾਂਝੀ ਜਗ੍ਹਾ ਤੇ ਖੇਡਾਂ ਦੇ ਮੈਦਾਨਾਂ ਦੀ ਉਸਾਰੀ, ਖੇਡਾਂ ਦਾ ਸਮਾਨ ਮੁਹੱਈਆ ਕਰਵਾਉਣਾ ਆਦਿ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
- ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਖੇਤਰ ਵਿੱਚ ਖੇਡ ਮੇਲੇ ਕਰਵਾਉਣ ਤਾਂ ਕਿ ਨੌਜਵਾਨ ਵਰਗ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਪੈਦਾ ਹੋਵੇ ਅਤੇ ਉਹ ਨਸ਼ਿਆਂ ਤੋਂ ਦੂਰ ਰਹਿਣਗੇ।
- ਬੱਚਿਆਂ ਵਿਚ ਪੜ੍ਹਾਈ ਦੀ ਰੁਚੀ ਪ੍ਰਬਲ ਕਰਨ ਲਈ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਪੰਚਾਇਤ ਪੱਧਰ ਤੇ ਲਾਇਬ੍ਰੇਰੀਆਂ ਦਾ ਇੰਤਜ਼ਾਮ ਕਰਨ। ਲਾਇਬ੍ਰੇਰੀਆ ਵਿੱਚ ਲੋਕ ਹਿਤੈਸ਼ੀ ਸਾਹਿਤ ਉਪਲੱਬਧ ਕਰਵਾਉਣਾ ਚਾਹੀਦਾਹੈ ਤਾਂ ਜੋ ਨੌਜਵਾਨਾਂ ਵਿੱਚ ਲੋਕ ਸੇਵਾ ਦਾ ਜਜਬਾ ਉਭਰੇ ਅਤੇ ਉਹ ਨਸ਼ੇ ਦੀ ਆਦਤ ਤੋਂ ਬਚ ਸਕਣ।
- ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਉਸਾਰੂ ਭਵਿਖ ਲਈ ਸਕੂਲ ਸਿੱਖਿਆ ਕਮੇਟੀਆਂ ਦਾ ਗਠਨ ਕਰਨ ਅਤੇ ਜਿਹੜੇ ਵਿਦਿਆਰਥੀਆਂ ਨੇ 10ਵੀਂ ਜਮਾਤ ਤੱਕ ਸਿੱਖਿਆ ਪ੍ਰਾਪਤ ਕੀਤੀ ਹੈ, ਉਨ੍ਹਾਂ ਨੂੰ ਕਿੱਤਾ ਮੁਖੀ ਸਿਖਲਾਈ ਪ੍ਰਦਾਨ ਕਰਨ ਦੀ ਵਿਵਸਥਾ ਕਰਨ। ਖਾਸ ਕਰ ਉਹਨਾਂ ਕਿੱਤਿਆਂ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ ਜਿਨ੍ਹਾਂ ਨੂੰ ਸਿਖਣ ਤੋਂ ਬਾਅਦ ਸਵੈ ਰੋਜ਼ਗਾਰ ਨਾਲ ਸਬੰਧਤ ਕਿੱਤੇ ਸ਼ੁਰੂ ਕੀਤੇ ਜਾ ਸਕਦੇ ਹੋਣ। ਇਸ ਨਾਲ ਨੌਜਵਾਨਾਂ ਵਿੱਚ ਬੇਰੋਜ਼ਗਾਰੀ ਘਟੇਗੀ ਅਤੇ ਉਹ ਨਸ਼ਿਆਂ ਵੱਲ ਪ੍ਰੇਰਤ ਨਹੀਂ ਹੋਣਗੇ।
- ਪੰਚਾਇਤਾਂ ਨੂੰ ਦੂਜੀਆਂ ਗੈਰ ਸਰਕਾਰੀ ਸੰਸਥਾਵਾਂ ਦੀ ਸਹਾਇਤਾ ਨਾਲ ਨਸ਼ੇ ਤੋਂ ਪੀੜਤ ਵਿਅਕਤੀਆਂ ਦੇ ਸੁਧਾਰ ਲਈ ਸਾਰਥਕ ਕਦਮ ਚੁੱਕਣੇ ਚਾਹੀਦੇ ਹਨ।
- ਪੰਚਾਇਤਾਂ ਆਪਣੇ ਖੇਤਰ ਚ ਗੈਰ ਕਾਨੂੰਨੀ ਤੌਰ ਤੇ ਵਿਕ ਰਹੀਆਂ ਨਸ਼ੀਲੀਆਂ ਵਸਤੂਆਂ ਤੇ ਪਾਬੰਦੀ ਲਗਾ ਕੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ।
- ਪੰਚਾਇਤਾਂ ਸਕੂਲਾਂ ਦੇ ਨੇੜੇ ਤੇੜੇ ਪਾਨ, ਸਿਗਰਟ, ਬੀੜੀ, ਜ਼ਰਦੇ, ਤੰਬਾਕੂ ਆਦਿ ਦੀਆਂ ਚਲ ਰਹੀਆਂ ਦੁਕਾਨਾਂ ਜਾਂ ਖੋਖਿਆਂ ਨੂੰ ਬੰਦ ਕਰਵਾਉਣ ਜਾਂ ਤਬਦੀਲ ਕਰਾਉਣ ਤਾਂ ਜੋ ਸਕੂਲੀ ਬੱਚਿਆਂ ਵਿੱਚ ਇਹਨਾਂ ਦੇ ਸੇਵਨ ਦੇ ਰੁਝਾਨ ਨੂੰ ਰੋਕਿਆ ਜਾ ਸਕੇ।

ਸਰਕਾਰੀ ਖੇਤਰ ਤੋਂ ਇਲਾਵਾ ਬਹੁਤ ਸਾਰੀਆਂ ਸਵੈਸੇਵੀ ਸੰਸਥਾਵਾਂ ਵੀ ਨਸ਼ਾ ਛੁਡਾਓ ਪ੍ਰੋਗਰਾਮ ਚਲਾ ਰਹੀਆਂ ਹਨ। ਇਹਨਾਂ ਵਿੱਚ ਰੈਡ ਕਰਾਸ ਅਤੇ ਹੋਰ ਸਵੈ ਸੇਵੀ ਸੰਸਥਾਵਾਂ ਸ਼ਰਾਬ ਅਤੇ ਹੋਰ ਨਸ਼ਿਆਂ ਬਾਬਤ ਲੋਕਾਂ ਨੂੰ ਚੇਤੰਨ ਕਰਦੇ ਹੋਏ ਇਹਨਾਂ ਨਸ਼ਿਆਂ ਤੋਂ ਪੈਦਾ ਹੋਣ ਵਾਲੀਆਂ ਮਾਨਸਿਕ ਅਤੇ ਸਮਾਜਿਕ ਔਕੜਾਂ ਬਾਰੇ ਜਾਗਰੂਕ ਕਰਦੇ ਹਨ। ਇਹਨਾਂ ਸਾਰੇ ਪ੍ਰੋਗਰਾਮਾਂ ਨੂੰ ਕਾਮਯਾਬ ਕਰਨ ਲਈ ਲੋਕਾਂ ਦੀ ਭਾਗੀਦਾਰੀ ਜ਼ਰੂਰੀ ਹੈ ਅਤੇ ਪੰਚਾਇਤਾਂ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

# ਪੰਚਾਇਤਾਂ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

ਪ੍ਰਸ਼ਨ: 1 **73ਵੀਂ ਸੋਧ ਦੇ ਕੀ ਮਾਇਨੇ ਹਨ ?**

ਉਤਰ: ਸੰਵਿਧਾਨ ਦੀ 73ਵੀਂ ਸੋਧ ਅਨੁਸਾਰ **ਪੰਚਾਇਤਾਂ** ਨੂੰ ਸੰਵਿਧਾਨਕ ਦਰਜਾ ਦਿੱਤਾ ਗਿਆ ਹੈ ।

- ਪੰਚਾਇਤਾਂ ਦੀ ਮਿਆਦ 5 ਸਾਲ ਨਿਸਚਿਤ ਕੀਤੀ ਗਈ ਹੈ ।
- ਅਨੁਸੂਚਿਤ ਜਾਤਾਂ ਲਈ ਉਨ੍ਹਾਂ ਦੇ ਅਬਾਦੀ ਦੇ ਅਨੁਪਾਤ ਅਨੁਸਾਰ ਰਾਖਵਾਂਕਰਨ ।
- ਔਰਤਾਂ ਲਈ **ਘੱਟੋ**-ਘੱਟ 33 ਪ੍ਰਤੀਸ਼ਤ ਰਾਖਵਾਕਰਨ ।
- ਜ਼ਿਲਾ ਯੋਜਨਾ ਕਮੇਟੀ ਦੀ ਸਥਾਪਨਾ ।
- ਰਾਜ ਚੋਣ ਕਮਿਸ਼ਨ ਦੀ ਸਥਾਪਨਾ ।
- ਰਾਜ ਵਿੱਤ ਕਮਿਸ਼ਨ ਦੀ ਸਥਾਪਨਾ ।

ਪ੍ਰਸ਼ਨ:2 **ਗਰਾਮ ਸਭਾ ਕੀ ਹੈ?**

ਉਤਰ: ਗਰਾਮ ਸਭਾ ਖੇਤਰ ਦੇ 18 ਸਾਲ ਤੋਂ ਉਪੱਰ ਦੇ ਸਾਰੇ ਨਾਗਰਿਕਾਂ, ਜਿਨ੍ਹਾਂ ਦਾ ਨਾਂ ਵੋਟਰ ਸੂਚੀ ਵਿੱਚ ਦਰਜ ਹੋਵੇ, ਦੇ ਸਮੂਹ ਨੂੰ ਗਰਾਮ ਸਭਾ ਕਹਿੰਦੇ ਹਨ ।

ਪ੍ਰਸ਼ਨ:3 **ਗਰਾਮ ਸਭਾ ਦੀਆਂ ਕਿੰਨੀਆਂ ਮੀਟਿੰਗਾਂ ਜ਼ਰੂਰੀ ਹੁੰਦੀਆਂ ਹਨ?**

ਉਤਰ: ਗਰਾਮ ਸਭਾ ਲਈ ਸਾਲ ਵਿੱਚ ਹਾੜ੍ਹੀ (ਜੂਨ) ਅਤੇ ਸਾਉਣੀ (ਦਸੰਬਰ) ਦੀਆਂ ਬੈਠਕਾਂ **ਅਤੇ ਦੋ ਹੋਰ ਮੀਟਿੰਗਾਂ 26 ਜਨਵਰੀ ਜਾਂ 15 ਅਗਸਤ ਅਤੇ 2 ਅਕਤੂਬਰ ਦੀਆਂ ਬੈਠਕਾਂ ਜ਼ਰੂਰੀ ਹਨ ਭਾਵ ਸਾਲ ਵਿੱਚ ਗਰਾਮ ਸਭਾ ਦੀਆਂ ਘੱਟੋ-ਘੱਟ ਚਾਰ ਮੀਟਿੰਗਾਂ ਜ਼ਰੂਰੀ ਹਨ।**

ਪ੍ਰਸ਼ਨ:4 **ਗਰਾਮ ਸਭਾ ਦੀ ਹਾੜ੍ਹੀ ਦੀ ਬੈਠਕ ਵਿੱਚ ਕੀ ਕੀਤਾ ਜਾਂਦਾ ਹੈ?**

ਉਤਰ: ਹਾੜ੍ਹੀ ਦੀ ਬੈਠਕ ਵਿੱਚ ਗਰਾਮ ਸਭਾ ਪੰਚਾਇਤ ਦੇ ਪਿਛਲੇ ਵਿੱਤੀ ਸਾਲ ਦੇ ਲੇਖਿਆਂ ਦਾ ਸਾਲਾਨਾ ਚਿੱਠਾ ਅਤੇ ਚਾਲੂ ਸਾਲ ਦੌਰਾਨ ਕੀਤੇ ਜਾਣ ਵਾਲੇ ਵਿਕਾਸ ਪ੍ਰੋਗਰਾਮ ਦੀ ਪ੍ਰਗਤੀ ਰਿਪੋਰਟ ਵਿਚਾਰੇਗੀ ।

ਪ੍ਰਸ਼ਨ:5 **ਗਰਾਮ ਸਭਾ ਦੀ ਸਾਉਣੀ ਦੀ ਬੈਠਕ ਵਿੱਚ ਕੀ ਕੀਤਾ ਜਾਂਦਾ ਹੈ?**

ਉਤਰ: ਇਸ ਵਿੱਚ ਗਰਾਮ ਪੰਚਾਇਤ ਦੇ ਵਿਕਾਸ ਪ੍ਰੋਗਰਾਮਾਂ ਲਈ, ਆਮਦਨ ਅਤੇ ਖਰਚ ਸਬੰਧੀ ਬਜਟ ਅਨੁਮਾਨ ਅਤੇ ਅਗਲੇ ਆਉਣ ਵਾਲੇ ਵਿੱਤੀ ਸਾਲ ਲਈ ਸਾਲਾਨਾ ਯੋਜਨਾ ਪਾਸ ਕੀਤੀ ਜਾਂਦੀ ਹੈ ।

ਪ੍ਰਸ਼ਨ:6 **ਗਰਾਮ ਸਭਾ ਦਾ ਕੋਰਮ ਕੀ ਹੈ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 5 (6) ਅਨੁਸਾਰ ਗਰਾਮ ਸਭਾ ਦੀ ਕਿਸੇ ਵੀ ਮੀਟਿੰਗ ਲਈ ਇਸ ਦੇ ਕੁੱਲ ਮੈਬਰਾਂ ਦਾ ਪੰਜਵਾਂ ਹਿੱਸਾ ਕੋਰਮ ਹੋਵੇਗਾ। ਬਸ਼ਰਤੇ ਅੱਗੇ ਪਾਈ ਗਈ ਮੀਟਿੰਗ ਦੀ ਸੂਰਤ ਵਿਚ ਕੋਰਮ ਦਸਵਾਂ ਹਿੱਸਾ ਹੋਵੇਗਾ ਪ੍ਰੰਤੂ ਇਹ ਸ਼ਰਤਾਂ ਕੋਰਮ ਦੀ ਘਾਟ ਹੋਣ ਕਾਰਨ ਮੁਲਤਵੀ ਕੀਤੀ ਗਰਾਮ ਸਭਾ ਦੀ ਅੱਗੇ ਕਿਸੇ ਹੋਰ ਮੀਟਿੰਗ" ਤੇ ਲਾਗੂ ਨਹੀਂ ਹੋਣਗੀਆਂ ।

ਪ੍ਰਸ਼ਨ:7 **ਗਰਾਮ ਸਭਾ ਦੀ ਪ੍ਰਾਧਨਗੀ ਕੌਣ ਕਰੇਗਾ?**

ਉਤਰ: ਪੰਚਾਇਤੀ ਰਾਜ ਐਕਟ 1994 ਦੀ ਧਾਰਾ 6 ਦੇ ਅਨੁਸਾਰ ਗਰਾਮ ਸਭਾ ਦੀ ਬੈਠਕ ਦੀ ਪ੍ਰਧਾਨਗੀ ਗਰਾਮ ਪੰਚਾਇਤ ਦਾ ਸਰਪੰਚ ਕਰੇਗਾ ।

ਪ੍ਰਸ਼ਨ:8 **ਸਰਪੰਚ ਦੀ ਗੈਰ੍ਹਾਜ਼ਰੀ ਵਿੱਚ ਗਰਾਮ ਸਭਾ ਦੀ ਪ੍ਰਾਧਨਗੀ ਕੌਣ ਕਰੇਗਾ?**

ਉਤਰ: ਸਰਪੰਚ ਦੀ ਗੈਰ ਹਾਜ਼ਰੀ ਵਿੱਚ ਬੈਠਕ ਵੱਲੋ ਚੁਣਿਆ ਹੋਇਆ ਪੰਚ ਮੀਟਿੰਗ ਦੀ ਪ੍ਰਧਾਨਗੀ ਕਰੇਗਾ।

**ਪ੍ਰਸ਼ਨ:9 ਮਤੇ ਕਿਵੇਂ ਪਾਸ ਕੀਤੇ ਜਾਂਦੇ ਹਨ?**

ਉਤਰ: ਗਰਾਮ ਸਭਾ ਨੂੰ ਸੌਂਪੇਂ ਗਏ ਮਾਮਲਿਆਂ ਸਬੰਧੀ ਮੀਟਿੰਗ ਵਿੱਚ ਮਤੇ ਹਾਜ਼ਰ ਮੈਬਂਰਾਂ ਵਿਚੋ ਵੋਟ ਦੇਣ ਵਾਲੇ ਮੈਬਰਾਂ ਦੀ ਬਹੁਸੰਮਤੀ ਨਾਲ ਪਾਸ ਕੀਤੇ ਜਾਣਗੇ ।

**ਪ੍ਰਸ਼ਨ:10 ਗਰਾਮ ਸਭਾ ਦੇ ਮੈਬਂਰਾਂ ਨੂੰ ਮੀਟਿੰਗ ਬਾਰੇ ਸੂਚਨਾ ਕਿਵੇਂ ਦਿੱਤੀ ਜਾਂਦੀ ਹੈ?**

ਉਤਰ: ਸਰਪੰਚ 15 ਦਿਨ ਪਹਿਲਾਂ ਗਰਾਮ ਸਭਾ ਦੀ ਮੀਟਿੰਗ ਦਾ ਨੋਟਿਸ ਜਾਰੀ ਕਰੇਗਾ ਅਤੇ ਇਸ ਦੇ ਪ੍ਰਚਾਰ, ਮੁਨਿਆਦੀ ਅਤੇ ਘਰ੍ਘਰ ਸੁਨੇਹਾ ਭੇਜਣ ਦਾ ਜ਼ਿੰਮੇਵਾਰ ਹੋਵੇਗਾ ।

**ਪ੍ਰਸ਼ਨ:11 ਗਰਾਮ ਸਭਾ ਦੇ ਮੁੱਖ ਕੰਮ ਕਿਹੜੇ੍ਕਿਹੜੇ ਹਨ?**

ਉਤਰ: ਗਰਾਮ ਸਭਾ ਦੇ ਮੁੱਖ ਕੰਮ ਗਰਾਮ ਸਭਾ ਦਾ ਬਜਟ ਤੇ ਸਾਲਾਨਾ ਯੋਜਨਾ ਪਾਸ ਕਰਨਾ, ਵਿਕਾਸ ਦੀਆਂ ਯੋਜਨਾਵਾਂ ਨੂੰ ਲਾਗੂ ਕਰਨਾ, ਲਾਭਪਾਤਰੀਆਂ ਦੀ ਚੋਣ ਕਰਨਾ ਅਤੇ ਗਰਾਮ ਪੰਚਾਇਤ ਦੀ ਕਾਰਜਪ੍ਰਣਾਲੀ ਦੀ ਨਿਗਰਾਨੀ ਕਰਨਾ ਹਨ ।

**ਪ੍ਰਸ਼ਨ:12 ਗਰਾਮ ਪੰਚਾਇਤ ਦੀ ਸਥਾਪਨਾ ਕਿਵੇਂ ਹੁੰਦੀ ਹੈ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 10 ਅਨੁਸਾਰ ਹਰੇਕ ਗਰਾਮ ਸਭਾ ਆਪਣੇ ਮੈਬਰਾਂ ਵਿੱਚੋਂ ਗਰਾਮ ਸਭਾ ਖੇਤਰ ਲਈ ਇੱਕ ਗਰਾਮ ਪੰਚਾਇਤ ਚੁਣੇਗੀ, ਜਿਸ ਵਿੱਚ ਇੱਕ ਸਰਪੰਚ ਅਤੇ ਪਿੰਡ ਦੀ ਜਨਸੰਖਿਆ ਅਨੁਸਾਰ ਪੰਚ ਹੋਣਗੇ । ਇੱਕ ਗਰਾਮ ਪੰਚਾਇਤ ਵਿੱਚ ਪੰਜ ਤੋਂ ਤੇਰ੍ਹਾਂ ਪੰਚ ਹੋ ਸਕਦੇ ਹਨ । ਗਰਾਮ ਪੰਚਾਇਤ ਦੇ ਪੰਚ ਚੁਣੇ ਜਾਣ ਲਈ ਉਹ ਗਰਾਮ ਸਭਾ ਦਾ ਮੈਬਂਰ ਹੋਵੇ ਅਤੇ ਉਸ ਦੀ ਉਮਰ ਘੱਟੋ-ਘੱਟ 21 ਸਾਲ ਹੋਵੇ ।

**ਪ੍ਰਸ਼ਨ:13 ਗਰਾਮ ਪੰਚਾਇਤ ਦੀਆਂ ਕਿੰਨੀਆਂ ਮੀਟਿੰਗਾਂ ਕੀਤੀਆਂ ਜਾਣ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 23(1) ਅਨੁਸਾਰ ਗਰਾਮ ਪੰਚਾਇਤ ਦੀ ਮੀਟਿੰਗ ਜਨਤਕ ਹੋਵੇਗੀ ਅਤੇ ਹਰ ਮਹੀਨੇ ਘੱਟੋ੍ਘੱਟ ਇੱਕ ਮੀਟਿੰਗ ਲਾਜ਼ਮੀ ਹੈ ।ਇੱਕ ਸਾਲ ਵਿੱਚ ਬਾਰ੍ਹਾਂ ਮੀਟਿੰਗਾਂ ਲਾਜ਼ਮੀ ਹਨ । ਗਰਾਮ ਪੰਚਾਇਤ ਦੀ ਮੀਟਿੰਗ ਗਰਾਮ ਪੰਚਾਇਤ ਦੇ ਦਫਤਰ ਜਾਂ ਪਿੰਡ ਦੀ ਕਿਸੇ ਹੋਰ ਜਨਤਕ ਥਾਂ ”ਤੇ ਸਰਪੰਚ ਦੁਆਰਾ ਨਿਰਧਾਰਤ ਸਮੇਂ ਅਤੇ ਮਿਤੀ ਅਨੁਸਾਰ ਕੀਤੀ ਜਾਵੇਗੀ।

**ਪ੍ਰਸ਼ਨ:14 ਕੀ ਪੰਚ ਆਪਣੇ ਪੱਧਰ ਤੇ ਸਰਪੰਚ ਨੂੰ ਮੀਟਿੰਗ ਬੁਲਾਉਣ ਲਈ ਕਹਿ ਸਕਦੇ ਹਨ?**

ਉਤਰ: ਧਾਰਾ 23(2) ਅਨੁਸਾਰ ਸਰਪੰਚ ਨੂੰ ਜਦੋਂ ਵੀ ਬਹੁਗਿਣਤੀ ਪੰਚਾਂ ਵੱਲੋਂ ਸਪੈਸ਼ਲ ਮੀਟਿੰਗ ਬੁਲਾਉਣ ਲਈ ਲਿਖਤੀ ਤੌਰ ਤੇ ਮੰਗ ਪੱਤਰ ਦਿੱਤਾ ਜਾਵੇਗਾ ਤਾਂ ਉਹ ਤਿੰਨ ਦਿਨਾਂ ਦੇ ਵਿੱਚ ਇੱਕ ਹਫਤੇ ਦਾ **ਨੋਟਿਸ** ਦੇ ਕੇ ਮੀਟਿੰਗ ਸੱਦੇਗਾ । ਜੇਕਰ ਸਰਪੰਚ ਅਜਿਹੀ ਬੇਨਤੀ ਉੱਤੇ ਮੀਟਿੰਗ ਨਹੀਂ ਬੁਲਾਉਦਾਂ ਤਾਂ ਪੰਚ ਬੀ.ਡੀ.ਪੀ.ਓ ਦੀ ਅਗੇਤੀ ਪ੍ਰਵਾਨਗੀ ਨਾਲ ਇੱਕ ਹਫਤੇ ਦਾ ਨੋਟਿਸ ਪੰਚਾਇਤ ਸਕੱਤਰ ਰਾਹੀਂ ਸਰਪੰਚ ਅਤੇ ਦੂਜੇ ਪੰਚਾਂ ਨੂੰ ਭੇਜ ਕੇ ਮੀਟਿੰਗ ਬੁਲਾਉਣ ਦੇ ਹੱਕਦਾਰ ਹੋਣਗੇ ।

**ਪ੍ਰਸ਼ਨ:15 ਗਰਾਮ ਪੰਚਾਇਤ ਦੀ ਮੀਟਿੰਗ ਦੀ ਪ੍ਰਧਾਨਗੀ ਕੌਣ ਕਰਦਾ ਹੈ?**

ਉਤਰ: ਗਰਾਮ ਪੰਚਾਇਤ ਮੀਟਿੰਗ ਦੀ ਪ੍ਰਧਾਨਗੀ ਸਰਪੰਚ ਕਰਦਾ ਹੈ । ਜੇਕਰ ਕਿਸੇ ਕਾਰਨ ਕਰਕੇ ਸਰਪੰਚ ਮੀਟਿੰਗ ‘ਚ ਹਾਜ਼ਰ ਨਾ ਹੋ ਸਕੇ ਤਾਂ ਮੀਟੰਗ ਵਿੱਚ ਹਾਜ਼ਰ ਮੈਬਰਾਂ ਵਿੱਚੋਂ ਆਪਸ ਵਿੱਚੋਂ ਚੁਣਿਆਂ ਕੋਈ ਇੱਕ ਮੈਬਂਰ ਮੀਟਿੰਗ ਦੀ ਪ੍ਰਧਾਨਗੀ ਕਰੇਗਾ । ਇਸ ਤੋਂ ਇਲਾਵਾ ਜੇਕਰ ਮੀਟਿੰਗ ਵਿੱਚ ਵਿਚਾਰੇ ਜਾਣ ਵਾਲੇ ਮਤੇ ਸਬੰਧੀ ਸਰਪੰਚ ਜਾਂ ਪ੍ਰਧਾਨਗੀ ਕਰ ਰਹੇ ਪੰਚ ਦੇ ਨਿੱਜੀ ਹਿੱਤ ਹੋਣ ਤਾਂ ਸਰਪੰਚ ਜਾਂ ਉਹ ਪੰਚ ਉਸ ਮੀਟਿੰਗ ਦੀ ਪ੍ਰਧਾਨਗੀ ਨਹੀਂ ਕਰੇਗਾ ।

ਅਜਿਹੀ ਸੂਰਤ ਵਿੱਚ ਮੀਟਿੰਗ ਵਿੱਚ ਹਾਜ਼ਰ **ਮੈਂਬਰਾਂ ਵਿਚੋਂ ਚੁਣਿਆ ਕੋਈ** ਹੋਰ ਮੈਂਬਰ ਮੀਟਿੰਗ ਦੀ ਪ੍ਰਧਾਨਗੀ ਕਰੇਗਾ । ਸਰਪੰਚ ਜਾਂ ਉਹ ਪੰਚ ਮੀਟਿੰਗ ਵਿੱਚ ਹਾਜ਼ਰ ਰਹਿ ਸਕਦਾ ਹੈ ਪਰ ਉਹ ਸਬੰਧਤ ਮਤੇ 'ਤੇ ਹੋ ਰਹੀ ਵਿਚਾਰ ਅਤੇ ਵੋਟਿੰਗ ਵਿੱਚ ਹਿੱਸਾ ਨਹੀਂ ਲੈ ਸਕਦਾ ।

**ਪ੍ਰਸ਼ਨ:16 ਗਰਾਮ ਪੰਚਾਇਤ ਦੀਆਂ ਮੀਟਿੰਗਾਂ ਲਈ ਕਿੰਨਾ ਕੋਰਮ ਹੁੰਦਾ ਹੈ?**

ਉਤਰ: ਗਰਾਮ ਪੰਚਾਇਤ ਦੀ ਮੀਟਿੰਗ ਲਈ ਉਸ ਸਮੇਂ ਅਹੁਦੇ ''ਤੇ ਬਣੇ ਪੰਚਾਂ ਦੀ ਬਹੁਗਿਣਤੀ ਹੀ ਮੁਕੰਮਲ ਕੋਰਮ ਹੋਵੇਗਾ । ਉਦਾਹਰਣ ਦੇ ਲਈ ਕਿਸੇ ਗਰਾਮ ਪੰਚਾਇਤ ਦੇ ਵਿੱਚ 9 ਮੈਂਬਰ ਹਨ ਤਾਂ ਗਰਾਮ ਪੰਚਾਇਤ ਦੀ ਮੀਟਿੰਗ ਦਾ ਕੋਰਮ 5 ਮੈਂਬਰਾਂ ਦੀ ਹਾਜ਼ਰੀ ਲਗਾਉਣ ਨਾਲ ਪੂਰਾ ਹੋਵੇਗਾ । ਇਸ ਮੰਤਵ ਲਈ ਸਰਪੰਚ ਦੀ ਗਿਣਤੀ ਵੀ ਪੰਚ ਵਜੋਂ ਹੋਵੇਗੀ । ਜੇਕਰ ਕੋਰਮ ਪੂਰਾ ਨਾ ਹੋਵੇ ਤਾਂ ਮੀਟੰਗ ਦੀ ਪ੍ਰਧਾਨਗੀ ਕਰਨ ਵਾਲਾ **ਵਿਅਕਤੀ** ਤੀਹ ਮਿੰਟ ਲਈ ਇੰਤਜ਼ਾਰ ਕਰੇਗਾ। ਜੇਕਰ ਕੋਰਮ ਪੂਰਾ ਨਹੀਂ ਹੋਵੇਗਾ ਤਾਂ ਸਰਪੰਚ ਅਗਲੀ ਮਿਤੀ ਤੱਕ ਮੀਟਿੰਗ ਮੁਲਤਵੀ ਕਰ ਦੇਵੇਗਾ। ਜੇਕਰ ਕੋਰਮ ਪੂਰਾ ਹੋ ਜਾਵੇ ਤਾਂ ਮੀਟੰਗ ਸ਼ੁਰੂ ਕੀਤੀ ਜਾਵੇਗੀ ।

**ਪ੍ਰਸ਼ਨ:17 ਗਰਾਮ ਪੰਚਾਇਤ ਦੀਆਂ ਮੀਟਿੰਗਾਂ ਵਿੱਚ ਗੈਰ ਹਾਜ਼ਰ ਰਹਿਣ ਦੇ ਕੀ ਸਿੱਟੇ ਹੋ ਸਕਦੇ ਹਨ?**

ਉਤਰ: ਮੀਟਿੰਗ ਵਿੱਚ ਹਾਜ਼ਰ ਹੋਣ 'ਤੇ ਸਰਪੰਚ ਅਤੇ ਪੰਚ ਕਾਰਵਾਈ ਰਜਿਸਟਰ ਵਿੱਚ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਹਾਜ਼ਰੀ ਆਪਣੇ ਦਸਤਖਤ, ਅੰਗੂਠਾ ਆਦਿ ਨਾਲ ਖੁਦ ਲਗਾਉਣਗੇ। ਪ੍ਰਧਾਨਗੀ ਕਰ ਰਿਹਾ ਵਿਅਕਤੀ ਅੱਧਾ ਘੰਟਾ ਉਡੀਕ ਕਰਨ ਤੋਂ ਬਾਅਦ ਮੀਟਿੰਗ ਵਿੱਚ ਗੈਰਹਾਜ਼ਰ ਰਹਿਣ ਵਾਲੇ ਦੀ ਗੈਰਹਾਜ਼ਰੀ ਲਗਾਵੇਗਾ । ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(1) ਅਨੁਸਾਰ ਜੇਕਰ ਸਰਪੰਚ ਪੰਚਾਇਤ ਦੀਆਂ ਦੋ ਮਹੀਨੇ ਨਗਾਤਾਰ ਮੀਟਿੰਗਾਂ ਨਹੀਂ ਬਲਾਉਦਾਂ ਜਾਂ ਮੀਟਿੰਗਾਂ ਵਿੱਚ ਭਾਗ ਨਹੀਂ ਲੈਂਦਾਂ ਤਾਂ ਉਸ ਸਰਪੰਚ ਦੇ ਖਿਲਾਫ ਕਾਰਵਾਈ ਕਰਨ ਹਿੱਤ ਬੀ.ਡੀ.ਪੀ.ਓ ਵੱਲੋਂ ਡਾਇਰੈਕਟਰ, ਪੰਚਾਇਤਾਂ ਨੂੰ ਲਿਖਿਆ ਜਾਵੇਗਾ। ਡਾਇਰੈਕਟਰ ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇ ਕੇ ਲੋੜੀਂਦੀ ਪੜਤਾਲ ਕਰਨ ਉਪਰੰਤ ਅਹੁਦੇ ਤੋਂ ਹਟਾ ਵੀ ਸਕਦੇ ਹਨ ।

- ਇਸੇ ਤਰ੍ਹਾਂ ਜੇਕਰ ਕੋਈ ਪੰਚ ਪੰਚਾਇਤ ਦੀਆਂ ਮੀਟਿੰਗਾਂ ਵਿਚੋਂ ਲਗਾਤਾਰ ਦੋ ਮਹੀਨੇ ਲਈ ਬਿਨਾਂ ਕਿਸੇ ਵਾਜਬ ਕਾਰਨ **ਦੇ** ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਦੇ ਵਿਰੁੱਧ ਕਾਰਵਾਈ ਹਿੱਤ ਲਿਖਿਆ ਜਾਵੇਗਾ ਅਤੇ ਉਸ ਨੂੰ ਮੁਅੱਤਲ ਜਾ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।
- ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(1) ਅਧੀਨ ਹਟਾਇਆ ਗਿਆ ਕੋਈ ਵਿਅਕਤੀ ਅਜਿਹੇ ਸਮੇਂ ਲਈ ਜੋ ਉਸ ਨੂੰ ਹਟਾਏ ਜਾਣ ਦੀ ਮਿਤੀ ਤੋਂ ਪੰਜ ਸਾਲ ਤੱਕ ਅਤੇ ਜਿਹੜਾ ਸਮਾਂ ਡਾਇਰੈਕਟਰ ਨਿਸ਼ਚਿਤ ਕਰੇ, ਦੁਬਾਰਾ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

**ਪ੍ਰਸ਼ਨ:18 ਮਤੇ ਕਿਵੇਂ ਪਾਸ ਕੀਤੇ ਜਾਣ?**

ਉਤਰ: ਹਰ ਮੀਟਿੰਗ ਵਿੱਚ ਮਤੇ ਵਿਚਾਰ੍ ਵਟਾਂਦਰੇ ਤੋਂ ਬਾਅਦ ਵੋਟਿੰਗ ਜਾਂ ਸਰਬਸੰਮਤੀ **ਰਾਹੀਂ** ਪਾਸ ਕੀਤੇ ਜਾਣਗੇ । ਮਤਿਆਂ ਬਾਰੇ ਫੈਸਲੇ ਹਾਜ਼ਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਬਹੁਗਿਣਤੀ ਦੀ ਸਹਿਮਤੀ ਨਾਲ ਹੋਣਗੇ। ਵੋਟਿੰਗ ਕਰਨ ਸਮੇਂ ਸਾਰੇ ਮੈਂਬਰ ਕਾਰਵਾਈ ਵਿੱਚ ਮਤੇ ਦੇ ਹੇਠਾਂ ਆਪਣੇ ਦਸਤਖਤ ਕਰਨਗੇ/ਅੰਗੂਠਾ ਲਗਾਉਣਗੇ । ਹਰ ਮਤੇ 'ਤੇ ਵੱਖਰੀ-ਵੱਖਰੀ ਚਰਚਾ ਅਤੇ ਵੋਟਿੰਗ ਕਰਵਾਈ ਜਾਵੇ।

**ਪ੍ਰਸ਼ਨ:19 ਕਾਸਟਿੰਗ ਵੋਟ ਕੀ ਹੁੰਦੀ ਹੈ ਅਤੇ ਇਸ ਦੀ ਵਰਤੋਂ ਕਦੋ ਕੀਤੀ ਜਾਂਦੀ ਹੈ?**

ਉਤਰ: ਧਾਰਾ 24(3) ਅਨੁਸਾਰ ਜੇਕਰ ਕਿਸੇ ਮਤੇ ਦੇ ਹੱਕ ਵਿੱਚ ਅਤੇ ਵਿਰੋਧ ਵਿੱਚ ਵੋਟਾਂ ਦੀ ਗਿਣਤੀ ਬਰਾਬਰ ਹੋ ਜਾਂਦੀ ਹੈ ਤਾਂ ਪ੍ਰਧਾਨਗੀ ਕਰ ਰਹੇ ਵਿਅਕਤੀ ਨੂੰ ਆਪਣੀ ਇੱਕ ਵਾਧੂ ਵੋਟ ਮਤੇ ਦੇ ਹੱਕ ਵਿੱਚ ਦੇਣ ਦਾ ਅਧਿਕਾਰ ਹੈ ।

- ਨੋਟ: ਕਾਸਟਿੰਗ ਵੋਟ ਦੀ ਵਰਤੋਂ ਤਾਂ ਹੀ ਹੋ ਸਕਦੀ ਹੈ ਜੇਕਰ ਪਹਿਲਾਂ ਮੀਟਿੰਗ ਕਰਨ ਲਈ ਕੁਲ ਪੰਚਾਂ ਵਿੱਚੋਂ ਕੋਰਮ ਪੂਰਾ ਹੋਵੇ । ਕੋਰਮ ਪੂਰਾ ਕਰਨ ਲਈ ਸਰਪੰਚ ਨੂੰ ਜਾਂ ਪ੍ਰਧਾਨਗੀ ਕਰ ਰਹੇ ਪੰਚ ਨੂੰ ਨਿਰਨਾਇਕ ਜਾਂ ਕਾਸਟਿੰਗ ਵੋਟ ਦੇਣ ਦਾ ਅਧਿਕਾਰ ਨਹੀਂ ਹੈ।

**ਪ੍ਰਸ਼ਨ:20 ਮੀਟਿੰਗ ਦੀ ਕਾਰਵਾਈ ਕਿਵੇਂ ਲਿਖੀ ਜਾਵੇ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ, 1994 ਦੇ ਸੈਕਸ਼ਨ 87 ਅਤੇ 96 ਵਿੱਚ ਗਰਾਮ ਪੰਚਾਇਤ ਦਾ ਰਿਕਾਰਡ ਰੱਖਣ ਸਬੰਧੀ ਦੱਸਿਆ ਗਿਆ ਹੈ । ਗਰਾਮ ਪੰਚਾਇਤ ਦੀ ਮੀਟਿੰਗ ਦੀ ਪੂਰੀ ਕਾਰਵਾਈ ਗਰਾਮ ਪੰਚਾਇਤ ਦੀ ਕਾਰਵਾਈ ਕਿਤਾਬ ਜੋ ਕਿ ਪੰਜਾਬ ਗਰਾਮ ਪੰਚਾਇਤ ਨਿਯਮ 2012 ਦੇ ਫਾਰਮ ਨੰ: 1 ਅਨੁਸਾਰ ਹੋਵੇ ਅਤੇ ਜ਼ਿਲਾ ਪ੍ਰੀਸ਼ਦ ਵੱਲੋਂ ਜਾਰੀ ਕੀਤਾ ਗਿਆ ਹੋਵੇ, ਵਿੱਚ ਵਿਸਥਾਰਪੂਰਵਕ ਢੰਗ ਨਾਲ ਹੇਠ ਲਿਖੇ ਅਨੁਸਾਰ ਲਿਖੀ ਜਾਵੇ:

- ਸਭ ਤੋਂ ਪਹਿਲਾਂ ਮੀਟਿੰਗ ਬਾਰੇ ਮੁੱਢਲੀ ਜਾਣਕਾਰੀ ਜਿਵੇਂ ਗਰਾਮ ਪੰਚਾਇਤ ਦਾ ਨਾਂ, ਮੀਟਿੰਗ ਦੀ ਮਿਤੀ, ਮੀਟਿੰਗ ਦਾ ਸਥਾਨ, ਪ੍ਰਧਾਨਗੀ ਕਰਨ ਵਾਲੇ ਦਾ ਨਾਂ ਆਦਿ ਲਿਖਿਆ ਜਾਵੇ । ਮੀਟਿੰਗ ਦਾ ਸਥਾਨ ਲਿਖਦੇ ਸਮੇਂ ਕੇਵਲ ਸਾਂਝੀ ਥਾਂ ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ, ਸਗੋਂ ਉਸ ਸਾਂਝੀ ਥਾਂ ਦਾ ਨਾਮ ਜਿਵੇਂ ਕਿ ਪੰਚਾਇਤ ਘਰ ਜਾਂ ਕੋਈ ਖਾਸ ਧਰਮਸ਼ਾਲਾ ਆਦਿ ਦਾ ਵੇਰਵਾ ਦਿੱਤਾ ਜਾਵੇ ।
- ਉਸ ਤੋਂ ਬਾਅਦ ਹਾਜ਼ਰ ਮੈਂਬਰਾਂ ਦੀ ਹਾਜ਼ਰੀ ਦਾ ਵੇਰਵਾ ਦਿੱਤਾ ਜਾਵੇ ।
- ਫਿਰ ਕੋਰਮ ਬਾਰੇ ਦੱਸਿਆ ਜਾਵੇ । ਜੇਕਰ ਕੋਰਮ ਪੂਰਾ ਹੋਵੇ ਭਾਵ ਬਹੁਗਿਣਤੀ ਮੈਂਬਰ ਹਾਜ਼ਰ ਹੋਣ ਤਾਂ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਬਾਰੇ ਦੱਸ ਕੇ ਮਤੇ ਪੇਸ਼ ਕੀਤੇ ਜਾਣ ।
- ਹਰੇਕ ਮਤੇ ਨੂੰ ਕਾਰਵਾਈ ਵਿੱਚ ਦਰਜ ਕਰਨ ਤੋਂ ਬਾਅਦ ਮਤੇ ”ਤੇ ਮੈਂਬਰਾਂ ਦਰਮਿਆਨ ਹੋਣ ਵਾਲੀ ਚਰਚਾ ਨੂੰ ਦਰਜ ਕੀਤਾ ਜਾਵੇ । ਗਰਾਮ ਪੰਚਾਇਤ ਮੈਂਬਰਾਂ ਦੇ ਵਿਚਾਰ, ਸੁਝਾਅ, ਮੱਤਭੇਦ ਅਤੇ ਵੱਖਰੀ ਰਾਇ ਆਦਿ ਗਰਾਮ ਪੰਚਾਇਤ ਦੇ ਮੈਂਬਰਾਂ ਦੇ ਨਾਵਾਂ ਸਮੇਤ ਕਾਰਵਾਈ ਕਿਤਾਬ ਵਿਚ ਨੋਟ ਕੀਤੀ ਜਾਵੇ ।
- ਵਿਚਾਰ ਚਰਚਾ ਤੋਂ ਬਾਅਦ ਹਾਜ਼ਰ ਮੈਂਬਰਾਂ ਦੀ ਵੋਟਿੰਗ ਕਰਵਾਈ ਜਾਵੇ ਅਤੇ ਹਸਤਾਖਰ ਕਰਕੇ ਵੋਟਿੰਗ ਕਰਨ ਵਾਲੇ ਮੈਂਬਰਾਂ ਵਿੱਚੋਂ ਬਹੁਗਿਣਤੀ ਨਾਲ ਮਤਾ ਪਾਸ ਮੰਨਿਆ ਜਾਵੇ । ਕਿਸੇ ਵੀ ਕਾਰਨ ਕਰਕੇ ਵੋਟਿੰਗ ਨਾ ਕਰਨ ਵਾਲੇ ਮੈਂਬਰਾਂ ਦੀ ਵੋਟ ਨਾ ਤਾਂ ਮਤੇ ਦੇ ਹੱਕ ਵਿੱਚ ਅਤੇ ਨਾ ਹੀ ਵਿਰੋਧ ਵਿੱਚ ਗਿਣੀ ਜਾਵੇਗੀ, ਭਾਵੇਂ ਕਿ ਉਹ ਮੀਟਿੰਗ ਵਿੱਚ ਹਾਜ਼ਰ ਵੀ ਕਿਉਂ ਨਾ ਹੋਣ ।
- ਮੀਟਿੰਗ ਦੀ ਕਾਰਵਾਈ ਹੇਠਾਂ ਸਾਰੇ ਗਰਾਮ ਪੰਚਾਇਤ ਮੈਂਬਰ/ਸਰਪੰਚ ਹਸਤਾਖਰ ਕਰਨ ਅਤੇ ਪੰਚਾਇਤ ਸਕੱਤਰ ਆਪਣੀ ਟਿੱਪਣੀ ਦਰਜ ਕਰੇ ।ਇਸ ਕਾਰਵਾਈ ਦੀ ਇੱਕ ਇੱਕ ਕਾਪੀ ਸਾਰੇ ਮੈਂਬਰਾਂ ਨੂੰ ਮੀਟਿੰਗ ਹੋਣ ਤੋਂ ਸੱਤ ਦਿਨਾਂ ਦੇ ਅੰਦਰ ਪੰਚਾਇਤ ਸਕੱਤਰ ਦੁਆਰਾ ਭੇਜੀ ਜਾਵੇ ।

**ਪ੍ਰਸ਼ਨ:21 ਪੰਚ ਅਤੇ ਸਰਪੰਚ ਜੇਕਰ ਚਾਹੁਣ ਤਾਂ ਅਸਤੀਫਾ ਕਿਵੇਂ ਦੇ ਸਕਦੇ ਹਨ?**

ਉਤਰ: ਪੰਚ ਅਤੇ ਸਰਪੰਚ ਆਪਣੀ ਮੈਂਬਰੀ ਤੋਂ ਅਸਤੀਫਾ ਆਪਣੇ ਦਸਤਖਤਾਂ ਹੇਠਾਂ ਡਿਪਟੀ ਡਾਇਰੈਕਟਰ ਨੂੰ ਲਿਖਤੀ ਰੂਪ ਵਿੱਚ ਦੇ ਸਕਦੇ ਹਨ । ਇਹ ਅਸਤੀਫੇ ਦੀ ਪ੍ਰਾਪਤੀ ਤੋਂ ਪੰਦਰਾਂ ਦਿਨਾਂ ਵਿੱਚ ਮਨਜ਼ੂਰ ਹੋ ਜਾਵੇਗਾ ਬਸ਼ਰਤੇ ਕਿ ਅਸਤੀਫਾ ਦੇਣ ਵਾਲਾ ਪੰਦਰਾਂ ਦਿਨਾਂ ਦੇ ਵਿੱਚ ਨਿਸ਼ਚਿਤ ਅਧਿਕਾਰੀ ਨੂੰ ਆਪਣੀ ਹੱਥੀ ਪੱਤਰ ਦੇ ਕੇ ਅਸਤੀਫਾ ਵਾਪਸ ਨਹੀਂ ਲੈ ਲੈਂਦਾਂ ।

**ਪ੍ਰਸ਼ਨ:22 ਸਰਪੰਚ ਜਾਂ ਪੰਚਾਂ ਦੀਆਂ ਆਰਜ਼ੀ ਖਾਲੀ ਹੋਈਆਂ ਥਾਵਾਂ ਨੂੰ ਕਿਵੇਂ ਭਰਿਆ ਜਾਂਦਾ ਹੈ?**

ਉਤਰ: ਜਦੋਂ ਕਿਸੇ ਸਰਪੰਚ ਜਾਂ ਪੰਚ ਦੀ ਆਸਾਮੀ ਉਸ ਦੀ ਮੌਤ, ਅਸਤੀਫੇ ਜਾਂ ਉਸ ਦੇ ਹਟਾਏ ਜਾਣ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਖਾਲੀ ਹੋ ਜਾਵੇ, ਉਹ ਅਸਾਮੀ ਰਾਜ ਚੋਣ ਕਮਿਸ਼ਨ ਦੁਆਰਾ

ਹੀ ਭਰੀ ਜਾਵੇਗੀ । ਜੇਕਰ ਇਹ ਆਸਾਮੀ ਅਨੁਸੂਚਿਤ ਜਾਤੀ, ਪਛੜੀ ਸ੍ਰੇਣੀ ਜਾਂ ਔਰਤ ਸ੍ਰੇਣੀ ਨਾਲ ਸਬੰਧਤ ਹੋਵੇ ਤਾਂ ਉਸ ਸ੍ਰੇਣੀ ਦੇ ਵਿਅਕਤੀਆਂ **ਵਿੱਚੋਂ** ਹੀ ਭਰੀ ਜਾਵੇਗੀ ।

- ਆਰਜ਼ੀ ਖਾਲੀ ਹੋਈ ਆਸਾਮੀ ਲਈ ਚੁਣਿਆ ਗਿਆ ਵਿਅਕਤੀ ਆਪਣੇ ਪੂਰਵ ਅਧਿਕਾਰੀ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਚੁਣਿਆ ਜਾਵੇਗਾ ।
- ਜੇਕਰ ਕਿਸੇ ਪੰਚ ਜਾਂ ਸਰਪੰਚ ਦੀ ਬਾਕੀ ਰਹਿੰਦੀ ਮਿਆਦ ਛੇ ਮਹੀਨੇ ਤੋਂ ਘੱਟ ਹੋਵੇ ਤਾਂ ਉਸ ਦੀ ਖਾਲੀ ਹੋਈ ਥਾਂ ਤੇ ਚੋਣ ਕਰਾਉਣ ਦੀ ਲੋੜ ਨਹੀਂ ਹੈ ।

**ਪ੍ਰਸਨ:23 ਸਰਪੰਚ ਦੇ ਕੀ ਅਧਿਕਾਰ ਅਤੇ ਜ਼ਿੰਮੇਵਾਰੀਆਂ ਹਨ?**

ਉਤਰ: ਸਰਪੰਚ ਦੇ ਅਧਿਕਾਰ ਅਤੇ ਜਿੰਮੇਵਾਰੀਆਂ ਹੇਠਾਂ ਲਿਖੇ ਅਨੁਸਾਰ ਹਨ:-

- ਪਿੰਡ ਦਾ ਵਿਕਾਸ ਕਰਨਾ ।
- ਗਰਾਮ ਸਭਾ ਦੀਆਂ ਬੈਠਕਾਂ ਬੁਲਾਉਣ ਲਈ ਜ਼ਿੰਮੇਵਾਰ ਹੋਵੇਗਾ ਅਤੇ ਉਨ੍ਹਾਂ ਦੀ ਪ੍ਰਧਾਨਗੀ ਕਰੇਗਾ ।
- ਗਰਾਮ ਪਚੰਾਇਤ ਦੇ ਰਿਕਾਰਡ ਕਾਇਮ ਰੱਖਣ ਲਈ ਜ਼ਿੰਮੇਵਾਰ ਹੋਵੇਗਾ ।
- ਗਰਾਮ ਪੰਚਾਇਤ ਦੇ ਵਿੱਤੀ ਅਤੇ ਕਾਰਜਕਾਰੀ ਪ੍ਰਸ਼ਾਸ਼ਨ ਲਈ ਆਮ ਤੌਰ ਤੇ ਜ਼ਿੰਮੇਵਾਰ ਹੋਵੇਗਾ ।
- ਪੰਚਾਇਤ ਦੀ ਸੰਪਤੀ ਜਿਵੇਂ ਕਿ ਸ਼ਾਮਲਾਟ ਜ਼ਮੀਨਾਂ, ਮਾਰਗ, ਭਵਨ, ਛੱਪੜਾਂ, ਪੁਲਾਂ ਅਤੇ ਨਾਲੀਆਂ ਦੀ ਸਾਂਭ ਸੰਭਾਲ ਕਰਨੀ ।
- ਪੰਚਾਇਤ ਦੀ ਆਮਦਨ ਵਧਾਉਣ ਦਾ ਯਤਨ ਕਰਨਾ ।
- ਪਿੰਡ ਦੇ ਕੰਮਾਂ ਲਈ ਜਨਤਕ ਯੋਗਦਾਨ ਵਧਾਉਣ ਲਈ ਯਤਨ ਕਰਨਾ ।
- ਗਰਾਮ ਪੰਚਾਇਤ ਦੇ ਸਟਾਫ ਅਤੇ ਇਹੋ ਜਿਹੇ ਉਨ੍ਹਾਂ ਅਫਸਰਾਂ ਜਾਂ ਕਰਮਚਾਰੀਆਂ, ਜਿਨ੍ਹਾਂ ਦੀਆਂ ਸੇਵਾਵਾਂ ਕਿਸੇ ਦੂਜੀ ਅਥਾਰਟੀ ਰਾਹੀਂ ਗਰਾਮ ਪੰਚਾਇਤ ਨੂੰ ਸੌਂਪੀਆਂ ਗਈਆਂ ਹਨ, ਦੇ ਕੰਮ ਤੇ ਪ੍ਰਬੰਧਕੀ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਰਿਪੋਰਟ ਸਬੰਧਤ ਅਧਿਕਾਰੀਆਂ ਨੂੰ ਭੇਜੇਗਾ ।
- ਇਸ ਐਕਟ ਨਾਲ ਸਬੰਧਤ ਕਾਰੋਬਾਰ ਚਲਾਉਣ ਲਈ ਜਾਂ ਇਸ ਦੁਆਰਾ ਅਧਿਕਾਰ ਦਿੱਤੇ ਜਾਣ ਤੇ ਕਿਸੇ ਹੁਕਮ ਦੇ ਮੰਤਵ ਲਈ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਅਜਿਹੇ ਕੰਮ ਕਰੇਗਾ ਜਾਂ ਅਜਿਹੇ ਫਰਜ਼ ਨਿਭਾਏਗਾ, ਜਿਨ੍ਹਾਂ ਦੀ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਤਹਿਤ ਗਰਾਮ ਪੰਚਾਇਤ ਦੁਆਰਾ ਵਰਤੋਂ ਕੀਤੀ ਜਾਂਦੀ ਹੈ । ਸਰਪੰਚ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਗਰਾਮ ਪੰਚਾਇਤ ਦੀ ਮੀਟਿੰਗ ਦੌਰਾਨ ਨਹੀਂ ਕਰੇਗਾ ।
- ਇਹੋ ਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਤੇ ਹੋਰ ਕਰਤਵਾਂ ਦੀ ਪਾਲਣਾ ਕਰੇਗਾ ਜੋ ਗਰਾਮ ਪੰਚਾਇਤ ਕਿਸੇ ਆਮ ਜਾਂ ਵਿਸ਼ੇਸ਼ ਮਤੇ ਰਾਹੀਂ ਉਸ ਨੂੰ ਹਦਾਇਤ ਕਰੇ ਜਾਂ ਰਾਜ ਸਰਕਾਰ ਇਨ੍ਹਾ ਸਬੰਧੀ ਬਣਾਏ ਨਿਯਮਾਂ ਰਾਹੀਂ ਨਿਸ਼ਚਿਤ ਕਰੇ ।
- ਰਾਜ ਅਤੇ ਕੇਦਂਰ ਵੱਲੋ ਂਚਲਾਈਆਂ ਜਾ ਰਹੀਆਂ ਯੋਜਨਾਵਾਂ ਨੂੰ ਪਿੰਡ ਵਿੱਚ ਲਾਗੂ ਕਰਨਾ ।
- ਪੰਚਾਇਤੀ ਫੰਡਾਂ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਆਮਦਨ ਤੇ ਖਰਚ ਦਾ ਵੇਰਵਾ ਰੱਖਣਾ। ਗਰਾਮ ਪੰਚਾਇਤ ਦੀ ਮੀਟਿੰਗ ਤੇ ਲੋਕਾਂ ਵਿੱਚ ਪਾਰਦਰਸ਼ਤਾ ਲਿਆਉਣਾ ।
- ਉਸਾਰੀ ਦੇ ਕੰਮਾਂ ਦੀ ਗੁਣਵੱਕਤਾ ਕਾਇਮ ਰੱਖਣਾ ਅਤੇ ਕੰਮ ਖਤਮ ਹੋਣ ਤੋਂ ਇੱਕ ਮਹੀਨੇ ਅੰਦਰ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨਾ ।
- ਹਰ ਸਾਲ ਆਡਿਟ ਕਰਾਉਣਾ ।
- ਗਰਾਮ ਪੰਚਾਇਤ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ੇ ਨੂੰ ਰੋਕਣਾ । ਜੇਕਰ ਕੋਈ ਵਿਅਕਤੀ ਗੈਰ੍ਕਾਨੂੰਨੀ ਢੰਗ ਨਾਲ ਸ਼ਾਮਲਾਟ ਜ਼ਮੀਨ ਜਾਂ ਗਰਾਮ ਪੰਚਾਇਤ ਦੀ ਹੋਰ ਜਾਇਦਾਦ ਤੇ ਕਬਜ਼ਾ ਕਰਦਾ ਹੈ ਤਾਂ ਸਰਪੰਚ ਪੁਲੀਸ ਕੋਲ ਰਿਪੋਰਟ ਲਿਖਵਾਵੇਗਾ ਅਤ ਕੁਲੈਕਟਰ ਕੋਲ ਕਬਜ਼ਾ ਛੁਡਵਾਉਣ ਲਈ ਕਾਰਵਾਈ ਕਰੇਗਾ ।

**ਪ੍ਰਸ਼ਨ:24 ਗਰਾਮ ਪੰਚਾਇਤ ਦੀਆਂ ਸਥਾਈ ਕਮੇਟੀਆਂ ਬਾਰੇ ਕੁਝ ਚਾਨਣਾ ਪਾਓ ।**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 25 (1) ਅਨੁਸਾਰ ਗਰਾਮ ਪੰਚਾਇਤ ਵਿੱਚ ਮੁੱਖ ਤੌਰ ਤੇ ਤਿੰਨ ਪ੍ਰਕਾਰ ਦੀਆਂ ਸਥਾਈ ਕਮੇਟੀਆਂ ਹੁੰਦੀਆਂ ਹਨ । ਸਥਾਈ ਕਮੇਟੀਆਂ ਗਰਾਮ ਪੰਚਾਇਤ ਦਾ ਹੀ ਹਿੱਸਾ ਹੁੰਦੀਆਂ ਹਨ । ਗਰਾਮ ਪੰਚਾਇਤ ਦੇ ਮੈਬਂਰ ਇਨ੍ਹਾਂ ਕਮੇਟੀਆਂ ਦੇ ਮੈਬਂਰ ਹੁੰਦੇ ਹਨ ਅਤੇ ਲੋੜ ਪੈਣ ਤੇ ਹੋਰ ਵਿਅਕਤੀ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ । ਗਰਾਮ ਪੰਚਾਇਤ ਦੀਆਂ ਸਥਾਈ ਕਮੇਟੀਆਂ ਹੇਠ ਲਿਖੇ ਅਨੁਸਾਰ ਹਨ:

1. ਉਤਪਾਦਨ ਕਮੇਟੀ
2. ਸਮਾਜਿਕ ਇਨਸਾਫ ਕਮੇਟੀ
3. ਸੁਵਿਧਾ ਕਮੇਟੀ

ਇਨ੍ਹਾਂ ਕਮੇਟੀਆਂ ਦੀ ਪ੍ਰਧਾਨਗੀ ਸਰਪੰਚ/ਪੰਚ ਵੱਲੋਂ ਕੀਤੀ ਜਾਵੇਗੀ ।

**ਪ੍ਰਸ਼ਨ:25 ਯੋਜਨਾਬੰਦੀ ਤੋਂ ਕੀ ਭਾਵ ਹੈ?**

ਉੱਤਰ: ਯੋਜਨਾਬੰਦੀ ਵਿੱਚ ਤਿੰਨ ਪਹਿਲੂਆਂ ਨੂੰ ਸ਼ਾਮਲ ਕਰਨਾ ਹੋਵੇਗਾ:

- ਬੁਨਿਆਦੀ ਢਾਂਚੇ ਦਾ ਵਿਕਾਸ
- ਮਨੁੱਖੀ ਸਾਧਨਾਂ ਦਾ ਵਿਕਾਸ
- ਉਤਪਾਦਨ ਦੇ ਖੇਤਰ ਦਾ ਵਿਕਾਸ

**ਪ੍ਰਸ਼ਨ:26 ਪਿੰਡ ਦੀ ਵਿਕਾਸ ਯੋਜਨਾ ਕੌਣ ਤਿਆਰ ਕਰੇਗਾ?**

ਉੱਤਰ: ਪਿੰਡ ਦੀ ਵਿਕਾਸ ਯੋਜਨਾ ਬਣਾਉਣ ਦੀ ਜ਼ਿੰਮੇਵਾਰੀ ਗਰਾਮ ਪੰਚਾਇਤ ਦੀ ਹੈ ।

**ਪ੍ਰਸ਼ਨ:27 ਪਿੰਡ ਦੀ ਯੋਜਨਾ ਤਿਆਰ ਕਰਨ ਦੌਰਾਨ ਕਿਹੜੇ ਮੈਬਰਾਂ ਦਾ ਸਹਿਯੋਗ ਹੋਵੇਗਾ?**

ਉੱਤਰ: ਪਿੰਡ ਦੀ ਯੋਜਨਾ ਤਿਆਰ ਕਰਨ ਲਈ ਗਰਾਮ ਸਭਾ ਦੇ ਮੈਬਂਰ, ਸੈਲਫ ਹੈਲਪ ਗਰੁੱਪ, ਯੂਥ ਕਲੱਬ ਦੇ ਮੈਬਂਰ, ਪੰਚਾਇਤ ਮੈਬਂਰ ਅਤੇ ਦਿਹਾਤੀ ਵਿਕਾਸ ਅਤੇ ਸਬੰਧਤ ਵਿਭਾਗਾਂ ਨਾਲ ਜੁੜੇ ਅਧਿਕਾਰੀ ਆਦਿ ।

**ਪ੍ਰਸ਼ਨ:28 ਮਨੁੱਖੀ ਸੋਮਿਆਂ ਦੇ ਵਿਕਾਸ ਨੂੰ ਉਭਾਰਨ ਵਾਲੇ ਕਿਹੜੇ ਪੱਖ ਹਨ?**

ਉੱਤਰ: ਮਨੁੱਖੀ ਸੋਮਿਆਂ ਦੇ ਵਿਕਾਸ ਨੂੰ ਉਭਾਰਨ ਵਾਲੇ ਪੱਖ ਹਨ:

- ਮੁੱਢਲੀ ਸਿੱਖਿਆ
- ਸਿਹਤ ਅਤੇ ਸੰਭਾਲ
- ਸਮਾਜਿਕ ਸੁਰੱਖਿਆ ਅਤੇ ਨਿਆਂ
- ਔਰਤਾਂ ਦੀ ਭਲਾਈ ਅਤੇ ਬਾਲ ਵਿਕਾਸ
- ਰੋਜ਼ਗਾਰ **ਦੇ** ਸਾਧਨ
- ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ।

**ਪ੍ਰਸ਼ਨ:29 ਗਰਾਮ ਪੰਚਾਇਤ ਦੀ ਆਮਦਨ ਦੇ ਕੀ ਸਾਧਨ ਹੋ ਸਕਦੇ ਹਨ?**

ਉੱਤਰ: ਗਰਾਮ ਪੰਚਾਇਤ ਦੀ ਆਮਦਨ ਦੇ ਸੋਮੇ ਇਸ ਪ੍ਰਕਾਰ ਹਨ:

- ਟੈਕਸ ਅਤੇ ਕਰ ਜਿਵੇਂ ਕਿ ਚੁੱਲ੍ਹਾ ਟੈਕਸ, ਫੜ੍ਹੀ ਵਾਲੇ ਤੋਂ ਫੀਸ ਆਦਿ
- ਫੀਸਾਂ ਜਿਵੇਂ ਕਿ ਪੰਚਾਇਤੀ ਰਾਜ ਐਕਟ ਅਧੀਨ ਲਾਏ ਜਾਣ ਵਾਲੇ ਅਤੇ ਵਸੂਲ ਕੀਤੇ ਜਾਣ ਵਾਲੇ ਟੈਕਸ, ਮਹਿਸੂਲ, ਛੋਟੇ ਟੈਕਸ ਅਤੇ ਫੀਸਾਂ
- ਗਰਾਮ ਪਚੰਾਇਤਾਂ ਦੇ ਆਪਣੇ ਵਸੀਲਿਆਂ ਤੋਂ ਆਮਦਨ ਜਿਵੇਂ ਕਿ ਦੁਕਾਨਾਂ ਦਾ ਕਿਰਾਇਆ, ਜ਼ਮੀਨ ਤੋਂ ਆਮਦਨ, ਦਰਖਤਾਂ ਅਤੇ ਜੰਗਲਾਤ ਤੋਂ ਅਮਦਨ, ਛੱਪੜਾਂ ਤੋਂ ਆਮਦਨ, ਮਰੇ ਡੰਗਰਾਂ ਤੋਂ ਆਮਦਨ
- ਦਾਨ ਜਿਵੇਂ ਕਿ ਪੰਡ ਵਾਸੀਆਂ ਜਾਂ ਹੋਰ ਦਾਨੀ ਸੱਜਣਾਂ/ਸੰਸਥਾਵਾਂ ਵੱਲੋਂ ਦਾਨ
- ਗ੍ਰਾਟਾਂ ਜਿਵੇਂ ਕਿ ਕੇਦਂਰ/ਰਾਜ ਦੁਆਰਾ (14ਵੇਂ ਵਿੱਤ ਕਮਿਸ਼ਨ ਵੱਲੋਂ ਨਿਰਧਾਰਿਤ ਗ੍ਰਾਟਾਂ।

- ਫੁਟਕਲ ਸੋਮੇ ਜਿਵੇਂ ਕਿ ਗੰਦਗੀ, ਗੋਹਾ ਆਦਿ ਤੋਂ ਆਮਦਨ ।

**ਪ੍ਰਸ਼ਨ:30 ਗਰਾਮ ਪੰਚਾਇਤ ਦੇ ਖਾਤੇ ਦਾ ਰੱਖ੍ ਰਖਾਵ ਕਿਵੇਂ ਕੀਤਾ ਜਾਂਦਾ ਹੈ?**

ਉੱਤਰ: ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 96 ਅਨੁਸਾਰ ਹਰੇਕ ਗਰਾਮ ਪੰਚਾਇਤ ਦੀ ਆਮਦਨ ਅਤੇ ਖਰਚ ਦੇ ਖਾਤੇ ਨਿਸ਼ਚਿਤ ਰੂਪ ਅਤੇ ਢੰਗ ਵਿੱਚ ਰੱਖੇ ਜਾਣਗੇ।

- ਪੰਜਾਬ ਪੰਚਾਇਤੀ ਰਾਜ (ਗਰਾਮ ਪੰਚਾਇਤ) ਨਿਯਮ, 2012 ਵਿਚ ਦਿੱਤਾ ਗਿਆ ਗਰਾਮ ਪੰਚਾਇਤ ਦੇ ਖਾਤਿਆਂ ਦਾ ਢਾਂਚਾ ਹੇਠ ਲਿਖੇ ਅਨੁਸਾਰ ਹੈ:
- ਗਰਾਮ ਪੰਚਾਇਤ ਦੀ ਸਾਰੀ ਆਮਦਨ ਭਾਵੇਂ ਉਹ ਕਿਸੇ ਵੀ ਸਰੋਤ ਤੋਂ ਹੋਵੇ ਤੇ ਗਰਾਮ ਪੰਚਾਇਤ ਫੰਡ ਵਿੱਚੋਂ ਹੋਏ ਸਾਰੇ ਖਰਚਿਆਂ ਦਾ ਖਾਤਿਆਂ ਵਿੱਚ ਹਿਸਾਬ-ਕਿਤਾਬ ਰੱਖਿਆ ਜਾਵੇ ।
- ਹਰ ਮਹੀਨੇ ਦੇ ਅੰਤ ਵਿੱਚ ਬੈਕਂ ਪਾਸ ਬੁੱਕ ਦੇ ਹਰ ਪਾਸੇ ਦੇ ਇੰਦਰਾਜਾਂ ਦਾ ਜੋੜ ਕੀਤਾ ਜਾਵੇਗਾ ਅਤੇ ਬਕਾਇਆ ਕੱਢਿਆ ਜਾਵੇਗਾ ।
- ਪੰਚਾਇਤ ਸਕੱਤਰ ਫਾਰਮ ਨੰ. XXVII ਰਜਿਸਟਰ ਵਿਚ ਚੈੱਕ **ਬੁੱਕਾਂ** ਦਾ ਹਿਸਾਬ ਰੱਖੇਗਾ।
- ਆਡਿਟ ਅਤੇ ਜਾਂਚ ਪੜਤਾਲ ਨੋਟਾਂ ਲਈ ਅੱਲਗ ਤੋਂ ਫਾਰਮ ਨੰ. XXVIII ਰਜਿਸਟਰ ਵਿੱਚ ਰੱਖ ਰਖਾਵ ਕੀਤਾ ਜਾਵੇਗਾ, ਜਿਸ ਵਿੱਚ ਆਡਿਟ ਦੀ ਜਾਂਚ ਤੋਂ ਬਾਅਦ ਟਿੱਪਣੀ ਲਿਖੀ ਜਾਵੇਗੀ।
- ਫਾਰਮ ਤਿੰਨ ਵਿੱਚ ਬਾਲ ਪੈੱਨ ਨਾਲ ਦੋਹਰੀ ਪਰਤ ਵਾਲੀ ਰਸੀਦ ਤਿਆਰ ਕੀਤੀ ਜਾਵੇਗੀ।
- ਹਰ ਸਾਲ ਦੇ ਅੰਤ ਵਿੱਚ ਗਰਾਮ ਪੰਚਾਇਤ ਆਪਣਾ ਸਾਲਾਨਾ ਖਾਤਾ ਤਿਆਰ ਕਰੇਗੀ, ਜਿਸ ਵਿੱਚ ਬਜਟ ਦੇ ਹਰ ਹੈੱਡ ਅਧੀਨ ਹੋਏ ਖਰਚ ਤੇ ਆਮਦਨ ਦਾ ਹਿਸਾਬ ਕਿਤਾਬ ਹੋਵੇਗਾ ।

**ਪ੍ਰਸ਼ਨ:31 ਗਰਾਮ ਪੰਚਾਇਤ ਦੇ ਖਾਤਿਆਂ ਦਾ ਆਡਿਟ ਕਿਵੇਂ ਕੀਤਾ ਜਾਂਦਾ ਹੈ?**

ਉੱਤਰ: ਗਰਾਮ ਪੰਚਾਇਤ ਦੇ ਖਾਤਿਆਂ ਦਾ ਸਾਲ ਵਿੱਚ ਇੱਕ ਵਾਰ ਆਡਿਟ, ਆਡਿਟ ਅਥਾਰਟੀ (ਜੋ ਕਿ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੀ ਜਾਵੇਗੀ) ਦੁਆਰਾ ਕੀਤਾ ਜਾਵੇਗਾ ਅਤੇ ਆਡਿਟ ਦੀ ਕਾਪੀ ਗਰਾਮ ਪੰਚਾਇਤ, ਸਬੰਧਤ ਪੰਚਇਤ ਸੰਮਤੀ, ਜ਼ਿਲ੍ਹਾ ਪ੍ਰੀਸ਼ਦ, ਡਿਵੀਜ਼ਨਲ ਡਾਇਰੈਕਟਰ ਨੂੰ ਆਡਿਟ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਭੇਜੀ ਜਾਵੇਗੀ ।

- ਕੇਦਂਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਮਾਮਲੇ ਵਿੱਚ, ਖਾਤਿਆਂ ਦਾ ਆਡਿਟ ਚਾਰਟਿਡ ਅਕਾਊਟੈਂਟ ਜੋ ਕਿ ਸਬੰਧਤ ਜ਼ਿਲਾ ਪ੍ਰੀਸ਼ਦ ਜਾਂ ਕਿਸੇ ਹੋਰ ਏਜੰਸੀ ਦੁਆਰਾ ਸਕੀਮ ਦੀਆਂ ਹਦਾਇਤਾਂ ਅਨੁਸਾਰ ਤਿੰਨ ਸਾਲ ਤੱਕ ਦੇ ਕਾਰਜਕਾਰਲ ਲਈ ਨਿਯੁਕਤ ਕੀਤਾ ਜਾਵੇਗਾ । ਚਾਰਟਡ ਅਕਾਊਂਟੈਟਂ ਜਾ ਕਿਸੇ ਹੋਰ ਏਜੰਸੀ ਨੂੰ ਦਿੱਤੀ ਜਾਣ ਵਾਲੀ ਸਾਲਾਨਾ ਰਕਮ ਜ਼ਿਲਾ ਪ੍ਰੀਸ਼ਦ ਦੁਆਰਾ ਸਮੇਂ ਸਮੇਂ ਤੇ ਨਿਰਧਾਰਤ ਕੀਤੀ ਜਾਵੇਗੀ ।
- ਸਰਪੰਚ ਅਤੇ ਪੰਚਾਇਤ ਸਕੱਤਰ ਆਡਿਟ ਨੋਟ ਅਤੇ ਇਤਰਾਜ਼ਾ ਨੂੰ ਡੀਲ ਕਰਨਗੇ । ਉਹ ਨੋਟ ਪ੍ਰਾਪਤ ਹੋਣ ਦੇ ਇੱਕ ਹਫਤੇ ਦੇ ਅੰਦਰ ਅੰਦਰ, ਗਰਾਮ ਪੰਚਾਇਤ ਦੀ ਇੱਕ ਖਾਸ ਮੀਟਿੰਗ ਆਡਿਟ ਅਥਾਰਟੀ ਵੱਲੋਂ ਲਗਾਏ ਗਏ ਇਤਰਾਜ਼ਾਂ ਅਤੇ ਦਿੱਤੇ ਗਏ ਸੁਝਾਵਾਂ ਬਾਰੇ ਵਿਚਾਰ ਅਤੇ ਕਾਰਵਾਈ ਕਰਨ ਵਾਸਤੇ ਫੈਸਲਾ ਲੈਣ ਲਈ ਬੁਲਾਉਣਗੇ ।

**ਪ੍ਰਸ਼ਨ:32 ਸ਼ਾਮਲਾਟ ਜ਼ਮੀਨ ਦੀ ਸੰਭਾਲ ਕਿਸ ਤਰ੍ਹਾਂ ਕੀਤੀ ਜਾਵੇ?**

ਉੱਤਰ: ਸ਼ਾਮਲਾਟ ਜ਼ਮੀਨ ਦੀ ਸੰਭਾਲ ਕਰਨ ਦੀ ਜ਼ਿੰਮੇਵਾਰ ਸਰਪੰਚ ਦੀ ਰਹਿਨੁਮਾਈ ਹੇਠ ਸਮੁੱਚੀ ਪੰਚਾਇਤ ਦੀ ਹੈ ।ਪੰਚਾਇਤ ਸਮੇਂ ਸਮੇਂ ਸਿਰ ਇਸ ਨੂੰ ਖੁੱਲ੍ਹੀ ਬੋਲੀ ਰਾਹੀਂ ਠੇਕੇ ਤੇ ਦੇ ਸਕਦੀ ਹੈ ਜਾਂ ਉਸ ਵਿੱਚ ਜੰਗਲਾਤ ਆਦਿ ਲਾ ਕੇ ਉਸ ਦੀ ਸੁਚੱਜੀ ਵਰਤੋਂ ਕਰ ਸਕਦੀ ਹੈ ।

- ਗਰਾਮ ਪੰਚਾਇਤ ਆਪਣੀਆਂ ਜ਼ਮੀਨਾਂ ਸਰਕਾਰ ਦੀ ਪ੍ਰਵਾਨਗੀ ਨਾਲ 33 ਸਾਲ ਦੇ ਲੰਬੇ ਅਰਸੇ ਲਈ ਲੀਜ਼ ਤੇ ਦੇ ਸਕਦੀ ਹੈ ।ਗਰਾਮ ਪੰਚਾਇਤ ਨਿਯਮਾਂ ਅਨੁਸਾਰ ਨਿਰਧਾਰਤ ਕੰਮਾਂ ਲਈ ਦਾਨ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਦੇ ਸਕਦੀ ਹੈ।

**ਪ੍ਰਸ਼ਨ:33 ਜੇ ਪੰਚਾਇਤ ਦੀ ਜ਼ਮੀਨ ਤੇ ਕੋਈ ਕਬਜ਼ਾ ਕਰ ਲੈਦਾਂ ਹੈ ਤਾਂ ਪੰਚਾਇਤ ਕੀ ਕਰੇ?**

ਉੱਤਰ: ਜੇਕਰ ਗਰਾਮ ਪੰਚਾਇਤ ਦੀ ਜ਼ਮੀਨ ਤੇ ਕਿਸੇ ਕਿਸਮ ਦਾ ਕਬਜ਼ਾ ਹੋ ਜਾਂਦਾ ਹੈ ਤਾਂ ਵਿਲੇਜ ਕਾਮਨ ਲੈਡਂ ਐਕਟ 1961 ਦੀ ਧਾਰਾ 7 ਦੇ ਅਧੀਨ ਪੰਚਾਇਤ, ਕੁਲੈਕਟਰ (ਡੀ.ਡੀ.ਪੀ.ਓ.) ਦੀ ਅਦਾਲਤ ਵਿੱਚ ਕੇਸ ਕਰਕੇ ਕਬਜ਼ਾ ਲੈ ਸਕਦੀ ਹੈ । ਜੇਕਰ ਮਾਲਕੀ ਦਾ ਝਗੜਾ ਹੋਵੇ ਤਾਂ ਸੈਕਸ਼ਨ 11 ਤਹਿਤ ਕੁਲੈਕਟਰ ਭਾਵ ਏ.ਡੀ.ਸੀ/ਡਿਪਟੀ ਡਾਇਰੈਕਟਰ ਕੋਲ ਕੇਸ ਦਾਇਰ ਕੀਤਾ ਜਾ ਸਕਦਾ ਹੈ । ਨਾਜਾਇਜ਼ ਕਾਬਜ਼ ਪਾਸੋ 20 ਗੁਣਾਂ ਜੁਰਮਾਨਾਂ ਵਸੂਲ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਧਾਰਾ 13-ਏ ਤਹਿਤ 2 ਸਾਲ ਦੀ ਕੈਦ ਵੀ ਹੋ ਸਕਦੀ ਹੈ । ਇਨ੍ਹਾਂ ਕੇਸਾਂ ਦੀ ਅਪੀਲ ਕਮਿਸ਼ਨਰ (ਡਾਇਰੈਕਟਰ ਜਾਂ ਸੰਯੁਕਤ ਵਿਕਾਸ ਕਮਿਸ਼ਨਰ ਪੰਚਾਇਤ) ਕੋਲ ਕੀਤੀ ਜਾ ਸਕਦੀ ਹੈ ।

**ਪ੍ਰਸ਼ਨ:34 ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨਾਂ ਤੋਂ ਕੀ ਭਾਵ ਹੈ?**

ਉੱਤਰ: ਪੂਰਬੀ ਪੰਜਾਬ ਜੋਤਾ (ਚੱਕਬੰਦੀ ਅਤੇ ਜੋਤਾ ਦੇ ਟੁਕੜੇ ਹੋਣ ਤੇ ਰੋਕ) ਐਕਟ 1948 ਤਹਿਤ ਮੁਰੱਬਾਬੰਦੀ ਵੇਲੇ ਪਿੰਡ ਦੇ ਮਾਲਕਾਂ ਦੀਆਂ ਜ਼ਮੀਨਾਂ ਵਿੱਚੋਂ prorate ਕੱਟ ਲਗਾ ਕੇ ਕੁਝ ਜ਼ਮੀਨਾਂ ਸਾਂਝੇ ਕੰਮਾਂ ਲਈ ਰੱਖੀਆਂ ਸਨ । ਇਨ੍ਹਾਂ ਜ਼ਮੀਨਾਂ ਦੀ ਸਾਂਭ-ਸੰਭਾਲ ਅਤੇ ਦੇਖ ਰੇਖ ਪਿੰਡ ਦੀ ਸਾਂਝੀ ਸੰਸਥਾ ਗਰਾਮ ਪੰਚਾਇਤ ਕੋਲ ਹੈ । ਇਸ ਐਕਟ ਦੀ ਧਾਰਾ 42ਏ ਅਧੀਨ ਇਹ ਜ਼ਮੀਨਾਂ ਹੋਰ ਕੋਈ ਵੀ ਕਾਨੂੰਨ ਜੋ ਇਸ ਸਮੇਂ ਲਾਗੂ ਹੋਵੇ ਜਾਂ ਕਿਸੇ ਫੈਸਲੇ, ਹੁਕਮ/ਡਿਕਰੀ ਜਾਂ ਕਿਸੇ ਅਦਾਲਤ ਦੇ ਫੈਸਲੇ ਜਾਂ ਕਿਸੇ ਅਫਸਰ ਜਾਂ ਅਥਾਰਟੀ ਦੇ ਹੁਕਮ ਦੇ ਬਾਵਜੂਦ ਵੱਖ ਵੱਖ ਮੰਤਵਾਂ ਲਈ ਜੋ ਚੱਕਬੰਦੀ ਸਕੀਮਾਂ ਵਿੱਚ ਦਰਜ ਹਨ ਜਾਂ ਨਹੀਂ, ਰਾਖਵੀਂ ਰੱਖੀ ਗਈ ਜ਼ਮੀਨ ਪਿੰਡ ਦੇ ਮਾਲਕਾਂ ਵਿੱਚ ਨਹੀਂ ਵੰਡੀ ਜਾਵੇਗੀ ਅਤੇ ਇਹ ਸਾਂਝੇ ਮੰਤਵਾਂ ਲਈ ਵਰਤੀ ਜਾਵੇਗੀ ਅਤੇ ਵਰਤੀ ਜਾਂਦੀ ਰਹੇਗੀ ।

**ਪ੍ਰਸ਼ਨ:35 ਗਰਾਮ ਪੰਚਾਇਤ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਕੀ ਹੈ?**

ਉੱਤਰ: ਪੰਚਾਇਤ ਸਕੱਤਰ ਹਰ ਸਾਲ ਲੰਘੇ ਵਿੱਤੀ ਵਰ੍ਹੇ ਦੌਰਾਨ ਕੀਤੇ ਗਏ ਅਹਿਮ ਕੰਮ ਅਤੇ ਉਨ੍ਹਾਂ ਦਾ ਲੇਖਾ੍ਜੋਖਾ 30 ਅਪ੍ਰੈਲ ਤੱਕ ਤਿਆਰ ਕਰੇਗਾ ਅਤੇ ਗਰਾਮ ਪੰਚਾਇਤ ਤੋਂ ਪਾਸ ਕਰਵਾਉਣ ਉਪਰੰਤ ਪੰਚਾਇਤ ਸਮਿਤੀ ਨੂੰ ਭੇਜੇਗਾ । ਇਹ ਲੇਖਾ੍ ਜੋਖਾ ਗਰਾਮ ਸਭਾ ਦੀ ਹਾੜ੍ਹੀ ਦੀ ਮੀਟਿੰਗ ਵਿੱਚ ਵੀ ਰੱਖਿਆ ਜਾਵੇਗਾ ।

**ਪ੍ਰਸ਼ਨ:36 ਕੀ ਗਰਾਮ ਪੰਚਾਇਤ ਉਧਾਰ ਲੈ ਸਕਦੀ ਹੈ?**

ਉੱਤਰ: ਜੀ ਹਾਂ, ਪੰਜਾਬ ਪੰਚਾਇਤੀ (ਗਰਾਮ ਪੰਚਾਇਤ) ਨਿਯਮ 2012 ਦੇ ਨਿਯਮ 33 ਤਹਿਤ ਬੈਕਂ ਡਰਾਫਟ, ਚੈੱਕ ਜਾਂ ਬੈਕਂਰ ਚੈੱਕ ਰਾਹੀਂ (ਜੋ ਕਿ ਗਰਾਮ ਪੰਚਾਇਤ ਦੇ ਨਾਮ ਤੇ ਅਦਾਇਗੀਯੋਗ) ਹੋਵੇ ਰਾਹੀਂ ਉਧਾਰ ਲੈ ਸਕਦੀ ਹੈ । ਇਸ ਮੰਤਵ ਲਈ 20 ਹਜ਼ਾਰ ਰੁਪਏ ਤੱਕ ਉਧਾਰ ਲਈ ਪੰਚਾਇਤ ਸੰਮਤੀ ਅਤੇ ਇਸ ਤੋਂ ਉੱਪਰ ਦੀ ਰਕਮ ਲਈ ਜ਼ਿਲ੍ਹਾ ਪ੍ਰੀਸ਼ਦ ਤੋਂ ਪ੍ਰਵਾਨਗੀ ਲਈ ਜਾਣੀ ਬਣਦੀ ਹੈ ।

**ਪ੍ਰਸ਼ਨ:37** **ਪੰਚਾਇਤਾਂ ਦੇ ਕੰਮਾਂ ਦਾ ਨਿਰੀਖਣ ਕੌਣ ਕਰ ਸਕਦਾ ਹੈ?**

ਉੱਤਰ: ਪੰਚਾਇਤਾਂ ਦਾ ਨਰੀਖਣ ਸਮਾਜਿਕ ਸਿੱਖਿਆ ਅਫਸਰ/ਪੰਚਾਇਤ ਅਫਸਰ, ਡਾਇਰੈਕਟਰ ਜਾਂ ਕੋਈ ਹੋਰ ਅਫਸਰ ਜੋ ਬੀ.ਡੀ.ਪੀ.ਓ. ਦੇ ਰੈਂਕ ਤੋਂ ਘੱਟ ਨਾ ਹੋਵੇ, ਮੁੱਖ ਕਰਜਕਾਰੀ ਅਫਸਰ/ਉਪ ਮੁੱਖ ਕਾਰਜਕਾਰੀ ਅਫਸਰ, ਜਿਲਾ ਪ੍ਰੀਸ਼ਦ ਜਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸਮਿਤੀ ਜਾਂ ਕੋਈ ਹੋਰ ਅਧਿਕਾਰੀ ਜੋ ਕਿ ਸਰਕਾਰ ਵਲੋਂ ਨਿਰਧਾਰਿਤ ਕੀਤੇ ਗਏ ਹੋਣ, ਗਰਾਮ ਪੰਚਾਇਤ ਦੇ ਕੰਮ ਦਾ ਨਿਰੀਖਣ ਕਰ ਸਕਦੇ ਹਨ ਅਤੇ ਉਹ ਆਪਣੀਆਂ ਟਿੱਪਣੀਆਂ ਫਾਰਮ ਨੰ: 29 (ਨਿਰੀਖਣ ਰਜਿਸਟਰ) ਵਿੱਚ ਦਰਜ ਕਰਨਗੇ।

**ਪ੍ਰਸ਼ਨ:38** **ਸਰਪੰਚ/ਪੰਚ ਕਿਹੜੇ ਕਾਰਨਾਂ ਕਰਕੇ ਆਪਣੇ ਅਹੁਦੇ ਤੋਂ ਮੁਲਤਵੀ ਕੀਤਾ ਜਾਂ ਹਟਾਇਆ ਜਾ ਸਕਦਾ ਹੈ?**

ਉੱਤਰ: ਸਰਪੰਚ/ਪੰਚ ਡਾਇਰੈਕਟਰ ਵਲੋਂ ਪੜਤਾਲ ਕਰਨ ਉਪਰੰਤ ਹੇਠਂ ਲਿਖੇ ਕਾਰਨਾ ਕਰਕੇ ਹਟਾਇਆ ਜਾ ਸਕਦਾ ਹੈ:-

- ਜਿਹੜਾ ਕੰਮ ਕਰਨ ਤੋਂ ਇਨਕਾਰ ਕਰੇ ਜਾਂ ਕੰਮ ਕਰਨ ਦੇ ਯੋਗ ਨਾ ਰਹਿਣ ਤੇ।
- ਜਿਹੜਾ ਸਰੰਪਚ ਹੁੰਦਿਆਂ ਬਿਨਾਂ ਕਿਸੇ ਉਚਿਤ ਕਾਰਨ ਦੇ ਗਰਾਮ ਸਭਾ ਦੀਆਂ ਲਗਾਤਾਰ 2 ਮਹੀਨੇ ਮੀਟਿੰਗਾਂ ਨਹੀਂ ਬੁਲਾਉਦਾਂ।
- ਜਿਹੜਾ ਗਰਾਮ ਪੰਚਾਇਤ ਦੀਆਂ ਮੀਟਿੰਗਾਂ ਤੋਂ ਲਗਾਤਾਰ 2 ਮਹੀਨਿਆਂ ਤੋਂ ਵੱਧ ਸਮੇਂ ਲਈ ਬਿਨਾਂ ਕਿਸੇ ਉਚਿਤ ਕਾਰਨ ਤੋਂ ਗੈਰਹਾਜ਼ਰ ਰਹਿੰਦਾ ਹੈ ।
- ਜਿਹੜਾ ਆਪਣੇ ਅਹੁਦੇ ਦੀ ਮੌਜੂਦਾ ਮਿਆਦ ਜਾਂ ਉਸ ਤੋਂ ਤੁਰੰਤ ਪਹਿਲੀ ਮਿਆਦ ਵਿੱਚ ਡਾਇਰੈਕਟਰ ਦੀ ਰਾਏ ਵਿਚ ਆਪਣੇ ਫਰਜ਼ਾਂ ਦੀ ਪਾਲਣਾ ਵਿੱਚ ਕਿਸੇ ਕੋਤਾਹੀ ਦਾ ਦੋਸ਼ੀ ਹੋਵੇ ।
- ਜਿਸ ਦਾ ਅਹੁਦੇ ਤੇ ਬਣਿਆ ਰਹਿਣਾ ਲੋਕ ਹਿੱਤ ਵਿੱਚ ਨਾ ਹੋਵੇ ।
- ਧਾਰਾ 208 ਵਿਚ ਦਰਜ ਅਯੋਗਤਾਵਾਂ ਵਿਚ ਆਉਂਦਾ ਹੋਵੇ।

**ਪ੍ਰਸ਼ਨ:39** **ਜੇਕਰ ਸਰਪੰਚ ਲਗਾਤਾਰ ਦੋ ਗਰਾਮ ਸਭਾ ਦੇ ਇਜਲਾਸ ਨਹੀਂ ਕਰਦਾ ਤਾਂ ਕੀ ਸਿੱਟਾ ਹੋ ਸਕਦਾ ਹੈ?**

ਉੱਤਰ: ਜੇਕਰ ਸਰਪੰਚ ਲਗਾਤਾਰ ਦੋ ਗਰਾਮ ਸਭਾ ਇਜਲਾਸ ਨਹੀਂ ਕਰਦਾ ਤਾਂ ਉਹ ਆਪਣੇ ਆਪ ਆਪਣੇ ਅਹੁਦੇ ਤੋਂ ਸੀਜ਼ ਸਮਝਿਆ ਜਾਵੇਗਾ । ਇਸ ਸਬੰਧੀ ਬੀ.ਡੀ.ਪੀ.ਓ. ਡਾਇਰੈਕਟਰ ਨੂੰ ਇਤਲਾਹ ਕਰੇਗਾ ।

**ਪ੍ਰਸ਼ਨ:40** **ਸਰਪੰਚ ਵਲੋਂ ਵਿਕਾਸ ਦੇ ਕੰਮ ਕਰਵਾਉਦੇਂ ਸਮੇਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?**

ਉਤਰ: ਕੀਤੇ ਜਾਣ ਵਾਲੇ ਕੰਮ ਜੀ.ਪੀ.ਡੀ. ਦਾ ਹਿੱਸਾ ਹੋਣਾ ਚਾਹੀਦਾ ਹੈ ਅਤੇ ਗਰਾਮ ਸਭਾ ਵਲੋਂ ਪਾਸ ਹੋਣੇ ਚਾਹੀਦੇ ਹਨ ।

- ਕੰਮ ਕਰਨ ਲਈ ਮੁਕੰਮਲ ਰਾਸ਼ੀ ਦਾ ਬੰਦੋਬਸਤ ਹੋਣਾ ਚਾਹੀਦਾ ਹੈ ।
- ਕੰਮ ਦੀ ਤਕਨੀਕੀ ਪ੍ਰਵਾਨਗੀ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਹੋਣੀ ਚਾਹੀਦੀ ਹੈ ।
- ਕੀਤੇ ਜਾਣ ਵਾਲੇ ਕੰਮ ਦਾ ਨਕਸ਼ਾ ਵਿਸਥਾਰ ਤਖ਼ਮੀਨਾ ਸਮਰੱਥ ਅਧਿਕਾਰੀ ਪਾਸੋਂ ਪਾਸ ਹੋਣਾ ਚਾਹੀਦਾ ਹੈ ।
- ਸਾਮਾਨ ਦੀ ਖਰੀਦ ਨਿਰਧਾਰਤ ਕਮੇਟੀ ਵਲੋਂ ਬਾਜ਼ਾਰ ਵਿੱਚੋਂ ਘੱਟੋ ਘੱਟ ਰੇਟ ਜਾਂ ਸਰਕਾਰ ਵਲੋਂ ਪ੍ਰਵਾਨਿਤ ਰੇਟਾਂ ਤੇ ਕੀਤੀ ਜਾਣੀ ਚਾਹੀਦੀ ਹੈ ।
- ਖਰੀਦਿਆ ਜਾਣ ਵਾਲਾ ਸਾਮਾਨ ਸਰਕਾਰ ਵਲੋਂ ਨਿਰਧਾਰਤ ਮਿਆਰ ਤੇ ਖਰਾ ਉਤਰਨਾ ਚਾਹੀਦਾ ਹੈ ।

**ਪ੍ਰਸ਼ਨ:41 ਜੇਕਰ ਸਰਪੰਚ/ਪੰਚ ਪੰਚਾਇਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਸ ਦੀ ਭਰਪਾਈ ਕਿਵੇਂ ਕੀਤੀ ਜਾਵੇਗੀ?**

ਉਤਰ: ਜੇਕਰ ਕੋਈ ਸਰਪੰਚ ਜਾਂ ਪੰਚ ਪੰਚਾਇਤ ਨੂੰ ਕੋਈ ਨੁਕਸਾਨ ਜਾਂ ਗਬਨ ਆਦਿ ਕਰਦਾ ਹੈ ਤਾਂ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਉਸ ਨੂੰ ਸੁਣਵਾਈ ਦਾ ਮੌਕਾ ਦੇਣ ਉਪਰੰਤ ਲਿਖਤੀ ਰੂਪ ਵਿੱਚ ਬਣਦੀ ਰਕਮ ਅਸੈਸ ਕਰ ਸਕਦਾ ਹੈ । ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੇ ਇਨ੍ਹਾਂ ਹੁਕਮਾਂ ਦੇ ਖਿਲਾਫ 30 ਦਿਨਾਂ ਦੇ ਅੰਦਰ ਅੰਦਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਕੋਲ ਅਪੀਲ ਕੀਤੀ ਜਾ ਸਕਦੀ ਹੈ ।ਜੇਕਰ ਅਜਿਹੇ ਕਿਸੇ ਵੀ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਵਾਰਿਸਾਂ ਪਾਸੋਂ ਇਹ ਰਕਮ ਵਸੂਲੀ ਜਾ ਸਕਦੀ ਹੈ ।

**ਪ੍ਰਸ਼ਨ:42 ਪੰਜਾਬ ਪੰਚਾਇਤੀ ਰਾਜ ਐਕਟ ਕਦੋਂ ਲਾਗੂ ਹੋਇਆ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ 21 ਅਪ੍ਰੈਲ, 1994 ਨੂੰ ਲਾਗੂ ਹੋਇਆ।

**ਪ੍ਰਸ਼ਨ:43 ਪੰਚਾਇਤ ਦਾ ਖਾਤਾ ਕੌਣ ਉਪਰੇਟ ਕਰਦਾ ਹੈ?**

ਉਤਰ: ਪੰਚਾਇਤ ਦਾ ਖਾਤਾ (ਮਤਾ ਪਾਸ ਕਰਨ ਉਪਰੰਤ) ਸਰਪੰਚ ਅਤੇ ਗਰਾਮ ਪੰਚਾਇਤ ਵਲੋਂ ਨਾਮਜ਼ਦ ਕੋਈ ਇਕ ਪੰਚ, ਪੰਚਾਇਤ ਸੈਕਟਰੀ 25 ਹਜ਼ਾਰ ਰੁਪਏ ਤੱਕ ਦੀ ਰਕਮ ਕਢਾਉਣ ਲਈ ਅਤੇ ਇਸ ਤੋਂ ਉੱਪਰ ਰਕਮ ਕਢਾਉਣ ਲਈ ਸਰਪੰਚ, ਪੰਚਾਇਤ ਸੈਕਟਰੀ, ਬੀ.ਡੀ.ਪੀ.ਓ. ਓਪਰੇਟ ਕਰਦਾ ਹੈ।

**ਪ੍ਰਸ਼ਨ:44 ਪੰਜਾਬ ਪੰਚਾਇਤੀ ਰਾਜ ਐਕਟ ਵਿੱਚ ਕੁੱਲ ਕਿੰਨੀਆਂ ਧਾਰਾਵਾਂ ਹਨ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ ਵਿੱਚ 228 ਧਾਰਾਵਾਂ ਹਨ ।

**ਪ੍ਰਸ਼ਨ:45 ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਚੋਣ ਕੌਣ ਕਰਵਾਉਦਾਂ ਹੈ?**

ਉਤਰ: ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਚੋਣ, ਰਾਜ ਚੋਣ ਕਮਿਸ਼ਨ ਕਰਵਾਉਦਾਂ ਹੈ।

**ਪ੍ਰਸ਼ਨ:46 ਸਰਪੰਚ ਆਪਣੇ ਹੱਥ ਵਿੱਚ ਕਿੰਨੀ ਰਕਮ ਰੱਖ ਸਕਦਾ ਹੈ?**

ਉਤਰ: ਸਰਪੰਚ ਆਪਣੇ ਹੱਥ ਵਿੱਚ 5 ਹਜ਼ਾਰ ਰੁਪਏ ਰੱਖ ਸਕਦਾ ਹੈ ਅਤੇ ਇਸ ਤੋਂ ਵੱਧ ਰੁਪਏ ਰੱਖਣ ਲਈ ਉਸ ਨੂੰ ਵਿਆਜ ਸਮੇਤ ਜਮ੍ਹਾਂ ਕਰਵਾਉਣੀ ਪਵੇਗੀ ।

**ਪ੍ਰਸ਼ਨ:47 ਗਰਾਮ ਪੰਚਾਇਤ ਦੇ ਮਤੇ ਨੂੰ ਕੌਣ ਰੱਦ ਕਰ ਸਕਦਾ ਹੈ?**

ਉਤਰ: ਗਰਾਮ ਪੰਚਾਇਤ ਦੇ ਮਤੇ ਨੂੰ ਰੱਦ ਕਰਨ ਦਾ ਅਧਿਕਾਰ ਡਾਇਰੈਕਟਰ, ਪੰਚਾਇਤ ਕੋਲ ਹੈ । ਐਮਰਜੰਸੀ ਹਾਲਾਤ ਵਿੱਚ ਡਿਪਟੀ ਕਮਿਸ਼ਨਰ ਮਤੇ ਨੂੰ ਸਸਪੈਂਡ ਕਰਦੇ ਹੋਏ ਇਸ ਦੀ ਰਿਪੋਰਟ ਡਾਇਰੈਕਟਰ ਨੂੰ ਕਰੇਗਾ।

**ਪ੍ਰਸ਼ਨ:48 ਕੀ ਗਰਾਮ ਪੰਚਾਇਤ ਨਸ਼ਿਆਂ ਤੇ ਰੋਕ ਲਗਾ ਸਕਦੀ ਹੈ?**

ਉਤਰ: ਗਰਾਮ ਪੰਚਾਇਤ ਆਪਣੇ ਕੁਲ ਪੰਚਾਂ ਵਿੱਚੋਂ ਦੋ ਤਿਹਾਈ ਪੰਚਾਂ ਨਾਲ ਮਤਾ ਪਾਸ ਕਰਕੇ ਇਹ ਫੈਸਲਾ ਕਰ ਸਕਦੀ ਹੈ ਕਿ ਗਰਾਮ ਪੰਚਾਇਤ ਦੇ ਏਰੀਏ ਵਿੱਚ ਕੋਈ ਵੀ ਨਸ਼ਾ, ਸ਼ਰਾਬ ਆਦਿ ਨਾ ਵੇਚੀ ਜਾਵੇ ਅਤੇ ਇਹ ਮਤਾ ਐਕਸਾਈਜ਼ ਟੈਕਸੇਸ਼ਨ ਵਿਭਾਗ, ਪੰਜਾਬ ਨੂੰ ਪਹੁੰਚਾਉਣਾ ਹੋਵੇਗਾ।

**ਪ੍ਰਸ਼ਨ:49 ਜੇ ਪੰਚਾਇਤ ਦਾ ਹੋਰ ਸਥਾਨਕ ਸੰਸਥਾਵਾਂ ਨਾਲ ਝਗੜਾ ਹੋ ਜਾਂਦਾ ਹੈ ਤਾਂ ਉਸ ਦਾ ਕੀ ਹੱਲ ਹੈ?**

ਉਤਰ: ਜੇਕਰ ਪੰਚਾਇਤ ਜਾਂ ਹੋਰ ਸਥਾਨਕ ਸਰਕਾਰਾਂ ਵਿੱਚ ਕੋਈ ਝਗੜਾ ਹੋ ਜਾਂਦਾ ਹੈ ਤਾਂ ਪੰਚਾਇਤੀ ਰਾਜ ਐਕਟ ਦੀ ਧਾਰਾ 215 ਤਹਿਤ ਨਾਮਜ਼ਦ ਅਧਿਕਾਰੀ (ਨਿਯਮ 40 ਤਹਿਤ ਡਿਪਟੀ ਕਮਿਸ਼ਨਰ) ਵੱਲੋਂ ਦਿੱਤਾ ਗਿਆ ਫੈਸਲਾ ਅੰਤਮ ਹੋਵੇਗਾ ਅਤੇ ਕਿਸੇ ਵੀ ਅਦਾਲਤ ਵਿੱਚ ਉਠਾਇਆ ਨਹੀਂ ਜਾ ਸਕਦਾ।

**ਪ੍ਰਸ਼ਨ:50 ਕਿਨ੍ਹਾਂ ਕਾਰਨਾਂ ਕਰਕੇ ਕਿਸੇ ਪੰਚਾਇਤ ਮੈਬੰਰ ਨੂੰ ਅਯੋਗ ਠਹਿਰਾਇਆ ਜਾ ਸਕਦਾ ਹੈ?**

ਉਤਰ: ਪੰਜਾਬ ਪੰਚਾਇਤੀ ਰਾਜ ਐਕਟ ਦੀ ਧਾਰਾ 208

- ਵਿਧਾਨ ਸਭਾ ਦੀ **ਚੋਣ** ਲਈ **ਅਯੋਗ** ਠਹਿਰਾਇਆ ਗਿਆ **ਹੋਵੇ**।
- ਪੰਚਾਇਤ ਚੋਣਾਂ ਵਿੱਚ ਗਲਤ ਢੰਗ ਵਰਤੇ ਜਾਣਾ ਸਾਬਤ ਹੋਵੇ ।
- Moral Turpiputie ਦੇ ਤਹਿਤ ਸਜ਼ਾ ।
- ਕਿਸੇ ਚੋਣ ਦੋਸ਼ ਵਿੱਚ **ਸਜਾ** ਦਾ ਹੋਣਾ ।
- ਦਫਾ 110 ਸੀ.ਪੀ.ਸੀ. ਤਹਿਤ ਉਹ **ਵਿਅਕਤੀ** ਜਿਸਨੂੰ ਚੰਗੇ ਆਰਚਣ ਲਈ ਸਕਿਉਰਿਟੀ ਦੇਣ ਵਾਸਤੇ ਹੁਕਮ ਕੀਤੇ ਹੋਣ।
- ਕਿਸੇ ਸਰਕਾਰੀ ਜਾਂ ਸਥਾਨਕ ਸਰਕਾਰ ਜਾਂ ਕੋਆਪਰੇਟਿਵ ਸੋਸਾਇਟੀ ਦਾ ਪੱਕਾ ਮੁਲਾਜ਼ਮ ਹੋਵੇ ।
- ਪੰਚਾਇਤ ਵਲੋਂ ਲਾਏ ਗਏ ਕਿਸੇ ਵੀ ਕਰ ਦੇ ਬਕਾਏ ਦੀ ਅਦਾਇਗੀ ਨਾ ਕੀਤੀ ਹੋਵੇ।
- ਕਿਸੇ ਸਥਾਨਕ ਸਰਕਾਰ ਦੀ ਜਾਇਦਾਦ ਤੇ ਨਜਾਇਜ਼ ਕਬਜ਼ਾ।
- ਨਿਰਧਾਰਤ ਰਕਮ ਤੋਂ ਵੱਧ ਰਕਮ ਰੱਖਣ ਵਾਲਾ ਸਰਪੰਚ ।
- ਐਮ.ਐਲ.ਏ., ਐਮ.ਪੀ. ਹੋਵੇ।
- ਪੰਚ ਜਾਂ ਸਰਪੰਚ ਜਿਸ ਨੇ ਆਪਣਾ ਚਾਰਜ ਨਾ ਦਿੱਤਾ ਹੋਵੇ ।